ਜੀਵਨ ਸੰਗਰਾਮ

ਗ਼ਦਰੀ ਬਾਬਾ ਪਾਲਾ ਸਿੰਘ ਢੁੱਡੀਕੇ



ਹਰੀ ਸਿੰਘ ਢੁਡੀਕੇ

ਜੀਵਨ ਸੰਗਰਾਮ

(ਗ਼ਦਰੀ ਬਾਬਾ ਪਾਲਾ ਸਿੰਘ ਢੁੱਡੀਕੇ)

ਇਸੇ ਕਲਮ ਤੋਂ:

1. ਕੰਡੇਦਾਰ ਝਾੜੀਆਂ (ਨਾਵਲ)
2. ਸ਼ੂਕਦਾ ਦਰਿਆ (ਨਾਵਲ)
3. ਜ਼ਿੰਦਗੀ ਜਿਊਣਾ ਲੋੜਦੀ ਹੈ (ਨਾਵਲ)
4. ਹਿੰਮਤੀ ਬੱਚੇ (ਬਾਲ–ਨਾਵਲ)
5. ਕੋਟਲਾ ਛਪਾਕੀ (ਬਾਲ ਕਾਵਿ-ਸੰਗ੍ਰਹਿ)
6. ਗ਼ਦਰੀ ਸੂਰਬੀਰ – (ਇਤਿਹਾਸਕ ਨਾਵਲ)

ਜੀਵਨ ਸੰਗਰਾਮ

(ਗ਼ਦਰੀ ਬਾਬਾ ਪਾਲਾ ਸਿੰਘ ਢੁੱਡੀਕੇ)

ਹਰੀ ਸਿੰਘ ਢੁੱਡੀਕੇ

5 ਆਬ
ਪ੍ਰਕਾਸ਼ਨ, ਜਲੰਧਰ

Jiwan Sangram

(Gadari Baba Pala Singh Dhudike)

by

Hari Singh Dhudike
V.P.O. Dhudike
Teh. + Distt. Moga (Punjab)
Mob- 94178-55876

ISBN : 978-93-82413-51-6

ਪਹਿਲੀ ਵਾਰ: 2013

ਮੁੱਲ: 100 ਰੁਪਏ

ਪੰਜ ਆਬ ਪ੍ਰਕਾਸ਼ਨ
1, 2-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਫ਼ੋਨ: 98140-87063
5aabparkashan@gmail.com, www. 5aabparkashan.com

ਟਾਈਪ ਸੈਟਿੰਗ : ਵੈਕ ਕੰਪਿਊਟਰਜ਼ ਜਲੰਧਰ, ਫ਼ੋਨ : 98140-87063

ਪ੍ਰਿੰਟਰਜ਼: 5ਆਬ ਪ੍ਰਿੰਟਰਜ਼, ਜਲੰਧਰ

ਦੇਸ਼ ਦੀ
ਨੌਜਵਾਨ ਪੀੜ੍ਹੀ
ਦੇ
ਨਾਮ

ਤਰਤੀਬ

ਦੋ ਸ਼ਬਦ ਮੇਰੇ ਵੱਲੋਂ

ਪਿੰਡ ਢੁੱਡੀਕੇ ਵਿਖੇ ਹਰ ਸਾਲ ਗ਼ਦਰੀ ਬਾਬਿਆਂ ਦਾ ਮੇਲਾ ਮਨਾਇਆ ਜਾਂਦਾ ਹੈ। ਢੁੱਡੀਕੇ ਗ਼ਦਰ ਪਾਰਟੀ ਦਾ ਸਬ ਸੈਂਟਰ ਸੀ ਤੇ ਇਹ ਬਾਰਾਂ ਗ਼ਦਰੀ ਦੇਸ਼ ਭਗਤਾਂ ਦੀ ਜਨਮ ਭੂਮੀ ਹੈ। ਢੁੱਡੀਕੇ ਕਮੇਟੀ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਗ਼ਦਰੀਆਂ ਬਾਰੇ ਭਰਪੂਰ ਜਾਣਕਾਰੀ ਵਾਲਾ ਰੰਗਦਾਰ ਸੋਵੀਨਰ ਵੀ ਕੱਢਿਆ ਜਾ ਰਿਹਾ ਹੈ ਜਿਸ ਦੀ ਮੁੱਖ ਜ਼ਿੰਮੇਵਾਰੀ ਮੇਰੀ ਰਹੀ। ਸੋਵੀਨਰ ਤਿਆਰ ਕਰਨ ਲਈ ਮੈਨੂੰ ਗ਼ਦਰ ਪਾਰਟੀ ਦਾ ਇਤਿਹਾਸ ਪੜ੍ਹਨ ਤੇ ਘੋਖਣ ਦਾ ਸਮਾਂ ਮਿਲ ਗਿਆ। ਗ਼ਦਰ ਪਾਰਟੀ ਦਾ ਇਤਿਹਾਸ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਭਾਰਤ ਦੇ ਅਜ਼ਾਦੀ ਸੰਗਰਾਮ ਦਾ ਅਸਲੀ ਇਤਿਹਾਸ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਪਿਆ ਹੈ। ਅਜ਼ਾਦੀ ਸੰਗਰਾਮ ਦਾ ਇਹ ਅਣਗੌਲਿਆ ਪੱਖ ਹੈ ਜਿਹੜਾ ਕਿ ਹਰ ਹਾਲਤ ਵਿੱਚ ਲੋਕਾਂ ਤੱਕ ਪੁੱਜਣਾ ਚਾਹੀਦਾ ਹੈ। ਗ਼ਦਰੀ ਬਾਬੇ ਭਾਰਤ ਦੇ ਅਸਲੀ ਦੇਸ਼ ਭਗਤ ਸਨ ਜਿਹੜੇ ਕੁਰਬਾਨੀਆਂ ਦੇ ਕੇ ਇਸ ਦੁਨੀਆਂ ਤੋਂ ਚਲੇ ਗਏ ਪਰ ਕੀ ਦੇਸ਼ ਦੇ ਜਾਗਦੀ ਜ਼ਮੀਰ ਵਾਲੇ ਲੋਕਾਂ ਦਾ ਇਹ ਫਰਜ਼ ਨਹੀਂ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ। ਗ਼ਦਰੀ ਦੇਸ਼ ਭਗਤਾਂ ਨੇ ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਵਿੱਚ ਸਾਲਾਂਬੱਧੀ ਬੇਹੱਦ ਕਸ਼ਟਦਾਇਕ ਤੇ ਦਿਲਾਂ ਨੂੰ ਕੰਬਾ ਦੇਣ ਵਾਲੀਆਂ ਸਜ਼ਾਵਾਂ ਕੱਟੀਆਂ ਪਰ ਆਪਣੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਵੱਟਿਆ।

ਅੱਜ ਸਾਡਾ ਦੇਸ਼ ਅਜ਼ਾਦ ਹੈ ਪਰ ਇਹ ਅਜ਼ਾਦੀ ਗ਼ਦਰੀ ਦੇਸ਼ ਦੇਸ਼ ਭਗਤਾਂ ਦੇ ਸੁਪਨੇ ਵਾਲੀ ਅਜ਼ਾਦੀ ਨਹੀਂ ਹੈ। ਆਮ ਲੋਕਾਂ ਵਿੱਚ ਮਾਯੂਸੀ ਹੈ, ਨਿਰਾਸ਼ਤਾ ਹੈ। ਬੇਵਸੀ ਹੈ ਚਾਰੇ ਪਾਸੇ ਹਫੜਾ ਦਫੜੀ ਹੈ। ਅਸੀਂ ਹੁਣ ਤੱਕ ਆਪਣਾ ਵਿਦਿਅਕ ਢਾਂਚਾ ਤਬਦੀਲ ਨਹੀਂ ਕੀਤਾ। ਪੜ੍ਹਨ ਦਾ ਅਰਥ ਕੋਈ ਸਰਵਿਸ ਕਰਨਾ ਹੈ। ਵੱਧ ਤੋਂ ਵੱਧ ਪੈਸਾ ਕਮਾਉਣਾ ਹੈ। ਪੈਸਾ ਜਿਵੇਂ ਮਰਜ਼ੀ ਕਮਾਇਆ ਜਾਵੇ। ਐਸ਼ ਅਰਾਮ ਕਰਨਾ ਹੀ ਜਿਵੇਂ ਜ਼ਿੰਦਗੀ ਦਾ ਲਕਸ਼ ਹੈ। ਅਸੀਂ ਭੁੱਲ ਗਏ ਕਿ ਵਿਦਿਆ ਦਾ ਅਰਥ ਮਨੁੱਖ ਨੂੰ ਸੂਝਵਾਨ ਬਨਾਉਣਾ ਹੈ। ਨੈਤਿਕ ਕਦਰਾਂ ਕੀਮਤਾਂ ਅਪਨਾਉਣਾ ਹੈ। ਸਮਾਜ ਪ੍ਰਤੀ ਕੋਈ ਚੰਗੀ ਜ਼ਿੰਮੇਵਾਰੀ ਨਿਭਾਉਣਾ ਹੈ। ਅੱਜ ਸਾਡੇ ਸਮਾਜ ਵਿੱਚ ਬੜਾ ਕੁਝ ਉਲਟ ਪੁਲਟ ਹੋ ਰਿਹਾ ਹੈ। ਪੜ੍ਹਨ ਲਿਖਣ ਦਾ ਅਰਥ ਹੀ ਬਦਲ ਗਿਆ ਹੈ। ਏਥੇ ਸਾਡੀ

ਮਾਨਸਿਕਤਾ ਹੀ ਤਬਦੀਲ ਹੋ ਗਈ। ਮੈਂ ਕਹਾਂਗਾ ਕਿ ਇਸ ਤਬਦੀਲੀ ਨੇ ਇਨਸਾਨੀਅਤ ਦਾ ਘਾਣ ਕਰ ਦਿੱਤਾ ਹੈ। ਏਥੇ ਰਿਸ਼ਤਿਆਂ ਦਾ ਕੋਈ ਅਰਥ ਨਹੀਂ ਸਮਾਜਿਕ ਸਰੋਕਾਰਾਂ ਦਾ ਕੋਈ ਖਿਆਲ ਨਹੀਂ। ਆਖਰ ਇਹ ਜ਼ਿਮੇਵਾਰੀ ਕਿਸੇ ਦੀ ਤਾਂ ਹੈ। ਅੱਜ ਸਾਡੇ ਦੇਸ਼ ਵਿੱਚ ਲੱਖਾਂ ਕਰੋੜਾਂ ਦੇ ਘਪਲੇ ਹੋ ਰਹੇ ਹਨ। ਲੱਗਦੈ ਜਿਵੇਂ ਭਾਰਤ ਦਾ ਦੂਜਾ ਨਾਮ ਘਪਲਿਆਂ ਦਾ ਦੇਸ਼ ਹੈ। ਜੇ ਕਿਤੇ ਗ਼ਦਰੀ ਬਾਬੇ ਮੁੜ ਕੇ ਆ ਜਾਣ ਤਾਂ ਉਹ ਕਰਾਹ ਉੱਠਣ ਕਿ ਐ ਮੇਰੇ ਦੇਸ਼ ਦੇ ਲੋਕੋ ਅਸੀਂ ਇਸ ਕਰਕੇ ਦੇਸ਼ ਦੀ ਅਜ਼ਾਦੀ ਦੀ ਖਾਤਰ ਲੜੇ ਸੀ ਕਿ ਅਜ਼ਾਦੀ ਤੋਂ ਬਾਅਦ ਤੁਸੀਂ ਦੇਸ਼ ਨੂੰ ਲੁੱਟ ਕੇ ਖਾ ਜਾਓ। ਸ਼ਾਬਾਸ਼ ਤੁਹਾਡੇ ਦੇਸ਼ ਵਾਸੀਓ!

ਇਹ ਪੁਸਤਕ ਲਿਖਣ ਤੋਂ ਪਹਿਲਾਂ ਪਿੰਡ ਢੁੱਡੀਕੇ ਦੇ ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਬਾਰੇ ਇੱਕ ਨਾਵਲ ਲਿਖਿਆ ਸੀ 'ਗ਼ਦਰੀ ਸੂਰਬੀਰ'। ਫਿਰ ਮੇਰਾ ਮਨ ਬਣ ਗਿਆ ਕਿ ਢੁੱਡੀਕੇ ਦੇ ਬਾਬਾ ਪਾਲਾ ਸਿੰਘ ਬਾਰੇ ਜੀਵਨ-ਕਥਾ ਲਿਖੀ ਜਾਵੇ। ਬਾਬਾ ਜੀ ਨੇ ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਵਿੱਚ ਬਹੁਤ ਸਾਲ ਜ਼ੁਲਮ ਸਹੇ ਹਨ। ਬਾਬਾ ਜੀ ਜ਼ਰਾ ਵੀ ਨਹੀਂ ਡੋਲੇ। ਭਾਰੀ ਮੁਸ਼ਕਲਾਂ ਉਹ ਸਹਿੰਦੇ ਰਹੇ। ਬਾਬਾ ਜੀ ਦਾ ਜੀਵਨ ਭਾਰਤ ਦੇ ਅਜ਼ਾਦੀ ਸੰਗਰਾਮ ਦੀ ਕਹਾਣੀ ਹੈ। ਮੈਂ ਚਾਹੁੰਦਾ ਹਾਂ ਕਿ ਗ਼ਦਰੀ ਸ਼ਹੀਦਾਂ ਤੇ ਦੇਸ਼ ਭਗਤਾਂ ਦਾ ਇਹ ਅਣਗੌਲਿਆ ਇਤਿਹਾਸ ਲੋਕਾਂ ਤੱਕ ਪਹੁੰਚੇ।

ਇਹ ਕਿਤਾਬ ਲਿਖਣ ਵਿੱਚ ਤੇ ਛਪਵਾਉਣ ਵਿੱਚ ਬਾਬਾ ਪਾਲਾ ਸਿੰਘ ਦੇ ਸਪੁੱਤਰ ਸਾਧੂ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦਾ ਵੱਡਾ ਯੋਗਦਾਨ ਹੈ। ਸਾਧੂ ਸਿੰਘ ਤੋਂ ਬਾਬਾ ਪਾਲਾ ਸਿੰਘ ਬਾਰੇ ਮੈਂ ਬਹੁਤ ਵਾਰ ਪੁੱਛ ਗਿੱਛ ਕੀਤੀ। ਸਾਧੂ ਸਿੰਘ ਵਡੇਰੀ ਉਮਰ ਤੇ ਅਨਪੜ੍ਹ ਹੋਣ ਦੇ ਬਾਵਜੂਦ ਗ਼ਦਰ ਪਾਰਟੀ ਬਾਰੇ ਕਾਫੀ ਜਾਣਕਾਰੀ ਰੱਖਦੇ ਹਨ। ਮੈਨੂੰ ਇਹ ਕਿਤਾਬ ਲਿਖ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਮੈਂ ਇੱਕ ਅਸਲੀ ਦੇਸ਼ ਭਗਤ ਬਾਰੇ ਕੁਝ ਲਿਖ ਸਕਿਆ ਹਾਂ। ਜੇਕਰ ਮੇਰੇ ਕੋਲੋਂ ਕੋਈ ਉਕਾਈ ਹੋ ਗਈ ਹੋਵੇ ਤਾਂ ਮੈਂ ਖਿਮਾ ਦਾ ਜਾਚਕ ਹਾਂ। ਮੈਂ ਬਾਬਾ ਪਾਲ ਸਿੰਘ ਦੇ ਸਪੁੱਤਰ ਸ: ਸਾਧੂ ਸਿੰਘ ਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਦਾ ਭਰਵੇਂ ਸਹਿਯੋਗ ਲਈ ਬਹੁਤ ਰਿਣੀ ਹਾਂ। ਅਖੀਰ ਵਿੱਚ ਲੇਖਕਾਂ ਤੇ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।

-ਹਰੀ ਸਿੰਘ ਢੁੱਡੀਕੇ

ਪਿੰਡ+ਡਾਕਘਰ ਢੁੱਡੀਕੇ,

ਤਹਿ. ਮੋਗਾ, ਜ਼ਿਲ੍ਹਾ ਮੋਗਾ (ਪੰਜਾਬ)

ਮੋਬਾ: 94178-55876

ਬਾਪੂ ਜੀ ਬਾਰੇ

ਬਾਪੂ ਜੀ ਹਾਲੇ ਚਾਰ ਸਾਲਾਂ ਦੇ ਸਨ। ਉਨ੍ਹਾਂ ਦੇ ਮਾਤਾ ਪਿਤਾ ਦਾ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦਾ ਪਾਲਣ ਪੋਸਣ ਨਾਨਕੇ ਪਿੰਡ ਦੌਧਰ ਵਿਖੇ ਹੋਇਆ। ਸਤਾਰਾਂ ਅਠਾਰਾਂ ਸਾਲ ਦੀ ਉਮਰ ਵਿੱਚ ਆਪਣੇ ਚਾਰ ਸਾਥੀਆਂ ਸਮੇਤ ਉਹ ਅਮਰੀਕਾ ਲਈ ਚੱਲ ਪਏ ਸਨ। ਉਨ੍ਹਾਂ ਦਾ ਜਹਾਜ਼ ਹਾਂਗਕਾਂਗ ਰੁਕਿਆ, ਉੱਥੇ ਬਾਪੂ ਜੀ ਦੇ ਮਾਮਾ ਅਰਜਨ ਸਿੰਘ ਦੌਧਰ ਰਹਿੰਦੇ ਸਨ। ਬਾਪੂ ਜੀ ਉਨ੍ਹਾਂ ਕੋਲ ਹਾਂਗਕਾਂਗ ਰੁਕ ਗਏ। ਅਰਜਨ ਸਿੰਘ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਸਨ। ਉਥੇ ਹੀ ਭਾਈ ਭਗਵਾਨ ਸਿੰਘ ਬੜਿੰਗ ਆ ਗਿਆ। ਉਹ ਗ਼ਦਰ ਪਾਰਟੀ ਦਾ ਬਹੁਤ ਵੱਡਾ ਪ੍ਰਚਾਰਕ ਸੀ। ਭਾਈ ਭਗਵਾਨ ਸਿੰਘ ਦੇ ਵਿਚਾਰ ਸੁਣ ਕੇ ਬਾਪੂ ਜੀ ਦੇ ਵਿਚਾਰ ਵੀ ਬਦਲ ਗਏ। ਬਾਪੂ ਜੀ ਚੰਗੇ ਕੱਦ ਕਾਠ ਵਾਲੇ ਤੇ ਨਰੋਏ ਸਰੀਰ ਵਾਲੇ ਸਨ। ਬਾਪੂ ਜੀ ਭਗਵਾਨ ਸਿੰਘ ਦੀ ਸਲਾਹ ਨਾਲ ਵਾਪਸ ਭਾਰਤ ਆ ਕੇ ਫੌਜ ਵਿੱਚ ਭਰਤੀ ਹੋ ਗਏ। ਗ਼ਦਰ ਪਾਰਟੀ ਦਾ ਮੁੱਖ ਪ੍ਰੋਗਰਾਮ ਫੌਜ ਵਿੱਚ ਬਗਾਵਤ ਕਰਵਾ ਕੇ ਦੇਸ਼ ਨੂੰ ਅਜ਼ਾਦ ਕਰਵਾਉਣਾ ਸੀ।

ਬਾਪੂ ਜੀ ਨੂੰ ਫੌਜ ਦੀ ਮੁਢਲੀ ਟਰੇਨਿੰਗ ਤੋਂ ਬਾਅਦ ਪੀਕਿੰਗ ਫੌਜ ਨਾਲ ਭੇਜ ਦਿੱਤਾ ਗਿਆ। ਫੌਜ ਉਥੋਂ ਵਾਪਸ ਆ ਗਈ ਤੇ ਬਾਪੂ ਜੀ ਨੂੰ ਦੋ ਮਹੀਨੇ ਦੀ ਛੁੱਟੀ ਉੱਤੇ ਪਿੰਡ ਭੇਜ ਦਿੱਤਾ। ਪਿੰਡ ਆਉਣ ਸਾਰ ਇਨ੍ਹਾਂ ਦਾ ਮੇਲ ਮਿਲਾਪ ਪਿੰਡ ਦੇ ਗ਼ਦਰੀਆਂ ਨਾਲ ਹੋ ਗਿਆ। ਗ਼ਦਰ ਪਾਰਟੀ ਦਾ 1915 ਵਾਲਾ ਪ੍ਰੋਗਰਾਮ ਫੇਲ੍ਹ ਹੋ ਗਿਆ ਤਾਂ ਬਾਪੂ ਜੀ ਦੁਬਾਰਾ ਫੌਜ ਵਿੱਚ ਚਲੇ ਗਏ। ਪਿੰਡ ਦੇ ਈਸ਼ਰ ਸਿੰਘ ਤੇ ਪਾਖਰ ਸਿੰਘ ਇਸ ਵੇਲੇ ਰੂਪੋਸ਼ ਸਨ। ਢੁੱਡੀਕੇ ਪਿੰਡ ਵਿਚ ਗ਼ਦਰੀਆਂ ਦੀ ਇੱਕ ਪੰਜਾਬ ਪੱਧਰ ਦੀ ਮੀਟਿੰਗ ਹੋਈ। ਇਸ ਮੀਟਿੰਗ ਬਾਰੇ ਮੁਖਬਰਾਂ ਨੇ ਅੰਗਰੇਜ਼ੀ ਪੁਲਿਸ ਨੂੰ ਸੂਹ ਦੇ ਦਿੱਤੀ। ਬਹੁਤ ਗ਼ਦਰੀ ਫੜੇ ਗਏ। ਬਹੁਤੇ ਗ਼ਦਰੀਆ ਨੂੰ ਸਖ਼ਤ ਸਜ਼ਾਵਾਂ ਮਿਲੀਆਂ। ਇਹ ਸਜ਼ਾਵਾਂ ਕੱਟ ਕੇ ਗ਼ਦਰੀ ਪਿੰਡ ਆਏ। ਬਾਪੂ ਜੀ ਵੀ 1924 ਵਿੱਚ ਜੇਲ੍ਹ ਤੋਂ ਰਿਹਾਅ ਹੋ ਕੇ ਪਿੰਡ ਆਏ ਸਨ। ਉਨ੍ਹਾਂ ਨੇ ਪਿੰਡ ਆ ਕੇ ਖੇਤੀ ਵੀ ਕੀਤੀ ਪਰ ਉਹ ਆਪਣੇ ਵਿਚਾਰਾਂ ਉੱਤੇ ਕਾਇਮ ਰਹੇ।

ਵੱਲੋਂ-

ਸਾਧੂ ਸਿੰਘ ਸਪੁੱਤਰ ਬਾਬਾ ਪਾਲਾ ਸਿੰਘ ਢੁੱਡੀਕੇ

ਗ਼ਦਰੀ ਸੂਰਬੀਰਾਂ ਦਾ ਪਿੰਡ ਢੁੱਡੀਕੇ

ਮੋਗਾ ਜ਼ਿਲ੍ਹੇ ਵਿੱਚ ਪੈਂਦਾ ਹਿੰਦੁਸਤਾਨ ਦਾ ਇਤਿਹਾਸਕ ਪਿੰਡ ਢੁੱਡੀਕੇ ਜੀ.ਟੀ. ਰੋਡ ਉਪਰਲੇ ਪਿੰਡ ਅਜੀਤਵਾਲ ਤੋਂ ਦੋ ਮੀਲ ਦੱਖਣ ਵੱਲ ਘੁੱਗ ਵੱਸਦਾ ਹੈ। ਕਦੇ ਇਹ ਫਿਰੋਜ਼ਪੁਰ ਜ਼ਿਲ੍ਹੇ ਦਾ ਪਿੰਡ ਹੁੰਦਾ ਸੀ। ਆਧੁਨਿਕ ਸਹੂਲਤਾਂ ਵਾਲੇ ਇਸ ਪਿੰਡ ਵੱਲ ਝਾਤ ਮਾਰੀਏ ਤਾਂ ਇਸ ਦੀ ਨਵੀਂ ਨੁਹਾਰ ਵਿੱਚੋਂ ਪਿੰਡ ਦੇ ਲੋਕਾਂ ਦੀ ਸੂਝ ਬੂਝ, ਹੌਂਸਲਾ, ਉਤਸ਼ਾਹ ਤੇ ਉਸਾਰੂ ਸੋਚ ਦੇ ਦਰਸ਼ਨ ਹੁੰਦੇ ਹਨ। ਇਹ ਪਿੰਡ ਸ਼ਹੀਦਾਂ, ਦੇਸ਼ ਭਗਤਾਂ, ਸਿਰੜੀ ਕਾਮਿਆਂ, ਲਿਖਾਰੀਆਂ, ਖਿਡਾਰੀਆਂ, ਐਨ.ਆਰ.ਆਈ. ਵੀਰਾਂ, ਦਾਨੀ ਸੱਜਣਾਂ, ਅਫ਼ਸਰਾਂ ਤੇ ਵਿਦਵਾਨਾਂ ਦਾ ਪਿੰਡ ਹੈ। ਪੱਤੀ ਕੌਲੂ, ਪੱਤੀ ਬਾਜਾ, ਪੱਤੀ ਕਪੂਰਾ, ਪੱਤੀ ਨੱਥੂ ਤੇ ਪੱਤੀ ਝੰਡਾ ਇਕੋ ਬਜ਼ੁਰਗ ਸੂਰਤ ਗਿੱਲ ਦੀ ਔਲਾਦ ਹੈ। ਛੇਵੀਂ ਪੱਤੀ ਹੇਰੂ ਹੈ ਜੋ ਹੇਰੂ ਗੋਤ ਵਾਲੇ ਕਿਰਸਾਨਾਂ ਦੀ ਹੈ। ਪਿੰਡ ਵਿੱਚ ਗਿੱਲ ਤੇ ਹੇਰੂ ਤੋਂ ਬਿਨਾਂ ਸਰਾਂ, ਸਿੱਧੂ, ਸੰਧੂ, ਗਰੇਵਾਲ, ਧਨੋਏ, ਧਾਲੀਵਾਲ, ਪੰਨੂੰ, ਖਹਿਰੇ, ਭੁੱਲਰ, ਥਿੰਦ, ਪੂਨੀਏ, ਢੀਂਡਸੇ, ਢਿੱਲੋਂ ਤੇ ਔਲਖ ਜੱਟਾਂ ਦੇ ਵੀ ਪਰਿਵਾਰ ਹਨ। ਸਮੇਂ ਨਾਲ ਪਿੰਡ ਵਿੱਚ ਵਾਧਾ ਹੁੰਦਾ ਗਿਆ। ਮਿਸਤਰੀ ਸਿੰਘ ਰੋਡਿਆਂ ਤੋਂ, ਦਰਜੀ ਸਿੰਘ ਮੋਗੇ ਤੋਂ, ਦਰਜੀਆਂ ਦੇ ਹੋਰ ਘਰ ਜੋਧਾਂ ਤੋਂ, ਪਰਜਾਪਤ ਛੰਦੜਾਂ ਤੋਂ, ਕਟਾਰੀਏ ਅੰਮ੍ਰਿਤਸਰ ਤੋਂ, ਗੜਵੀ ਵਾਲੇ ਬ੍ਰਾਹਮਣ ਲਾਹੌਰ ਤੋਂ, ਵੈਰਾਗੀ ਹੇਰਾਂ ਤੋਂ ਅਤੇ ਬੌਰੀਏ ਸਿੱਖ ਪਿੰਡ ਕਿਸ਼ਨਪੁਰਾ ਤੋਂ ਆ ਕੇ ਵਸੇ। ਇਸੇ ਤਰ੍ਹਾਂ ਰਾਜੇ, ਮਹਿਰੇ, ਸੁਨਿਆਰ, ਤੇਲੀ, ਮੋਚੀ, ਲੁਹਾਰ, ਜੁਲਾਹੇ ਅਤੇ ਬਾਜ਼ੀਗਰ ਭਰਾਵਾਂ ਨੇ ਵੀ ਏਥੇ ਘਰ ਵਸਾ ਕੇ ਪਿੰਡ ਨੂੰ ਭਾਗ ਲਾਏ। ਰਮਦਾਸੀਏ ਸਿੱਖਾਂ ਵਿੱਚੋਂ ਸਰੋਏ ਢੋਲਣ ਤੋਂ, ਕਲੇਰ ਤਾਜਪੁਰ ਤੋਂ, ਚੁੰਬਰ ਗੁੱਜਰਵਾਲ ਤੋਂ, ਕੋਈ ਘਰ ਮੋਗੇ ਤੋਂ ਅਤੇ ਕਈ ਹੋਰ ਥਾਵਾਂ ਤੋਂ ਵੀ ਚੱਲ ਕੇ ਏਥੇ ਅਬਾਦ ਹੋਏ। ਮਜ਼੍ਹਬੀ ਸਿੱਖਾਂ ਵਿਚੋਂ ਕਈ ਘਰ ਪੱਤੋ ਤੋਂ, ਕਈ ਘੋਲੀਏ ਤੋਂ, ਕਈ ਮਲਸੀਹਾਂ ਤੋਂ ਤੇ ਕਈ ਘਰ ਮੋਗੇ ਤੋਂ ਆ ਕੇ ਵਸੇ ਹਨ। ਮਜ਼੍ਹਬੀ ਸਿੱਖ ਤੇ ਰਮਦਾਸੀਏ ਸਿੱਖਾਂ ਦੀਆਂ ਆਪੋ ਆਪਣੀਆਂ ਧਰਮਸ਼ਾਲਾ ਤੇ ਆਪੋ ਆਪਣੇ ਗੁਰਦੁਆਰੇ ਹਨ। ਪਿੰਡ ਵਿੱਚ ਅਗਰਵਾਲ ਭਰਾਵਾਂ ਦਾ ਆਪਣਾ ਸਥਾਨ ਹੈ। ਕਦੇ ਏਥੇ ਮਿੱਤਲ ਬਾਣੀਆ ਦੇ ਵੀ ਘਰ ਹੁੰਦੇ ਸਨ।

ਆਓ ਪਿੰਡ ਦੇ ਪਿਛੋਕੜ ਵੱਲ ਝਾਤ ਮਾਰੀਏ। ਰਾਜਾ ਗਿੱਲਪਾਲ ਦੀ ਅੱਠਵੀਂ ਪੀੜ੍ਹੀ ਵਿੱਚੋਂ ਰਾਜਾ ਪੀਰ (ਜਿਸ ਦੇ ਨਾਮ ਉਪਰ ਪਿੰਡ ਰਾਜੇਆਣਾ ਬੱਝਾ) ਦੇ ਅੱਠ ਪੁੱਤਰ ਸਨ ਜਿਨ੍ਹਾਂ ਵਿੱਚੋਂ ਇਕ ਦਾ ਨਾਮ ਢੁੱਡੀ ਸੀ। ਬਰਾੜਾਂ ਨਾਲ ਲੜਦਿਆਂ ਰਾਜਾ

ਪੀਰ ਮਾਰਿਆ ਗਿਆ ਸੀ। ਉਸ ਦੀ ਮੌਤ ਪਿੱਛੋਂ ਉਸ ਦੇ ਸਾਰੇ ਪੁੱਤਰ ਆਸੇ ਪਾਸੇ ਵੱਲ ਵਧ ਗਏ। ਮੋਗੇ ਦੇ ਥੇਹ ਵੱਲ ਉਨ੍ਹਾਂ ਨੂੰ ਜਗ੍ਹਾ ਠੀਕ ਲੱਗੀ। ਉਨ੍ਹਾਂ ਦੇ ਏਥੇ ਪੈਰ ਜੰਮ ਗਏ। ਸ਼ਾਹਣੀ ਦੇ ਵੰਸ਼ ਵਿੱਚੋਂ ਸਲੇਮਾ ਚੌਧਰੀ ਦਾ ਪੋਤਰਾ ਮੋਗਾ ਗਿੱਲ ਸੀ। ਢੁੱਡੀ ਦੀ ਵੰਸ਼ ਵਿਚੋਂ ਮੋਗਾ ਗਿੱਲ ਦਾ ਸਮਕਾਲੀ ਮਨਸੂਰ ਸੀ। ਮੋਗਾ ਗਿੱਲ ਦੇ ਤਾਏ ਚਾਚੇ ਉਤਰ ਪੂਰਬ ਵੱਲ ਵਧ ਗਏ ਸਨ। ਉਨ੍ਹਾਂ ਦੀ ਕਰਕੇ ਹੀ ਮਨਸੂਰ ਦਾ ਪੋਤਰਾ ਸੂਰਤ ਗਿੱਲ ਮੌਜੂਦਾ ਢੁੱਡੀਕੇ ਪਿੰਡ ਵੱਲ ਆਉਂਦਾ ਜਾਂਦਾ ਸੀ। ਉਹ ਇਸ ਪਾਸੇ ਆਪਣੇ ਪਸ਼ੂ ਵੀ ਚਾਰਨ ਲਈ ਲੈ ਕੇ ਆਉਂਦੇ ਸਨ। ਗਿੱਲਾਂ ਨੂੰ ਇਹ ਥਾਂ ਸੁਰੱਖਿਅਤ ਲੱਗੀ। ਸੂਰਤ ਗਿੱਲ ਦੇ ਤਿੰਨ ਪੁੱਤਰ ਸਨ। ਗੁਰਦਾਸ, ਬਾਸੋ ਤੇ ਸਲੇਮ ਸ਼ਾਹ। ਸੂਰਤ ਗਿੱਲ ਦੇ ਪਰੀਵਾਰ ਨੇ ਪਿੰਡ ਢੁੱਡੀਕੇ ਦੀ ਮੋਹੜੀ 1586 ਤੋਂ 1590 ਦੇ ਲਗਭਗ ਗੱਡੀ। ਸੂਰਤ ਗਿੱਲ ਦੇ ਪਰਿਵਾਰ ਨੇ ਆਪਣੇ ਬਜ਼ੁਰਗ ਢੁੱਡੀ ਦੇ ਨਾਮ ਉੱਪਰ ਪਿੰਡ ਦਾ ਨਾਮ ਢੁੱਡੀਕੇ ਰੱਖਿਆ।

ਇਤਿਹਾਸਕ ਪੱਖ ਤੋਂ ਪਿੰਡ ਢੁੱਡੀਕੇ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਿੰਡ ਢੁੱਡੀਕੇ ਨੂੰ ਇਹ ਮਾਣ ਹੈ ਕਿ ਦੇਸ਼ ਦੇ ਅਜ਼ਾਦੀ ਸੰਗਰਾਮ ਦੇ ਮਹਾਨ ਸ਼ਹੀਦ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦਾ ਇਹ ਜਨਮ ਅਸਥਾਨ ਹੈ। ਲਾਲ ਲਾਜਪਤ ਰਾਏ ਦੇ ਇਸ ਪਿੰਡ ਵਿੱਚ ਨਾਨਕੇ ਸਨ। ਲਾਲਾ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਜਨਮ ਸਥਾਨ ਉਤੇ ਲਾਲ ਲਾਜਪਤ ਰਾਏ ਯਾਦਗਾਰ ਬਣਾਈ ਗਈ ਹੈ। ਏਥੇ ਲਾਲਾ ਜੀ ਦਾ ਸ਼ਾਨਦਾਰ ਬੁੱਤ ਲੱਗਾ ਹੋਇਆ ਹੈ। ਉਨ੍ਹਾਂ ਦੇ ਜਨਮ ਦਿਨ ਉੱਤੇ ਹਰ ਸਾਲ ਚਾਰ ਦਿਨ ਖੇਡ ਮੇਲਾ ਮਨਾਇਆ ਜਾਂਦਾ ਹੈ। ਪਿੰਡ ਨੂੰ ਇਹ ਵੀ ਮਾਣ ਹੈ ਕਿ ਇਹ ਪਿੰਡ ਗ਼ਦਰ ਪਾਰਟੀ ਦਾ ਸਬ ਸੈਂਟਰ ਰਿਹਾ ਹੈ। ਭਾਰਤ ਨੂੰ ਅੰਗਰੇਜ਼ ਸਾਮਰਾਜ ਤੋਂ ਮੁਕਤ ਕਰਵਾ ਕੇ ਤੇ ਆਪਣੀ ਸਰਕਾਰ ਕਾਇਮ ਕਰਨ ਦੇ ਇਰਾਦੇ ਨਾਲ ਦੇਸ਼ ਦੀ ਸਰਗਰਮ ਗ਼ਦਰ ਪਾਰਟੀ ਨੇ ਦੇਸ਼ ਵਿੱਚ ਥਾਂ ਥਾਂ ਗ਼ਦਰ ਮਚਾਉਣ ਦਾ ਪ੍ਰੋਗਰਾਮ ਉਲੀਕਿਆ ਸੀ। ਗ਼ਦਰ ਪਾਰਟੀ ਵਿੱਚ ਦਿਨ ਰਾਤ ਕੰਮ ਕਰਨ ਵਾਲੇ ਅਜ਼ਾਦੀ ਦੇ ਦੀਵਾਨੇ ਈਸ਼ਰ ਸਿੰਘ ਢੁੱਡੀਕੇ, ਰੂੜ ਸਿੰਘ (ਤਲਵੰਡੀ ਦੁਸਾਂਝ) ਨੂੰ 18 ਜੂਨ 1916 ਨੂੰ ਲਾਹੌਰ ਵਿੱਚ ਫਾਂਸੀ ਦਿੱਤੀ ਗਈ। ਢੁੱਡੀਕੇ ਦੇ ਬਾਬਾ ਪਾਲਾ ਸਿੰਘ ਨੂੰ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ, ਪਾਖਰ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ, ਸ਼ਾਮ ਸਿੰਘ ਨੂੰ ਤਿੰਨ ਸਾਲ ਦੀ ਸਜ਼ਾ, ਪਾਲਾ ਸਿੰਘ (ਵੱਡਾ) ਨੂੰ ਵੀ ਤਿੰਨ ਸਾਲ, ਮਹਿੰਦਰ ਸਿੰਘ ਨੂੰ ਤਿੰਨ ਸਾਲ, ਸੁੰਦਰ ਸਿੰਘ ਨੂੰ ਦੋ ਸਾਲ, ਮਾਸਟਰ ਫੇਰਾ ਸਿੰਘ ਨੂੰ ਦੋ ਸਾਲ ਦੀ ਕੈਦ ਹੋਈ। ਬਾਬਾ ਅਤਰ ਸਿੰਘ ਛੇ ਮਹੀਨੇ ਹਵਾਲਾਤ ਵਿੱਚ ਰਹੇ। ਗ਼ਦਰ ਪਾਰਟੀ ਦੀ ਮੱਦਦ ਕਰਨ ਬਦਲੇ ਪਿੰਡ ਦੀਆਂ ਚਾਰ ਲੰਬੜਦਾਰੀਆਂ ਤੋੜੀਆਂ ਗਈਆਂ।

ਅਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਲਹਿਰਾਂ ਵਿੱਚ ਪਿੰਡ ਦੇ ਲੋਕਾਂ ਨੇ ਸਰਗਰਮੀ ਨਾਲ ਭਾਗ ਲਿਆ। ਗੁਰੂ ਕੇ ਬਾਗ਼ ਦੇ ਮੋਰਚੇ ਵਿੱਚ ਭਾਗ ਲੈਂਦਿਆਂ ਅਕਾਲੀ ਭਾਈ ਹਰੀ ਸਿੰਘ ਸ਼ਹੀਦ ਹੋ ਗਏ। ਇਸੇ ਤਰ੍ਹਾਂ ਜੈਤੋ ਦੇ ਮੋਰਚੇ ਵਿੱਚ ਬਾਬਾ ਹਰਨਾਮ ਸਿੰਘ ਸ਼ਹੀਦ ਹੋਏ।

ਪਿੰਡ ਦੇ ਜਿਥੇ ਸ਼ਹੀਦ, ਦੇਸ਼ ਭਗਤ ਤੇ ਗ਼ਦਰੀ ਸੂਰਬੀਰ ਮਸ਼ਹੂਰ ਹਨ, ਉੱਥੇ ਪੰਜਾਬੀ ਦੇ ਸਾਹਿਤਕ ਖੇਤਰ ਵਿੱਚ ਵੀ ਪਿੰਡ ਢੁੱਡੀਕੇ ਦਾ ਨਾਮ ਅੰਤਰ ਰਾਸ਼ਟਰੀ ਪੱਧਰ ਉੱਤੇ ਜਾਣਿਆ ਜਾਂਦਾ ਹੈ। ਪੰਜਾਬੀ ਦਾ ਸਿਰਮੌਰ ਨਾਵਲਕਾਰ ਜਸਵੰਤ ਸਿੰਘ ਕੰਵਲ ਪਿੰਡ ਢੁੱਡੀਕੇ ਦਾ ਜੰਮਪਲ ਹੈ। ਉਸ ਨੇ ਕਵਿਤਾ, ਕਹਾਣੀ, ਵਾਰਤਕ ਤੇ ਨਾਵਲ ਦੇ ਖੇਤਰ ਵਿੱਚ ਕਲਮ ਚਲਾ ਕੇ 80 ਤੋਂ ਉੱਪਰ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਜਸਵੰਤ ਸਿੰਘ ਕੰਵਲ ਪੰਜਾਬੀ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ। ਉਸ ਨੂੰ ਸਾਹਿਤ ਅਕਾਡਮੀ ਪੁਰਸਕਾਰ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਪੁਰਸਕਾਰ ਮਿਲ ਚੁੱਕੇ ਹਨ। ਉਹ ਆਪ ਵੀ ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਵੱਲੋਂ ਹਰ ਸਾਲ ਚੰਗੇ ਲੇਖਕਾਂ ਨੂੰ ਇਨਾਮ ਦਿੰਦਾ ਹੈ। ਉਹ ਹੁਣ 94ਵੇਂ ਸਾਲ ਦੀ ਉਮਰ ਵਿੱਚ ਪਹਿਲਾਂ ਵਾਂਗ ਹੀ ਲਿਖਣ ਪੜ੍ਹਨ ਦਾ ਕਾਰਜ ਲਗਾਤਾਰ ਕਰ ਰਿਹਾ ਹੈ। ਜਸਵੰਤ ਕੰਵਲ ਦੀ ਜੀਵਨ ਸਾਥਣ ਡਾ. ਜਸਵੰਤ ਗਿੱਲ ਨੇ ਔਰਤਾਂ ਬਾਰੇ, ਸਿਹਤ ਵਿਗਿਆਨ ਬਾਰੇ ਤੇ ਬੱਚਿਆਂ ਬਾਰੇ ਦਰਜਨ ਤੋਂ ਵੀ ਵੱਧ ਕਿਤਾਬਾਂ ਲਿਖੀਆਂ।

ਕੰਵਲ ਸਾਹਿਬ ਤੋਂ ਅੱਗੇ ਸਾਹਿਤਕ ਪਿੜ ਵਿੱਚ ਡਾ: ਅਜੀਤ ਸਿੰਘ ਦਾ ਨਾਮ ਆਉਂਦਾ ਹੈ। ਡਾ: ਅਜੀਤ ਸਿੰਘ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ। ਉਹ ਚਿਰ ਤੋਂ ਦਿੱਲੀ ਵਿਖੇ ਹੀ ਰਹਿ ਰਿਹਾ ਹੈ। ਦਰਸ਼ਨ ਗਿੱਲ ਪਿੰਡ ਢੁੱਡੀਕੇ ਦਾ ਨਾਮਵਰ ਸ਼ਾਇਰ ਸੀ ਜਿਸ ਨੇ ਕਈ ਕਾਵਿ ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ। ਪਿਛਲੇ ਸਾਲ ਉਹ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ ਪਰ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਸਦੀ ਨਿਵੇਕਲੀ ਪਹਿਚਾਣ ਬਣੀ ਰਹੇਗੀ। ਇਨ੍ਹਾਂ ਤੋਂ ਬਿਨਾਂ ਪ੍ਰਿੰਸੀਪਲ ਸਰਵਣ ਸਿੰਘ ਪਿੰਡ ਢੁੱਡੀਕੇ ਨਾਲ ਚਿਰ ਤੋਂ ਜੁੜੇ ਹਨ ਜਿਨ੍ਹਾਂ ਨੇ ਪੰਜਾਬੀ ਵਿੱਚ ਖੇਡ ਸਾਹਿਤ ਨੂੰ ਨਵੀਆਂ ਲੀਹਾਂ ਉੱਤੇ ਤੋਰਿਆ। ਯੁਵਰਾਜ ਰਤਨ ਪੰਜਾਬੀ ਦਾ ਕਹਾਣੀਕਾਰ ਹੈ। ਉਸਦੇ ਦੋ ਕਹਾਣੀ-ਸੰਗ੍ਰਹਿ ਆ ਚੁੱਕੇ ਹਨ। ਦੂਰਦਰਸ਼ਨ ਉੱਤੇ ਖ਼ਬਰਾਂ ਪੜ੍ਹਨ ਵਾਲਾ ਕੰਵਲਜੀਤ ਸਿੰਘ ਬੜਾ ਚੰਗਾ ਲੇਖਕ ਹੈ। 'ਕੂੰਜਾਂ' ਨਾਮੀ ਕਾਵਿ-ਸੰਗ੍ਰਹਿ ਨਾਲ ਉਸ ਨੇ ਪੰਜਾਬੀ ਸਾਹਿਤ ਵਿੱਚ ਹਾਜ਼ਰੀ ਲਵਾਈ ਹੈ। ਅਮਰਜੀਤ ਢੁੱਡੀਕੇ ਨੇ ਗ਼ਜ਼ਲ ਬਾਰੇ ਖੋਜ ਭਰਪੂਰ ਪੁਸਤਕ ਲਿਖੀ ਹੈ। ਸਤਿਨਾਮ ਸਿੰਘ ਸੰਦੇਸ਼ੀ ਤੇ ਰਘਬੀਰ ਢੁੱਡੀਕੇ ਨੇ ਇੱਕ ਇੱਕ ਨਾਵਲ ਲਿਖਿਆ ਹੈ। ਸਵ: ਗੁਰਚਰਨ ਸਿੰਘ ਦਾ ਇੱਕ ਗ਼ਜ਼ਲ ਸੰਗ੍ਰਹਿ ਹੁਣੇ ਹੀ ਛਪਿਆ ਹੈ। ਹਰੀ ਸਿੰਘ ਢੁੱਡੀਕੇ ਦੇ ਪੰਜ ਨਾਵਲ ਤੇ ਇੱਕ ਬਾਲ ਕਾਵਿ-ਸੰਗ੍ਰਹਿ ਛਪ ਚੁੱਕਿਆ ਹੈ। ਡਾ: ਗੁਰਚਰਨ ਸਿੰਘ ਨੇ ਜੱਟਾਂ ਦੇ ਇਤਿਹਾਸ ਬਾਰੇ ਇੱਕ ਇੰਗਲਿਸ਼ ਤੇ ਇੱਕ ਪੰਜਾਬੀ ਪੁਸਤਕ ਵਿੱਚ ਬਹੁਤ ਹੀ ਖੋਜ ਭਰਪੂਰ ਤੱਥਾਂ ਸਹਿਤ ਲਿਖਿਆ ਹੈ। ਡਾ: ਬਿਕਰਮ ਗਿੱਲ ਦੁਨੀਆਂ ਦਾ ਮਸ਼ਹੂਰ ਵਿਗਿਆਨੀ ਹੈ ਜਿਸ ਨੇ ਦੁਨੀਆਂ ਦੇ ਉੱਘੇ ਰਿਸਾਲਿਆਂ ਵਿੱਚ ਆਪਣੇ ਖੋਜ ਪੱਤਰ ਛਪਵਾਏ ਹਨ। ਉਸ ਨੇ ਕਈ ਕੀਮਤੀ ਕਿਤਾਬਾਂ ਲਿਖੀਆਂ ਹਨ। ਇਹ ਸੀ ਪਿੰਡ ਢੁੱਡੀਕੇ ਦਾ ਇੱਕ ਸਾਹਿਤਕ ਪੱਖ। ਡਾ: ਜੁਗਿੰਦਰ ਨਹਿਰੂ ਅਲੋਚਨਾ ਦੇ ਖੇਤਰ ਵਿੱਚ ਸਰਗਰਮ ਹਨ।

ਪਿੰਡ ਢੁੱਡੀਕੇ ਹੁਣ ਆਧੁਨਿਕ ਕਸਬਾ ਲੱਗਦਾ ਹੈ। ਪਿੰਡ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਾਮ ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਦੇ ਨਾਮ ਉੱਤੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਗ਼ਦਰੀ ਦੇਸ਼ ਭਗਤ ਬਾਬਾ ਪਾਖਰ ਸਿੰਘ ਦੇ ਨਾਮ ਉੱਤੇ ਰੱਖਿਆ ਹੈ। ਪਿੰਡ ਵਿੱਚ ਇਕ ਸਰਕਾਰੀ ਕਾਲਜ, ਇੱਕ ਪਾਲੀਟੈਕਨਿਕ ਇੰਸਟੀਚਿਊਟ, ਇੱਕ ਬੀ. ਐੱਡ. ਕਾਲਜ ਤੇ ਇੱਕ ਨਾਰਥ ਵੈਸਟ ਇੰਜ: ਕਾਲਜ ਬਣੇ ਹੋਏ ਹਨ। ਪਿੰਡ ਵਿੱਚ ਦਾਣਾ ਮੰਡੀ, ਟੈਲੀਫੋਨ ਐਕਸਚੇਂਜ, ਪੰਜਾਬ ਨੈਸ਼ਨਲ ਬੈਂਕ, ਸਹਿਕਾਰੀ ਸਭਾ, ਨੈਸਲੇ ਡੇਅਰੀ, ਸਬ ਪੋਸਟ ਆਫਿਸ, ਮਿੰਨੀ ਆਈ.ਟੀ.ਆਈ., ਪਸ਼ੂ ਡਿਸਪੈਂਸਰੀ, ਪ੍ਰਾਇਮਰੀ ਹੈਲਥ ਸੈਂਟਰ, ਵਾਟਰ ਵਰਕਸ ਤੇ ਆਰ.ਓ. ਪਲਾਂਟ ਬਣਿਆ ਹੋਇਆ ਹੈ। ਪਿੰਡ ਵਿਚ ਖੇਡ ਮੈਦਾਨ, ਜਿੰਮ, ਸਟੇਡੀਅਮ ਤੇ ਵੱਡੀਆਂ ਸਟੇਜਾਂ ਬਣੀਆਂ ਹਨ। ਪਿੰਡ ਵਿੱਚ ਵੱਡੀ ਲਾਇਬਰੇਰੀ ਹੈ। ਪਿੰਡ ਵਿੱਚ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਇਕ ਯਾਦਗਾਰੀ ਲਾਟ ਬਣੀ ਹੋਈ ਹੈ। ਗ਼ਦਰੀ ਬਾਬੇ ਯਾਦਗਾਰੀ ਗੇਟ, ਮਲਕੀਤ ਸਿੰਘ ਮੱਲ ਯਾਦਗਾਰੀ ਗੇਟ ਤੇ ਪੰਡਤ ਰਘੂਨਾਥ ਗੇਟ ਪਿੰਡ ਦੀ ਸ਼ੋਭਾ ਵਧਾ ਰਹੇ ਹਨ। ਸ਼ਹੀਦਾਂ ਦੀ ਯਾਦ ਵਿੱਚ ਇੱਕ ਸੁੰਦਰ ਕਮਿਊਨਿਟੀ ਹਾਲ ਬਣਿਆ ਹੋਇਆ ਹੈ। ਪਿੰਡ ਦੇ ਐਨ.ਆਰ.ਆਈ. ਵੀਰਾਂ ਨੇ ਇੱਕ ਆਧੁਨਿਕ ਸ਼ਮਸ਼ਾਨ ਭੂਮੀ ਵੀ ਬਣਾਈ ਹੈ।

ਗੁਰਦੁਆਰਾ ਉੱਚਾ ਡੇਰਾ ਸਾਹਿਬ, ਗੁਰਦੁਆਰਾ ਛਾਉਣੀ ਸਾਹਿਬ, ਗੁਰਦੁਆਰਾ ਸਿੰਘ ਸਭਾ, ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ, ਗੁਰਦੁਆਰਾ ਭਗਤ ਰਵਿਦਾਸ ਜੀ, ਗੁਰਦੁਆਰਾ ਠਾਠ ਨਾਨਕਸਰ, ਗੁਰਦੁਆਰਾ ਬੇਰੀ ਸਾਹਿਬ, ਡੇਰਾ ਭਗਤ ਰਾਮ ਜੀ, ਡੇਰਾ ਬੋਹੜਾਂ ਵਾਲਾ, ਡੇਰਾ ਮੀਰਾ ਸ਼ਾਹ, ਧਾਰਮਿਕ ਕੁਟੀਆ ਪੱਤੀ ਕੌਲੂ ਤੇ ਮਸੀਤ ਪੱਤੀ ਕੌਲੂ ਪਿੰਡ ਦੇ ਧਾਰਮਿਕ ਅਸਥਾਨ ਹਨ। ਇੱਕ ਹੋਰ ਮਸੀਤ ਪੱਤੀ ਨੱਥੂ ਹੈ ਪਰ ਉਸ ਦੀ ਹਾਲਤ ਬੜੀ ਖਸਤਾ ਹੈ।


ਪਿੰਡ ਦੇ ਵਿਕਾਸ ਵਿੱਚ ਪਿੰਡ ਦੇ ਐਨ.ਆਰ.ਆਈ. ਵੀਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਜਗਜੀਤ ਸਿੰਘ ਰਾਣਾ (ਅਮਰੀਕਾ ਵਾਲੇ), ਨਛੱਤਰ ਸਿੰਘ ਗਿੱਲ, ਸੁਰਿੰਦਰ ਪਾਲ ਸਿੰਘ, ਡਾ: ਗੁਰਚਰਨ ਸਿੰਘ ਗਿੱਲ, ਗੁਰਨੇਕ ਸਿੰਘ, ਗੁਰਦੇਵ ਸਿੰਘ, ਬਾਬਾ ਪਾਖਰ ਸਿੰਘ ਦਾ ਪਰੀਵਾਰ, ਭੱਲੂ ਕੇ ਪਰਿਵਾਰ, ਫੱਤੇ ਕੇ ਪਰੀਵਾਰ, ਧਾਲੀਵਾਲਾਂ ਦੇ ਪਰੀਵਾਰ, ਹੇਰੂ ਪਰੀਵਾਰ, ਸੂਬੇਦਾਰਾਂ ਦਾ ਪਰੀਵਾਰ, ਟਿੱਕਾ ਸਿੰਘ, ਗੁਰਬਚਨ ਸਿੰਘ, ਜੁਗਿੰਦਰ ਸਿੰਘ, ਭੁਪਿੰਦਰ ਸਿੰਘ, ਭਾਗ ਸਿੰਘ ਦਾ ਪਰੀਵਾਰ, ਨੇਕ ਸਿੰਘ, ਅਜੀਤ ਸਿੰਘ ਸਰਾਂ, ਵਿਸ਼ਾਲ ਭਾਰਤ ਵਾਲੇ, ਘੁਲਾੜੇ ਵਾਲੇ, ਭਜਨ ਸਿੰਘ, ਨਗਿੰਦਰ ਸਿੰਘ, ਕਰਨੈਲ ਸਿੰਘ, ਜਗਤਾਰ ਸਿੰਘ, ਸੋਹਨ ਲਾਲ, ਸੁਖਦਰਸ਼ਨ ਸਿੰਘ, ਜਗਦੇਵ ਸਿੰਘ, ਜਗਮੋਹਣ ਸਿੰਘ, ਕੁੰਦਨ ਸਿੰਘ ਦਾ ਪਰੀਵਾਰ, ਮਾ: ਕੇਸ਼ਵਾ ਨੰਦ ਦਾ ਪਰੀਵਾਰ, ਵੈਦ ਰੂਪ ਚੰਦ ਦਾ ਪਰੀਵਾਰ, ਪਿਆਰਾ ਸਿੰਘ, ਮਾ: ਗੁਰਚਰਨ ਸਿੰਘ ਤੇ ਮਾਸਟਰ ਗੁਰਮੁਖ ਸਿੰਘ ਹੋਰਾਂ ਨੇ ਹਮੇਸ਼ਾ ਹੀ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ।

ਪਿੰਡ ਦੇ ਕਈ ਵਿਅਕਤੀ ਪੜ੍ਹ ਲਿਖ ਕੇ ਸਰਕਾਰੀ ਉੱਚ ਅਹੁਦਿਆਂ ਤੱਕ ਪਹੁੰਚੇ ਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਇਹ ਹਨ ਪਿੰਡ ਦੇ ਸਨਮਾਨਯੋਗ ਵਿਅਕਤੀ :

1. ਸ: ਆਰ.ਐਸ. ਗਿੱਲ, ਚੀਫ ਇੰਜੀਨੀਅਰ ਪੰਜਾਬ ਮੰਡੀ ਬੋਰਡ।
2. ਡਾ: ਬਿਕਰਮ ਸਿੰਘ ਗਿੱਲ, ਸੰਸਾਰ ਪ੍ਰਸਿੱਧ ਕਣਕ ਵਿਗਿਆਨੀ। ਇਹ ਅੱਜਕੱਲ੍ਹ ਅਮਰੀਕਾ ਵਿੱਚ ਰਹਿ ਰਹੇ ਹਨ। ਇਨ੍ਹਾਂ ਨੇ ਦੁਨੀਆਂ ਦੇ ਪ੍ਰਸਿੱਧ ਸ਼ਹਿਰਾਂ ਵਿੱਚ ਆਪਣੇ ਖੋਜ ਪੱਤਰ ਪੜ੍ਹੇ ਹਨ।
3. ਜਸਟਿਸ ਗੁਰਮੇਲ ਸਿੰਘ ਕੈਨੇਡਾ।
4. ਸ: ਜੋਰਾ ਸਿੰਘ ਸਰੋਏ। ਇਹ ਅੱਜਕੱਲ੍ਹ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ . ਜੱਜ ਹਨ।
5. ਨੈਸ਼ ਗਿੱਲ ਐਡਵੋਕੇਟ ਕੈਨੇਡਾ।
6. ਡਾ: ਪਰਮਿੰਦਰ ਸਿੰਘ, ਇਹ ਅੱਜਕੱਲ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸੇਵਾ ਨਿਭਾਅ ਰਹੇ ਹਨ।
7. ਡਾ: ਜੁਗਿੰਦਰ ਸਿੰਘ ਨਹਿਰੂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਪਿੰਡ ਵਿੱਚ ਲਾਲਾ ਲਾਜਪਤ ਰਾਏ ਯਾਦਗਾਰੀ ਕਮੇਟੀ ਢੁੱਡੀਕੇ, ਦੇਸ਼ ਭਗਤ ਗਦਰੀ ਬਾਬੇ ਯਾਦਗਾਰੀ ਕਮੇਟੀ ਢੁੱਡੀਕੇ, ਦਸ਼ਮੇਸ਼ ਨੌਜਵਾਨ ਗਰਾਮ ਸਭਾ ਢੁੱਡੀਕੇ, ਬਾਬਾ ਜੀਵਨ ਸਿੰਘ ਵੈਲਫੇਅਰ ਕਲੱਬ ਢੁੱਡੀਕੇ, ਦੇਸ਼ ਭਗਤ ਸਪੋਰਟਸ ਕਲੱਬ ਢੁੱਡੀਕੇ, ਭਾਈ ਘਨੱਈਆ ਯਾਦਗਾਰੀ ਕਲੱਬ ਢੁੱਡੀਕੇ, ਪੰਜਾਬੀ ਲੇਖਕ ਪਾਠਕ ਮੰਚ ਢੁੱਡੀਕੇ ਅਤੇ ਅੰਗਹੀਣ ਭਲਾਈ ਸੰਸਥਾ ਢੁੱਡੀਕੇ ਵਰਗੀਆਂ ਸੰਸਥਾਵਾਂ ਆਪੋ ਆਪਣੇ ਖੇਤਰ ਵਿੱਚ ਸੇਵਾ ਨਿਭਾ ਰਹੀਆਂ ਹਨ। ਦੁਆ ਕਰਦੇ ਹਾਂ ਕਿ ਪਿੰਡ ਵਿੱਚ ਅਮਨ, ਸ਼ਾਂਤੀ, ਖੁਸ਼ਹਾਲੀ ਤੇ ਭਰਾਤਰੀ ਭਾਵ ਬਣਿਆ ਰਹੇ। ਪਿੰਡ ਦਾ ਨਾਮ ਦੁਨੀਆਂ ਵਿੱਚ ਦੂਰ-ਦੂਰ ਤੱਕ ਚਮਕਦਾ ਰਹੇ।

ਬੰਸਾਵਲੀ ਬਾਬਾ ਪਾਲਾ ਸਿੰਘ


ਸੂਰਤ ਗਿਲ
ਗੁਰਦਾਸ
ਬਾਸੋ
ਸਲੇਮਸ਼ਾਹ
ਭੂਮੀਆ
ਦਲਪਤ
ਕਪੂਰਾ
ਸੁਖਚੈਨ
ਬਾਜਾ
ਅਮਰਾ
ਕਮਰਾ
ਚਾੜ੍ਹ ਸਿੰਘ
ਹਰੀ ਸਿੰਘ
ਟਹਿਲ ਸਿੰਘ
ਵਜੀਰ ਸਿੰਘ
ਧਰਮ ਸਿੰਘ
ਅਲਬੇਲ ਸਿੰਘ
ਸੁਹੇਲ ਸਿੰਘ
ਦਲੇਲ ਸਿੰਘ
ਹੀਰਾ ਸਿੰਘ
ਕਿਸ਼ਨ ਸਿੰਘ
ਬੱਗਾ ਸਿੰਘ
ਬਿਸ਼ਨ ਸਿੰਘ
ਭਾਨ ਸਿੰਘ
ਪਾਲਾ ਸਿੰਘ
ਮੁਕੰਦ ਸਿੰਘ
ਰਾਮ ਸਿੰਘ
ਸਾਧੂ ਸਿੰਘ
ਸੁਰਜੀਤ ਸਿੰਘ
ਪਰੀਤਮ ਸਿੰਘ
ਰਣਜੀਤ ਸਿੰਘ
ਲਖਵੀਰ ਸਿੰਘ
ਨਰਿੰਦਰ ਸਿੰਘ-ਪਰਮਿੰਦਰ ਸਿੰਘ
ਸਵਰਨ ਸਿੰਘ-ਜਗਤਾਰ ਸਿੰਘ
ਗੁਰਜੌਤ ਸਿੰਘ- ਕਰਨਵੀਰ ਸਿੰਘ

ਜਨਮ

ਫਿਰੋਜ਼ਪੁਰ ਜ਼ਿਲ੍ਹੇ ਦਾ ਪਿੰਡ ਢੁੱਡੀਕੇ ਉਨੀਵੀਂ ਸਦੀ ਵਿੱਚ ਹੀ ਪੰਜਾਬ ਦੇ ਨਕਸ਼ੇ ਉੱਤੇ ਆ ਗਿਆ ਸੀ। ਉਸ ਵੇਲੇ ਇਹ ਛੋਟਾ ਜਿਹਾ ਕੱਚੇ ਘਰਾਂ ਵਾਲਾ ਪਿੰਡ ਸੀ। ਇੱਥੇ ਕਿਰਸਾਨ, ਮਹਾਜਨ, ਤਰਖਾਣ, ਲੁਹਾਰ, ਮਹਿਰੇ, ਸੁਨਿਆਰ, ਬਾਜ਼ੀਗਰ, ਪਰਜਾਪਤ, ਦਰਜੀ, ਸੱਧਰ, ਬੌਰੀਏ, ਮਹੰਤ, ਤੇਲੀ, ਮੋਚੀ, ਮਜ਼੍ਹਬੀ, ਰਮਦਾਸੀਏ ਤੇ ਮੁਸਲਮਾਨ ਬੜੇ ਪਿਆਰ ਸਤਿਕਾਰ ਨਾਲ ਰਹਿੰਦੇ ਸਨ। ਜ਼ਿਮੀਦਾਰਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ ਤੇ ਦੂਜੇ ਲੋਕ ਆਪੋ ਆਪਣਾ ਪਿਤਾ ਪੁਰਖੀ ਕਿੱਤਾ ਕਰਦੇ। ਸੰਨ 1850 ਤੋਂ ਲੈ ਕੇ 1960 ਤੱਕ ਦੇਸ਼ ਵਿੱਚ ਬਹੁਤ ਵਾਰ ਕਾਲ ਪਏ। ਦੇਸ਼ ਵਿੱਚ ਅੰਨ ਦੀ ਥੁੜ ਹੋ ਗਈ। ਲੋਕ ਦਾਣੇ-ਦਾਣੇ ਨੂੰ ਤਰਸ ਰਹੇ ਸਨ। ਲੱਖਾਂ ਲੋਕ ਭੁੱਖਮਰੀ ਤੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿੱਚ ਚਲੇ ਗਏ। ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ। ਦੇਸ਼ ਵਿੱਚ ਅਨਪੜ੍ਹਤਾ ਸੀ। ਆਮ ਲੋਕਾਂ ਦਾ ਜੀਵਨ ਬਹੁਤ ਮੁਸ਼ਕਲਾਂ ਵਾਲਾ ਸੀ। ਅੰਗਰੇਜ਼ੀ ਸਰਕਾਰ ਸਾਡੇ ਦੇਸ਼ ਦੀ ਲੁੱਟ ਤਾਂ ਬਹੁਤ ਕਰ ਰਹੀ ਸੀ ਪਰ ਲੋਕਾਂ ਨੂੰ ਕੁਝ ਸਹੂਲਤਾਂ ਦੇਣ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ।

ਜ਼ਮੀਨ ਟਾਕੀ ਵੰਡ ਹੋਣ ਕਰਕੇ ਕਿਰਸਾਨ ਆਪਣੀ ਫ਼ਸਲ ਦੀ ਚੰਗੀ ਤਰ੍ਹਾਂ ਰਾਖੀ ਨਹੀਂ ਸੀ ਕਰ ਸਕਦਾ। ਸਿੰਚਾਈ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ। ਜ਼ਮੀਨ ਵੀ ਇੱਕਸਾਰ ਨਹੀਂ ਸੀ। ਇੱਕ ਘੁਮਾ ਜ਼ਮੀਨ ਵਿੱਚੋਂ ਸੱਤ ਅੱਠ ਮਣ ਦਾਣੇ ਮੁਸ਼ਕਲ ਨਾਲ ਨਿਕਲਦੇ ਸਨ। ਜ਼ਮੀਨ ਦਾ ਮਾਲੀਆ ਦੇਣਾ ਔਖਾ ਕੰਮ ਸੀ। ਇਸ ਤੋਂ ਵੀ ਅੱਗੇ ਮਾਲੀਏ ਦੀ ਨਕਦੀ ਵਸੂਲੀ ਨੇ ਕਿਰਸਾਨਾਂ ਦਾ ਕਚੂੰਮਰ ਕੱਢ ਦਿੱਤਾ। ਕਾਲ ਪੈਣ ਨਾਲ ਅਨਾਜ ਦੀ ਤਾਂ ਪਹਿਲਾਂ ਹੀ ਥੁੜ ਸੀ ਤੇ ਹੁਣ ਮਾਲੀਏ ਦੀ ਨਕਦੀ ਨਾਲ ਕਿਰਸਾਨ ਅਨਾਜ ਵੱਧ ਵੇਚਣ ਲਈ ਮਜਬੂਰ ਸਨ। ਸਿੱਟੇ ਵਜੋਂ ਕਿਰਸਾਨ ਆਪਣੀਆਂ ਜ਼ਮੀਨਾਂ ਵੇਚਣ ਲੱਗੇ। ਪੰਜਾਬ ਵਿੱਚ ਛੋਟੇ ਕਿਰਸਾਨਾਂ ਦੀ ਜ਼ਮੀਨ ਧਨੀ ਕਿਰਸਾਨਾਂ ਕੋਲ ਜਾਂ ਫਿਰ ਸ਼ਾਹੂਕਾਰਾਂ ਕੋਲ ਜਾਣ ਲੱਗੀ। ਇਸ ਸ਼੍ਰੇਣੀ ਦਾ ਝੁਕਾਅ ਆਪਣੀ ਜ਼ਮੀਨ/ਜਾਇਦਾਦ ਨੂੰ ਬਚਾਈ ਰੱਖਣ ਦੇ ਮੰਤਵ ਨਾਲ ਅੰਗਰੇਜ਼ ਸਰਕਾਰ ਪੱਖੀ ਹੋ ਗਿਆ।

ਪੰਜਾਬ ਵਿੱਚ ਛੋਟੀ ਕਿਸਾਨੀ ਤੇ ਪੇਂਡੂ ਦਸਤਕਾਰੀ ਦਾ ਦਮ ਟੁੱਟਣ ਲੱਗਾ। ਆਮ ਲੋਕਾਂ ਦਾ ਜੀਵਨ ਮੰਦਹਾਲੀ ਵਾਲਾ ਬਣ ਗਿਆ। ਅਜਿਹੇ ਸਮੇਂ ਵਿੱਚ ਹੀ ਪਾਲਾ ਸਿੰਘ ਦਾ ਜਨਮ ਪਿਤਾ ਬੱਗਾ ਸਿੰਘ ਦੇ ਘਰ ਤੇ ਮਾਤਾ ਜੈ ਕੌਰ ਦੀ ਕੁੱਖੋਂ 1894 ਈ: ਨੂੰ

ਪਿੰਡ ਢੁੱਡੀਕੇ ਵਿਖੇ ਹੋਇਆ। ਬੱਗਾ ਸਿੰਘ ਛੱਤੀ ਘੁਮਾਂ ਦਾ ਮਾਲਕ ਸੀ ਪਰ ਜ਼ਮੀਨ ਦੀ ਵੱਡੀ ਢੇਰੀ ਹੋਣ ਦੇ ਬਾਵਜੂਦ ਘਰ ਦੀ ਹਾਲਤ ਚੰਗੀ ਨਹੀਂ ਸੀ। ਖੇਤੀਬਾੜੀ ਸਖ਼ਤ ਮਿਹਨਤ ਵਾਲਾ ਕਿੱਤਾ ਸੀ ਜਿਸ ਵਿੱਚੋਂ ਹੱਥੀਂ ਕੀਤੀ ਮਿਹਨਤ ਦਾ ਮੁੱਲ ਵੀ ਨਹੀਂ ਸੀ ਮੁੜਦਾ। ਪਾਲਾ ਸਿੰਘ ਹਾਲੇ ਚਾਰ ਸਾਲ ਦਾ ਹੀ ਸੀ ਕਿ ਉਸ ਦੇ ਪਿਤਾ ਦਾ ਦਿਹਾਂਤ ਹੋ ਗਿਆ। ਘਰ ਵਿੱਚ ਕੁਹਰਾਮ ਮੱਚ ਗਿਆ। ਘਰ ਦਾ ਕਮਾਊ ਬੰਦਾ ਛੋਟੀ ਉਮਰੇ ਤੁਰ ਗਿਆ। ਪਾਲਾ ਸਿੰਘ ਦੀ ਭੈਣ ਨਿਹਾਲੋ ਦਾ ਜਨਮ ਬਾਪ ਦੇ ਦਿਹਾਂਤ ਪਿੱਛੋਂ ਹੋਇਆ ਸੀ। ਲੜਕੀ ਨੇ ਆਪਣੇ ਬਾਪ ਦਾ ਮੂੰਹ ਵੀ ਨਹੀਂ ਸੀ ਵੇਖਿਆ। ਦੋਵੇਂ ਭੈਣ ਭਰਾ ਬਾਪ ਦੇ ਪਿਆਰ ਤੋਂ ਵਾਂਝੇ ਰਹੇ। ਬੱਗਾ ਸਿੰਘ ਦਾ ਛੋਟਾ ਭਰਾ ਬਿਸ਼ਨ ਸਿੰਘ ਸੀ। ਉਸ ਵੇਲੇ ਪਰੀਵਾਰ ਇਕੱਠਾ ਸੀ ਜਿਸ ਕਰਕੇ ਘਰ ਦੀ ਖੇਤੀ ਦਾ ਕੰਮ ਹੁਣ ਬਿਸ਼ਨ ਸਿੰਘ ਨੇ ਸੰਭਾਲ ਲਿਆ। ਪਾਲਾ ਸਿੰਘ ਨੂੰ ਆਪਣੇ ਬਾਪ ਦੀ ਚੰਗੀ ਤਰ੍ਹਾਂ ਸੁਰਤ ਸੀ। ਪਾਲਾ ਸਿੰਘ ਆਪਣੀ ਮਾਂ, ਦਾਦੀ ਜਾਂ ਫਿਰ ਚਾਚੇ ਕੋਲੋਂ ਆਪਣੇ ਬਾਪ ਦੀਆਂ ਤੇ ਦਾਦੇ ਦੀਆਂ ਗੱਲਾਂ ਸੁਣਦਾ। ਪਾਲਾ ਸਿੰਘ ਦੇ ਨਾਨਕੇ ਗਵਾਂਢੀ ਪਿੰਡ ਦੌਧਰ ਵਿੱਚ ਸਨ। ਉਸਦੇ ਮਾਮੇ ਅਕਸਰ ਛੇਤੀ ਮਿਲਣ ਆ ਜਾਂਦੇ ਸਨ।

ਬਚਪਨ

ਪਾਲਾ ਸਿੰਘ ਦਾ ਬਚਪਨ ਪਿੰਡਾਂ ਦੇ ਆਮ ਬੱਚਿਆਂ ਵਰਗਾ ਹੀ ਸੀ। ਉਨ੍ਹਾਂ ਦਾ ਘਰ ਕੱਚਾ ਤੇ ਛੋਟਾ ਸੀ। ਦੋ ਕਮਰੇ, ਇਕ ਸਬਾਤ। ਇਕ ਪਾਸੇ ਤੂੜੀ ਤੇ ਪਸ਼ੂਆਂ ਲਈ ਦੋ ਕਮਰੇ। ਘਰ ਨੂੰ ਜਾਂਦੀ ਗਲੀ ਤੰਗ ਸੀ ਜਿਸ ਕਰਕੇ ਗੱਡਾ ਬਾਹਰ ਹੀ ਖੜ੍ਹਾ ਕਰਨਾ ਪੈਂਦਾ। ਪਾਲਾ ਸਿੰਘ ਘਰ ਦਾ ਨਿੱਕਾ ਮੋਟਾ ਕੰਮ ਕਰਦਾ। ਆਥਣ ਸਵੇਰ ਹਾਣੀਆਂ ਨਾਲ ਖਿੱਦੋ ਖੂੰਡੀ ਖੇਡਦਾ। ਉਨ੍ਹਾਂ ਦੇ ਗਵਾਂਢ ਵਿੱਚ ਡਾਕਟਰ ਈਸ਼ਰ ਸਿੰਘ ਦਾ ਘਰ ਸੀ। ਪਿੰਡ ਦੇ ਲੋਕ ਉਸ ਕੋਲੋਂ ਦਵਾਈ ਲੈਣ ਆਉਂਦੇ। ਡਾ: ਈਸ਼ਰ ਸਿੰਘ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਪਿੰਡ ਵਿੱਚ ਇੱਕ ਸਕੂਲ ਖੋਲ੍ਹ ਦਿੱਤਾ ਸੀ। ਪਿੰਡ ਦੇ ਬਹੁਤ ਬੱਚੇ ਸਕੂਲ ਵਿੱਚ ਪੜ੍ਹਨ ਜਾਣ ਲੱਗ ਪਏ ਪਰ ਪਾਲਾ ਸਿੰਘ ਨੂੰ ਘਰ ਦੇ ਕਈ ਕੰਮ ਕਰਨੇ ਪੈਂਦੇ। ਉਹ ਸਕੂਲ ਨਾ ਜਾ ਸਕਿਆ। ਉਸ ਨੂੰ ਜਦੋਂ ਵੀ ਕੰਮਾਂ ਤੋਂ ਵਿਹਲ ਮਿਲਦੀ ਤਾਂ ਉਹ ਆਪਣੇ ਹਾਣੀਆ ਨਾਲ ਡੰਡਾ ਡੁੱਕ ਜਾਂ ਖਿੱਦੋ ਖੂੰਡੀ ਖੇਡਣ ਚਲਾ ਜਾਂਦਾ।

ਘਰ ਵਿੱਚ ਦੁੱਧ ਘਿਓ ਆਮ ਸੀ। ਖੁੱਲ੍ਹੀ ਖੁਰਾਕ ਖਾਣ ਨਾਲ ਪਾਲਾ ਸਿੰਘ ਛੇਤੀ ਹੀ ਚੰਗਾ ਕੱਦ ਕਾਠ ਕੱਢ ਆਇਆ। ਖੇਤੀ ਦਾ ਕੰਮ ਤਾਂ ਉਸ ਦੇ ਚਾਚੇ ਬਿਸ਼ਨ ਸਿੰਘ ਨੇ ਸੰਭਾਲਿਆ ਹੋਇਆ ਸੀ ਪਰ ਖੇਤੀ ਦਾ ਕੰਮ ਹੀ ਅਜਿਹਾ ਹੈ ਜਿਸ ਵਿੱਚ ਘਰ ਦੇ ਨਿੱਕੇ ਵੱਡੇ ਸਭ ਜੀਆਂ ਦੀ ਲੋੜ ਪੈਂਦੀ ਹੈ। ਬਿਸ਼ਨ ਸਿੰਘ ਤੜਕੇ ਹਲ ਜੋੜ ਕੇ ਜਾਂਦਾ ਤਾਂ ਪਾਲਾ ਸਿੰਘ ਖੇਤ ਉਸ ਦੀ ਰੋਟੀ ਲੈ ਕੇ ਜਾਂਦਾ। ਦੁਪਹਿਰੇ ਤੇ ਸ਼ਾਮ ਨੂੰ ਘਰ ਦੇ ਪਸ਼ੂਆਂ ਨੂੰ ਛੱਪੜ ਉੱਤੇ ਲਿਜਾਂਦਾ। ਪਸ਼ੂ ਪਾਣੀ ਪੀਂਦੇ ਤੇ ਖੁੱਲ੍ਹੇ ਪਾਣੀ ਵਿੱਚ ਤਾਰੀਆਂ ਲਾਉਂਦੇ। ਫਿਰ ਉਨ੍ਹਾਂ ਨੂੰ ਪਾਲਾ ਸਿੰਘ ਘਰ ਲਿਆ ਕੇ ਪੱਠੇ ਪਾਉਂਦਾ। ਇਸ ਤਰ੍ਹਾਂ ਛੋਟੀ ਉਮਰ ਵਿੱਚ ਉਹ ਘਰ ਦੇ ਕੰਮਾਂ ਵਿੱਚ ਰੁੱਝ ਗਿਆ ਸੀ। ਘਰ ਦੇ ਕੰਮਾਂ ਤੋਂ ਪਾਲਾ ਸਿੰਘ ਨੂੰ ਜਦੋਂ ਵੀ ਵਿਹਲ ਮਿਲਦੀ ਤਾਂ ਉਹ ਕਈ ਵਾਰ ਆਪਣੇ ਹਾਣੀਆਂ ਨਾਲ ਖੇਡਣ ਲਈ ਡਾ: ਈਸ਼ਰ ਸਿੰਘ ਦੇ ਘਰ ਚਲਾ ਜਾਂਦਾ। ਉੱਥੇ ਪਿੰਡ ਦੇ ਬੰਦੇ ਦਵਾਈ ਲੈਣ ਆਉਂਦੇ ਅਕਸਰ ਗੱਲਾਂ ਕਰਦੇ ਕਿ ਸਾਡਾ ਦੇਸ਼ ਤਾਂ ਅੰਗਰੇਜ਼ਾਂ ਦਾ ਗੁਲਾਮ ਹੈ। ਦੇਸ਼ ਵਿੱਚ ਸਾਡੇ ਲੋਕਾਂ ਨੂੰ ਕੋਈ ਨਹੀਂ ਪੁੱਛਦਾ। ਪੁਲੀਸ ਕਿਸੇ ਨੂੰ ਵੀ ਫੜ ਕੇ ਜੇਲ੍ਹਾਂ ਵਿੱਚ ਬੰਦ ਕਰ ਦੇਵੇ। ਕਿਸੇ ਦੀ ਕੋਈ ਸੁਣਵਾਈ ਨਹੀਂ। ਪਾਲਾ ਸਿੰਘ ਅੰਦਰਖਾਤੇ ਸੋਚਦਾ ਕਿ ਇਹ ਅੰਗਰੇਜ਼ ਕੌਣ ਹੋਏ! ਇਹ ਕਿੱਥੋਂ ਆ ਗਏ। ਉਸ ਨੂੰ ਕਿਸੇ ਗੱਲ ਦੀ ਸਮਝ ਤਾਂ ਨਹੀਂ ਸੀ ਪਰ ਕਈ ਗੱਲਾਂ ਬੁਝਾਰਤਾਂ ਬਣ ਕੇ ਉਸ ਦੇ ਦਿਲ ਵਿਚ ਬੈਠ ਰਹੀਆਂ ਸਨ।

ਪਾਲਾ ਸਿੰਘ ਦਾ ਚਾਚਾ ਬਿਸ਼ਨ ਸਿੰਘ ਕੁਝ ਹੀ ਸਾਲਾਂ ਵਿੱਚ ਘਰ ਦੇ ਬਹੁਤ ਕੰਮਾਂ ਦੇ ਬੋਝ ਨਾਲ ਕਮਜ਼ੋਰ ਹੋ ਗਿਆ। ਫਿਰ ਉਹ ਹਰ ਰੋਜ਼ ਅਫੀਮ ਖਾਣ ਲੱਗ ਪਿਆ ਤੇ ਉਹ ਨਸ਼ੇ ਦੇ ਜ਼ੋਰ ਨਾਲ ਕੰਮ ਕਰਦਾ। ਲੋਕ ਉਸ ਨੂੰ ਬਿਸ਼ਨੇ ਅਮਲੀ ਦੇ ਨਾਮ ਨਾਲ ਯਾਦ ਕਰਦੇ। ਦਿਨੋ ਦਿਨ ਪਾਲਾ ਸਿੰਘ ਉੱਤੇ ਕੰਮਾਂ ਦਾ ਬੋਝ ਵਧਣ ਲੱਗਾ। ਚਾਚਾ ਹਲ ਛੱਡ ਕੇ ਪੱਠੇ ਵੱਢਦਾ ਤੇ ਪਾਲਾ ਸਿੰਘ ਪੱਠੇ ਗੱਡੇ ਉੱਤੇ ਲੱਦ ਕੇ ਲੈ ਆਉਂਦਾ। ਉਹ ਨਿੱਕੀ ਉਮਰੇ ਹੀ ਸੋਚਦਾ ਸੀ ਕਿ ਜ਼ਮੀਨ ਵੀ ਬਥੇਰੀ ਹੈ ਪਰ ਘਰ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ। ਸਾਰਾ ਸਾਲ ਪੂਰੀ ਮਿਹਨਤ ਕਰਨ ਪਿੱਛੋਂ ਵੀ ਹੱਥ ਪੱਲੇ ਕੁਝ ਨਹੀਂ ਆਉਂਦਾ। ਘਰ ਦੇ ਕੰਮ ਕਰਦਿਆਂ ਤੇ ਨਿੱਕੀਆਂ-ਨਿੱਕੀਆਂ ਘਰ ਦੀਆਂ ਸੋਚਾਂ ਸੋਚਦਾ ਹੀ ਪਾਲਾ ਸਿੰਘ ਦਾ ਬਚਪਨ ਗੁਜ਼ਰਿਆ।

ਵਿਦੇਸ਼ ਜਾਣ ਦੀ ਤਿਆਰੀ

ਪਾਲਾ ਸਿੰਘ ਸ਼ੁਰੂ ਤੋਂ ਹੁੰਦੜਹੇਲ ਹੋਣ ਕਰਕੇ ਸੋਲਾਂ ਸਤਾਰਾਂ ਸਾਲ ਦੀ ਉਮਰ ਵਿੱਚ ਚੰਗਾ ਕੱਦ ਕਾਠ ਕੱਢ ਆਇਆ ਸੀ। ਉਸ ਨੂੰ ਘਰ ਦੇ ਕੰਮਾਂ ਤੋਂ ਜਦੋਂ ਵੀ ਵਿਹਲ ਮਿਲਦੀ ਤਾਂ ਉਹ ਡਾ: ਈਸ਼ਰ ਸਿੰਘ ਦੇ ਘਰ ਚਲਾ ਜਾਂਦਾ। ਏਥੇ ਉਸ ਨੂੰ ਨਵੀਂ ਤੋਂ ਨਵੀਂ ਗੱਲ ਸੁਣਨ ਨੂੰ ਮਿਲਦੀ। ਪਿੰਡ ਦੇ ਬੰਦੇ ਏਥੇ ਅਕਸਰ ਹੀ ਅੰਗਰੇਜ਼ ਸਰਕਾਰ ਦੀਆਂ ਗੱਲਾਂ ਕਰਦੇ। ਗੱਲਾਂ ਕਦੇ ਕਾਲ ਦੀਆਂ, ਭੁੱਖਮਰੀ ਦੀਆਂ, ਲੋਕਾਂ ਦੇ ਕੰਮਾਂ ਧੰਦਿਆਂ ਦੀਆਂ, ਖੇਤੀ ਦੀਆਂ ਤੇ ਕਦੇ ਵਲਾਇਤ ਜਾਣ ਦੀਆਂ ਹੁੰਦੀਆਂ। ਖੇਤੀ ਬਹੁਤ ਔਖਾ ਕੰਮ ਸੀ ਜਿਸ ਵਿੱਚੋਂ ਹੁਣ ਮਾਲੀਆ ਦੇਣਾ ਵੀ ਔਖਾ ਲੱਗਦਾ ਸੀ। ਲੋਕ ਅੱਕ ਕੇ ਬਾਹਰਲੇ ਦੇਸ਼ਾਂ ਨੂੰ ਜਾਣ ਲੱਗ ਪਏ। ਪਾਲਾ ਸਿੰਘ ਦਾ ਮਾਮਾ ਅਰਜਨ ਸਿੰਘ ਵੀ ਹਾਂਗਕਾਂਗ ਚਲਾ ਗਿਆ। ਉਸ ਦਿਨ ਤੋਂ ਬਾਅਦ ਤਾਂ ਪਾਲਾ ਸਿੰਘ ਵੀ ਇਹ ਸੋਚਣ ਲੱਗਾ ਪਿਆ ਕਿ ਉਹ ਵੀ ਕੈਨੇਡਾ ਜਾਂ ਅਮਰੀਕਾ ਜਾਵੇਗਾ। ਏਥੇ ਖੇਤੀ ਵਿੱਚ ਕੀ ਪਿਆ ਹੈ। ਫਿਰ ਡਾਕਟਰ ਦੇ ਘਰ ਵਿੱਚ ਪਿੰਡ ਦੇ ਲੋਕਾਂ ਤੋਂ ਪਤਾ ਲੱਗਾ ਕਿ ਉਸ ਦਾ ਗਵਾਂਢੀ ਅਤਰ ਸਿੰਘ ਹਾਂਗਕਾਂਗ ਚਲਾ ਗਿਆ ਹੈ। ਕੌਲੂ ਪੱਤੀ 'ਚੋਂ ਈਸ਼ਰ ਸਿੰਘ ਤੇ ਰਸੂਲਪੁਰੀਆ ਦਾ ਪਾਖਰ ਸਿੰਘ ਕੈਨੇਡਾ ਚਲੇ ਗਏ ਹਨ। ਕੌਲੇ ਕਾ ਪਾਲਾ ਸਿੰਘ, ਫੱਤੇ ਕਾ ਮਹਿੰਦਰ ਸਿੰਘ ਵੀ ਵਲਾਇਤ ਚਲੇ ਗਏ ਹਨ। ਬੱਸ ਹੁਣ ਤਾਂ ਪਾਲਾ ਸਿੰਘ ਇੱਕੋ ਗੱਲ ਸੋਚਦਾ ਕਿ ਕਿਵੇਂ ਨਾ ਕਿਵੇਂ ਬਾਹਰ ਜਾਣ ਦਾ ਕਿਰਾਇਆ ਭਾੜਾ ਬਣੇ ਤੇ ਉਹ ਵਲਾਇਤ ਚਲਾ ਜਾਵੇ।

ਪਾਲਾ ਸਿੰਘ ਨੂੰ ਘਰ ਵਿੱਚ ਇਕ ਅਜੀਬ ਗੱਲ ਦਾ ਪਤਾ ਲੱਗਾ। ਪਾਲਾ ਸਿੰਘ ਦੇ ਪਿਤਾ ਬੱਗਾ ਸਿੰਘ ਨੇ ਘਰ ਵਿੱਚ ਇਕ ਦੋਹਤੇ ਨੂੰ ਰੱਖਿਆ ਹੋਇਆ ਸੀ। ਬੱਗਾ ਸਿੰਘ ਮਰਨ ਤੋਂ ਪਹਿਲਾਂ ਵਸੀਅਤ ਲਿਖ ਗਿਆ ਸੀ ਕਿ ਉਸ ਨੇ ਆਪਣੇ ਦੋਹਤੇ ਤੋਂ ਦਸ ਹਜ਼ਾਰ ਰੁਪਿਆ ਲਿਆ ਹੋਇਆ ਹੈ। ਪਰੀਵਾਰ ਲਈ ਇਹ ਬਹੁਤ ਵੱਡੀ ਗੱਲ ਸੀ। ਰੁਪਿਆ ਤਾਂ ਸੌ ਵੀ ਇਕੱਠਾ ਕਰਨਾ ਔਖਾ ਸੀ। ਦਸ ਹਜ਼ਾਰ ਰਕਮ ਦਾ ਨਾਮ ਸੁਣ ਕੇ ਤਾਂ ਘਰ ਦੇ ਸਾਰੇ ਜੀਆਂ ਦਾ ਸਾਹ ਚੜ੍ਹ ਗਿਆ। ਹਾੜ੍ਹੀ ਸਾਉਣੀ ਕਮਾ ਕੇ ਵੀ ਦਸ ਹਜ਼ਾਰ ਰੁਪਿਆ ਇਕੱਠਾ ਨਹੀਂ ਸੀ ਹੁੰਦਾ। ਘਰ ਦੀ ਜ਼ਮੀਨ 36 ਘੁਮਾਂ ਸੀ। ਇਸ ਤਰ੍ਹਾਂ 18 ਘੁਮਾਂ ਜ਼ਮੀਨ ਜਾਂਦੀ ਸੀ। ਫਿਰ ਸਾਰੇ ਪਰੀਵਾਰ ਨੇ ਇੱਕ ਰਾਏ ਬਣਾ ਕੇ ਅੱਧੀ ਜ਼ਮੀਨ ਪਿੰਡ ਦੇ ਲੰਬੜਦਾਰ ਕਾਹਲਾ ਸਿੰਘ ਕੋਲ ਦਸ ਹਜ਼ਾਰ ਰੁਪਏ ਵਿੱਚ ਗਹਿਣੇ ਰੱਖ

ਦਿੱਤੀ ਤੇ ਉਹੀ ਦਸ ਹਜ਼ਾਰ ਰੁਪਿਆ ਦੋਹਤੇ ਨੂੰ ਦੇ ਦਿੱਤਾ। ਇਸ ਤਰ੍ਹਾਂ ਪਰੀਵਾਰ ਕੋਲ ਹੁਣ ਅੱਧੀ ਜ਼ਮੀਨ ਹੀ ਰਹਿ ਗਈ ਸੀ।

ਇਹ ਉਹ ਸਮਾਂ ਸੀ ਜਦੋਂ ਦੇਸ਼ ਦੇ ਹਾਲਾਤ ਏਨੇ ਮਾੜੇ ਸਨ ਕਿ ਕਿਸੇ ਪਾਸਿਉਂ ਵੀ ਕੋਈ ਲੋਕ ਹਿਤੈਸ਼ੀ ਲਹਿਰ ਨਹੀਂ ਸੀ ਉੱਠ ਰਹੀ। ਸੰਨ 1857 ਦੀ ਅਜ਼ਾਦੀ ਦੀ ਲੜਾਈ ਪਿੱਛੋਂ 1870 ਦੇ ਲਾਗੇ ਪੈਦਾ ਹੋਈ ਕੂਕਾ ਲਹਿਰ ਨੂੰ ਅੰਗਰੇਜ਼ ਸਰਕਾਰ ਨੇ 49 ਕੂਕਿਆਂ ਨੂੰ ਤੋਪਾਂ ਨਾਲ ਉਡਾ ਕੇ ਬੁਰੀ ਤਰ੍ਹਾਂ ਕੁਚਲ ਦਿੱਤਾ ਸੀ। ਇਸ ਪਿੱਛੋਂ ਅੰਗਰੇਜ਼ਾਂ ਨੇ ਦੂਹਰੀ ਚਾਲ ਚੱਲੀ। ਪੇਂਡੂ ਗਰੀਬ ਜਨਤਾ ਨੂੰ ਅੰਗਰੇਜ਼ਾਂ ਨੇ ਫੌਜ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਅੰਗਰੇਜ਼ ਸਾਮਰਾਜੀ ਗਰੀਬ ਤੇ ਥੁੜਾਂ ਮਾਰੇ ਭਾਰਤੀ ਨੌਜਵਾਨਾਂ ਨੂੰ ਪੂਰਬੀ ਏਸ਼ੀਆ ਦੇ ਟਾਪੂਆਂ ਬਰ੍ਹਮਾ, ਮਲਾਇਆ, ਸਿੰਘਾਪੁਰ, ਹਾਂਗਕਾਂਗ ਤੇ ਚੀਨੀ ਘਰਾਂ ਉੱਤੇ ਵੀ ਲਿਜਾ ਰਹੀ ਸੀ। ਭਾਰਤੀ ਲੋਕ ਉੱਥੇ ਕੋਠੀਆਂ ਦੀ ਰਾਖੀ ਕਰਦੇ, ਮਜ਼ਦੂਰੀ ਕਰਦੇ ਤੇ ਕਈ ਪੁਲੀਸ ਵਿੱਚ ਭਰਤੀ ਹੋ ਜਾਂਦੇ। ਉੱਥੇ ਪੰਜਾਬ ਨਾਲੋਂ ਮਜ਼ਦੂਰੀ ਵੱਧ ਮਿਲਦੀ। ਇਸ ਲਾਲਚ ਕਾਰਨ ਸਾਡੇ ਲੋਕ ਬਾਹਰਲੇ ਦੇਸ਼ਾਂ ਨੂੰ ਵਧੇਰੇ ਜਾਣ ਲੱਗ ਪਏ।

ਪਾਲਾ ਸਿੰਘ ਨੇ ਵੀ ਬਾਹਰਲੇ ਦੇਸ਼ ਜਾਣ ਲਈ ਘਰ ਵਿੱਚ ਗੱਲ ਚਲਾਈ ਪਰ ਕਿਰਾਏ ਦਾ ਜੁਗਾੜ ਕਰਨਾ ਬੜਾ ਔਖਾ ਸੀ ਪਰ ਦੂਜੇ ਪਾਸੇ ਗਹਿਣੇ ਪਈ ਜ਼ਮੀਨ ਘਰ ਦੇ ਜੀਆਂ ਲਈ ਚਿੰਤਾ ਦਾ ਵਿਸ਼ਾ ਸੀ। ਕਦੋਂ ਦਸ ਹਜ਼ਾਰ ਰੁਪਿਆ ਇਕੱਠਾ ਹੋਵੇ ਤੇ ਕਦੋਂ ਜ਼ਮੀਨ ਛੁਡਾਈ ਜਾਵੇ। ਜ਼ਮੀਨ ਛੁਡਾਉਣ ਦੇ ਮੰਤਵ ਨਾਲ ਘਰ ਵਾਲਿਆਂ ਨੇ ਪਾਲਾ ਸਿੰਘ ਨੂੰ ਬਾਹਰ ਭੇਜਣਾ ਹੀ ਠੀਕ ਸਮਝਿਆ। ਇਕ ਵਾਰ ਔਖੇ ਸੌਖੇ ਹੋ ਕੇ ਕਿਰਾਏ ਦਾ ਪ੍ਰਬੰਧ ਕਰਕੇ ਪਾਲਾ ਸਿੰਘ ਨੂੰ ਉਸ ਦੇ ਮਾਮੇ ਅਰਜਨ ਸਿੰਘ ਕੋਲ ਹਾਂਗਕਾਂਗ ਭੇਜਣ ਦਾ ਫੈਸਲਾ ਹੋ ਗਿਆ। ਉਸ ਵੇਲੇ ਕੈਨੇਡਾ ਜਾਂ ਅਮਰੀਕਾ ਨੂੰ ਸਿੱਧਾ ਜਾਣਾ ਬਹੁਤ ਔਖਾ ਸੀ। ਪਾਲਾ ਸਿੰਘ ਦਾ ਵੀ ਖੇਤੀ ਵਿੱਚ ਹੁਣ ਦਿਲ ਨਹੀਂ ਸੀ ਲੱਗਦਾ। ਜ਼ਮੀਨ ਸਾਰੀ ਇੱਕ ਥਾਂ ਇਕੱਠੀ ਨਹੀਂ ਸੀ। ਘੁਮਾ ਕਿਸੇ ਪਾਸੇ ਤੇ ਘੁਮਾਂ ਕਿਸੇ ਪਾਸੇ। ਅੱਜ ਹਲ ਇਸ ਪਾਸੇ ਤੇ ਕੱਲ੍ਹ ਨੂੰ ਹਲ ਕਿਸੇ ਹੋਰ ਪਾਸੇ। ਹਲ ਛੱਡ ਕੇ ਚਰ੍ਹੀ ਦੀ ਭਰੀ ਲਿਆਉਣੀ। ਘਰ ਆ ਕੇ ਪਸ਼ੂਆਂ ਦੀ ਸੇਵਾ ਸੰਭਾਲ ਦਾ ਕੰਮ ਨਾ ਮੁੱਕਦਾ ਪਰ ਫਿਰ ਵੀ ਖੇਤੀ ਵਿੱਚੋਂ ਕੁੱਝ ਬਚਦਾ ਨਹੀਂ ਸੀ। ਪਾਲਾ ਸਿੰਘ ਨੇ ਪੱਕਾ ਮਨ ਬਣਾ ਲਿਆ ਕਿ ਉਹ ਹਰ ਹਾਲ ਬਾਹਰਲੇ ਦੇਸ਼ ਕੈਨੇਡਾ ਜਾਂ ਅਮਰੀਕਾ ਜਾਵੇਗਾ। ਖੂਬ ਕਮਾਈ ਕਰਕੇ ਘਰ ਦੀ ਨੁਹਾਰ ਬਦਲ ਦੇਵੇਗਾ। ਗਹਿਣੇ ਪਈ ਜ਼ਮੀਨ ਵੀ ਛੁਡਾ ਲਵੇਗਾ। ਬੱਸ ਪਾਲਾ ਸਿੰਘ ਨੂੰ ਕੈਨੇਡਾ ਜਾਂ ਅਮਰੀਕਾ ਜਾਣ ਦੇ ਹੀ ਸੁਪਨੇ ਆਉਂਦੇ।

ਪਾਲਾ ਸਿੰਘ ਹਾਂਗਕਾਂਗ ਵਿੱਚ

ਉਨੀਵੇਂ ਸਾਲ ਦੀ ਉਮਰ ਵਿੱਚ ਪਾਲਾ ਸਿੰਘ ਨੇ ਅਮਰੀਕਾ ਪਹੁੰਚਣ ਲਈ ਚਾਲੇ ਪਾ ਦਿੱਤੇ। ਅਮਰੀਕਾ ਨੂੰ ਸਿੱਧਾ ਜਾਣਾ ਔਖਾ ਹੁੰਦਾ ਸੀ। ਪਾਲਾ ਸਿੰਘ ਆਪਣੇ ਮਾਮਾ ਅਰਜਣ ਸਿੰਘ ਦੌਧਰ ਕੋਲ ਹਾਂਗਕਾਂਗ ਪਹੁੰਚ ਗਿਆ। ਅਤਰ ਸਿੰਘ ਢੁੱਡੀਕੇ ਵੀ ਉਸ ਵੇਲੇ ਹਾਂਗਕਾਂਗ ਵਿੱਚ ਇੱਕ ਗੁਰਦੁਆਰੇ ਵਿੱਚ ਸੇਵਾ ਨਿਭਾ ਰਿਹਾ ਸੀ। ਪਾਲਾ ਸਿੰਘ ਹਰ ਰੋਜ਼ ਗੁਰਦੁਆਰੇ ਜਾਂਦਾ ਜਿਥੇ ਉਸ ਨੂੰ ਅਕਸਰ ਹੀ ਪੰਜਾਬੀ ਆਦਮੀ ਮਿਲ ਜਾਂਦੇ। ਇਹ ਬੰਦੇ ਵੱਖੋ-ਵੱਖ ਥਾਵਾਂ ਉੱਤੇ ਕੰਮ ਕਰਕੇ ਚੋਖਾ ਪੈਸਾ ਕਮਾ ਰਹੇ ਸਨ। ਪਾਲਾ ਸਿੰਘ ਵੀ ਉਨ੍ਹਾਂ ਤੋਂ ਉਤਸ਼ਾਹਿਤ ਹੋ ਕੇ ਸੋਚਦਾ ਕਿ ਉਹ ਵੀ ਸਖ਼ਤ ਮਿਹਨਤ ਕਰਕੇ ਖ਼ੂਬ ਪੈਸਾ ਕਮਾਏਗਾ। ਘਰ ਦੀ ਗਹਿਣੇ ਪਈ ਜ਼ਮੀਨ ਛੁਡਾਉਣੀ ਹੈ। ਘਰ ਵਿੱਚ ਕੰਮ ਕਰਨ ਵਾਲਾ ਕੋਈ ਨਹੀਂ। ਚਾਚਾ ਹੁਣ ਖੇਤੀ ਦੇ ਕੰਮ ਕਰਨ ਦੇ ਸਮਰੱਥ ਨਹੀਂ। ਘਰ ਦੇ ਕੰਮਾਂ ਦਾ ਸਾਰਾ ਬੋਝ ਪਾਲਾ ਸਿੰਘ ਉੱਪਰ ਆ ਪਿਆ ਸੀ। ਪਾਲਾ ਸਿੰਘ ਸ਼ੁਰੂ ਤੋਂ ਸਖ਼ਤ ਮਿਹਨਤ ਕਰਨ ਦਾ ਆਦੀ ਸੀ। ਦੁੱਧ ਘਿਉ ਖਾਣ ਨਾਲ ਉਸ ਦਾ ਸਰੀਰ ਗੱਠਿਆ ਹੋਇਆ ਸੀ।

ਇਨ੍ਹਾਂ ਦਿਨਾਂ ਵਿੱਚ ਗ਼ਦਰ ਪਾਰਟੀ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣ ਲਈ ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਗਈ ਸੀ। ਗ਼ਦਰ ਪਾਰਟੀ ਦਾ ਮੁੱਖ ਦਫ਼ਤਰ ਅਮਰੀਕਾ ਦੇ ਸ਼ਹਿਰ ਸਾਂਫਰਾਂਸਿਸਕੋ ਵਿੱਚ ਸੀ ਤੇ ਇਸ ਦੀਆਂ ਸ਼ਖਾਵਾਂ ਦੁਨੀਆਂ ਦੇ ਬਹੁਤ ਦੇਸ਼ਾਂ ਵਿੱਚ ਖੁੱਲ੍ਹ ਚੁਕੀਆਂ ਸਨ। ਗ਼ਦਰ ਪਾਰਟੀ ਦਾ ਪਰਚਾ 'ਗ਼ਦਰ' ਦੁਨੀਆਂ ਭਰ ਵਿੱਚ ਬੈਠੇ ਭਾਰਤੀਆਂ ਕੋਲ ਪੁੱਜ ਰਿਹਾ ਸੀ। ਗ਼ਦਰ ਵਿੱਚ ਛਪਦੀਆਂ ਕਵਿਤਾਵਾਂ ਤੇ ਲੇਖਾਂ ਨੇ ਭਾਰਤੀ ਲੋਕਾਂ ਦੇ ਦਿਲਾਂ ਅੰਦਰ ਆਜ਼ਾਦੀ ਲਈ ਇਕ ਨਵੀਂ ਰੂਹ ਫੂਕ ਦਿੱਤੀ ਸੀ। ਭਾਰਤ ਮਾਤਾ ਦੇ ਪੈਰੀਂ ਪਈਆਂ ਬੇੜੀਆਂ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿੱਚ ਵੱਸਦੇ ਭਾਰਤੀ ਸੱਚੇ ਦਿਲੋਂ ਉੱਠਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਸਨ। ਗ਼ਦਰ ਪਾਰਟੀ ਦੇ ਉੱਘੇ ਆਗੂ ਸੋਹਨ ਸਿੰਘ ਭਕਨਾ, ਰੂੜ ਸਿੰਘ ਚੂਹੜਚੱਕ, ਕੇਸਰ ਸਿੰਘ ਠਠਗੜ੍ਹ, ਲਾਲਾ ਹਰਦਿਆਲ, ਲਾਲਾ ਠਾਕਰ ਦਾਸ ਧੂਰੀ, ਪੰਡਤ ਕਾਂਸੀ ਰਾਮ ਮੜ੍ਹੌਲੀ, ਭਾਈ ਕੇਸਰ ਸਿੰਘ, ਮੁਣਸ਼ੀ ਕਰੀਮ ਬਖਸ਼, ਕਰਤਾਰ ਸਿੰਘ ਸਰਾਭਾ, ਕਰਮ ਸਿੰਘ ਚੀਮਾ, ਸੰਤ ਵਿਸਾਖਾ ਸਿੰਘ ਤੋਂ ਬਿਨਾਂ ਸੈਂਕੜੇ ਹੋਰ ਆਗੂ ਪਾਰਟੀ ਲਈ ਦਿਨ ਰਾਤ ਕੰਮ ਕਰਦੇ ਸਨ। ਗ਼ਦਰ ਪਾਰਟੀ ਦੇ ਆਗੂ

ਤੇ ਵਰਕਰ ਦੇਸ਼ ਭਗਤੀ ਦੇ ਰੰਗ ਵਿੱਚ ਇਸ ਤਰ੍ਹਾਂ ਰੰਗੇ ਗਏ ਕਿ ਉਨ੍ਹਾਂ ਨੂੰ ਆਪਣੇ ਘਰ ਬਾਰ ਦਾ ਖਿਆਲ ਨਾ ਰਿਹਾ। ਆਪਣੀਆਂ ਕੀਮਤੀ ਜਾਇਦਾਦਾਂ ਨਾਲ ਪਿਆਰ ਨਾ ਰਿਹਾ ਤੇ ਨਾ ਹੀ ਆਪਣੀਆਂ ਜਾਨਾਂ ਦੀ ਕੋਈ ਪਰਵਾਹ ਰਹੀ। ਉਹ ਤਾਂ ਸਭ ਭਾਰਤ ਨੂੰ ਹਰ ਹੀਲੇ ਅਜ਼ਾਦ ਵੇਖਣਾ ਚਾਹੁੰਦੇ ਸਨ। ਇਸ ਦੀ ਖਾਤਰ ਉਹ ਹਰ ਕੁਰਬਾਨੀ ਲਈ ਦਿਲੋਂ ਤਿਆਰ ਸਨ।

ਗ਼ਦਰ ਪਾਰਟੀ ਨੇ ਬੜੀ ਸੋਚ ਵਿਚਾਰ ਤੋਂ ਬਾਅਦ ਇੱਕ ਲੰਬਾ ਪ੍ਰੋਗਰਾਮ ਬਣਾਇਆ। ਪਾਰਟੀ ਦਾ ਨਿਰਣਾ ਸੀ ਕਿ ਅੰਗਰੇਜ਼ ਸਾਨੂੰ ਮਿੰਨਤਾਂ ਨਾਲ ਅਜ਼ਾਦੀ ਨਹੀਂ ਦੇਣਗੇ। ਅਜ਼ਾਦੀ ਲਈ ਕੁਰਬਾਨੀਆਂ ਦੇਣੀਆਂ ਪੈਣਗੀਆਂ। ਉਹ ਅੰਗਰੇਜ਼ੀ ਸਰਕਾਰ ਜਿਹੜੀ ਭਾਰਤ ਵਰਗੇ ਖੁਸ਼ਹਾਲ ਦੇਸ਼ ਨੂੰ ਆਪਣੀ ਮੰਡੀ ਸਮਝ ਰਹੀ ਹੈ ਸਾਡੇ ਦੇਸ਼ ਦਾ ਕੱਚਾ ਮਾਲ ਲੁੱਟ ਕੇ ਉਹ ਵਲਾਇਤ ਲਿਜਾ ਰਹੀ ਹੈ। ਉੱਥੋਂ ਸਾਮਾਨ ਬਣਾ ਕੇ ਸਾਡੇ ਦੇਸ਼ ਵਿੱਚ ਮਹਿੰਗਾ ਵੇਚਿਆ ਜਾ ਰਿਹਾ ਹੈ। ਸਾਡੇ ਲੋਕਾਂ ਨੂੰ ਕੋਈ ਸਹੂਲਤ ਨਹੀਂ। ਲੋਕ ਰੱਜਵੀਂ ਰੋਟੀ ਖਾਣ ਲਈ ਤਰਸ ਰਹੇ ਹਨ। ਏਥੇ ਕੇਵਲ ਭੁੱਖਮਰੀ ਹੈ। ਬਿਮਾਰੀਆਂ ਹਨ, ਤੜਪਣਾ ਹੈ, ਰੋਣਾ ਧੋਣਾ ਹੈ। ਅੰਗਰੇਜ਼ੀ ਰਾਜ ਦਾ ਖਾਤਮਾ ਕਰਕੇ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਇੱਕੋ ਇਕ ਰਸਤਾ ਹਥਿਆਰਬੰਦ ਸੰਘਰਸ਼ ਹੈ। ਸਾਡੇ ਲੋਕਾਂ ਨੂੰ ਤੇ ਭਾਰਤੀ ਫੌਜ ਨੂੰ ਨਾਲ ਗੰਢ ਕੇ ਭਾਰਤ ਵਿੱਚ ਥਾਂ-ਥਾਂ ਗ਼ਦਰ ਮਚਾਉਣਾ ਪਏਗਾ। ਭਾਰਤ ਦੀ ਅਜ਼ਾਦੀ ਦਾ ਇਹੋ ਹੀ ਇੱਕੋ ਇੱਕ ਰਸਤਾ ਹੈ।

ਗ਼ਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਭਗਵਾਨ ਸਿੰਘ ਬੜਿੰਗ ਪਾਰਟੀ ਲਈ ਹਥਿਆਰ ਪਰਾਪਤ ਕਰਨ ਅਤੇ ਭਾਰਤੀਆਂ ਨੂੰ ਨਾਲ ਜੋੜਨ ਦੇ ਉਦੇਸ਼ ਨਾਲ ਜਾਪਾਨ ਤੋਂ ਸ਼ੰਘਾਈ ਹੁੰਦਾ ਹੋਇਆ ਹਾਂਗਕਾਂਗ ਪਹੁੰਚ ਗਿਆ। ਭਗਵਾਨ ਸਿੰਘ ਪਹਿਲਾਂ ਹੀ ਹਾਂਗਕਾਂਗ ਰਹਿ ਕੇ ਗਿਆ ਸੀ। ਏਥੋਂ ਹੀ ਉਹ ਕੈਨੇਡਾ ਚਲਾ ਗਿਆ ਸੀ ਪਰ ਕੈਨੇਡਾ ਸਰਕਾਰ ਨੇ ਉਸ ਨਾਲ ਬਹੁਤ ਵਧੀਕੀਆਂ ਕੀਤੀਆਂ। ਉਹ ਸ਼ੁਰੂ ਤੋਂ ਇਨਕਲਾਬੀ ਵਿਚਾਰਾਂ ਵਾਲਾ ਬੰਦਾ ਸੀ। ਇਸ ਦੇ ਨਾਲ ਉਹ ਬਹੁਤ ਵਧੀਆ ਬੁਲਾਰਾ ਤੇ ਇੱਕ ਚੰਗਾ ਕਵੀ ਸੀ। ਉਹ ਕੈਨੇਡਾ ਸਰਕਾਰ ਅੱਗੇ ਬਿਲਕੁਲ ਨਾ ਝੁਕਿਆ। ਉਸ ਨੇ ਤਾਂ ਸਗੋਂ ਉੱਥੇ ਸਰਕਾਰ ਨਾਲ ਪੂਰੀ ਟੱਕਰ ਲਾ ਲਈ। ਉਹ ਜਿੱਥੇ ਵੀ ਜਾਂਦਾ ਤਾਂ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਤੇ ਪ੍ਰਭਾਵਸ਼ਾਲੀ ਭਾਸ਼ਣਾਂ ਨਾਲ ਲੋਕਾਂ ਨੂੰ ਝੰਜੋੜ ਕੇ ਰੱਖ ਦਿੰਦਾ। ਉਹ ਭਾਰਤੀ ਲੋਕਾਂ ਨੂੰ ਵੰਗਾਰ ਕੇ ਆਖਦਾ ਕਿ ਅਸੀਂ ਡਰ ਕੇ ਨਹੀਂ ਜਿਉਣਾ। ਆਪਣੇ ਵਿੱਚ ਏਕਤਾ ਪੈਦਾ ਕਰਕੇ ਤਕੜੇ ਹੋਵੋ। ਕੋਸ਼ਿਸ਼ ਕਰੋ ਕਿ ਜਿਧਰ ਵੀ ਜਾਉ ਤਾਂ ਚਾਰ ਪੰਜ ਸਾਥੀ ਇਕੱਠੇ ਹੋ ਕੇ ਜਾਉ। ਹੱਥਾਂ ਵਿੱਚ ਡਾਂਗਾਂ ਤੇ ਖੂੰਡੇ ਰੱਖੋ। ਜੇਕਰ ਗੋਰੇ ਤੁਹਾਨੂੰ ਜ਼ਲੀਲ ਕਰਦੇ ਹਨ ਜਾਂ ਕਿਸੇ ਹੋਰ ਗੱਲੋਂ ਤੰਗ ਕਰਦੇ ਹਨ ਤਾਂ ਖੂੰਡਿਆਂ ਨਾਲ ਉਨ੍ਹਾਂ ਦੇ ਮੌਰ ਸੇਕ ਦਿਓ। ਡਰਨ ਦੀ ਲੋੜ ਨਹੀਂ। ਇਸ ਕਰਕੇ ਉੱਥੇ ਉਹ ਭਾਰਤੀ ਲੋਕਾਂ ਦਾ ਹਰਮਨ ਪਿਆਰਾ ਸਾਥੀ ਬਣ ਗਿਆ। ਭਲਾ ਕੈਨੇਡਾ ਸਰਕਾਰ ਨੂੰ ਉਹ ਕਿਵੇਂ ਚੰਗਾ ਲੱਗ ਸਕਦਾ ਸੀ। ਭਗਵਾਨ ਸਿੰਘ ਨੂੰ ਕੈਨੇਡਾ ਦੀ ਸਰਕਾਰ ਨੇ ਜਬਰਦਸਤੀ ਕੈਨੇਡਾ

ਵਿੱਚੋਂ ਕੱਢ ਦਿੱਤਾ।

ਭਗਵਾਨ ਸਿੰਘ ਕੈਨੇਡਾ ਤੋਂ ਜਾਪਾਨ ਆ ਗਿਆ। ਏਥੇ ਉਸ ਦਾ ਸੰਪਰਕ ਗ਼ਦਰ ਪਾਰਟੀ ਦੇ ਆਗੂ ਬਰਕਤ ਉਲਾ ਨਾਲ ਹੋ ਗਿਆ। ਭਗਵਾਨ ਸਿੰਘ ਤਾਂ ਪਹਿਲਾਂ ਹੀ ਅੰਗਰੇਜ਼ਾਂ ਦੇ ਖਿਲਾਫ਼ ਸੀ ਤੇ ਹੁਣ ਉਹ ਪੂਰੀ ਤਰ੍ਹਾਂ ਗ਼ਦਰ ਪਾਰਟੀ ਨਾਲ ਜੁੜ ਗਿਆ। ਹੁਣ ਤਾਂ ਭਗਵਾਨ ਸਿੰਘ ਨੇ ਆਪਣੀ ਜ਼ਿੰਦਗੀ ਦਾ ਇਹ ਉਦੇਸ਼ ਹੀ ਮਿਥ ਲਿਆ ਕਿ ਆਪਣੇ ਪਿਆਰੇ ਦੇਸ਼ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣ ਲਈ ਦੇਸ਼ ਵਿਚ ਗ਼ਦਰ ਮਚਾਉਣਾ ਹੈ। ਇਸ ਦੀ ਖਾਤਰ ਭਾਰਤੀ ਲੋਕਾਂ ਨੂੰ ਤਿਆਰ ਕਰਨਾ ਹੈ ਤੇ ਗ਼ਦਰ ਲਈ ਅਸਲਾ ਜਮ੍ਹਾਂ ਕਰਨਾ ਹੈ। ਹਾਂਗਕਾਂਗ ਆ ਕੇ ਭਗਵਾਨ ਸਿੰਘ ਆਪਣੇ ਵਾਕਫ ਅਰਜਣ ਸਿੰਘ ਦੌਧਰ ਪਾਸ ਠਹਿਰਿਆ। ਏਥੇ ਹੀ ਪਾਲਾ ਸਿੰਘ ਦਾ ਮੇਲ ਭਗਵਾਨ ਸਿੰਘ ਨਾਲ ਹੋ ਗਿਆ। ਪਾਲਾ ਸਿੰਘ ਹਾਲੇ ਕਿਸੇ ਕੰਮ ਉੱਤੇ ਨਹੀਂ ਸੀ ਲੱਗਾ। ਉਹ ਤਾਂ ਹਾਲੇ ਲੋਕਾਂ ਨੂੰ ਮਿਲ ਹੀ ਰਿਹਾ ਸੀ। ਉਹ ਅਕਸਰ ਹੀ ਗੁਰਦੁਆਰੇ ਜਾਂਦਾ ਜਿੱਥੇ ਆਮ ਹੀਂ ਪੰਜਾਬੀ ਭਰਾਵਾਂ ਨਾਲ ਉਸ ਦਾ ਮੇਲ ਹੋ ਜਾਂਦਾ।

ਭਗਵਾਨ ਸਿੰਘ ਲੁਕ ਛੁਪ ਕੇ ਭਾਰਤੀ ਲੋਕਾਂ ਨਾਲ ਮੇਲ ਮਿਲਾਪ ਕਰਦਾ। ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਵਿਸਥਾਰ ਵਿੱਚ ਦੱਸਦਾ ਕਿ ਅਮਰੀਕਾ ਤੇ ਕੈਨੇਡਾ ਵਿੱਚ ਤਾਂ ਭਾਰਤੀ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਦਿਨ ਰਾਤ ਭੱਜ ਨੱਠ ਕਰ ਰਹੇ ਹਨ। ਥਾਂ-ਥਾਂ ਮੀਟਿੰਗਾਂ ਹੋ ਰਹੀਆਂ ਹਨ। ਪਾਰਟੀ ਲਈ ਪੈਸਾ ਇਕੱਠਾ ਹੋ ਰਿਹਾ ਹੈ। ਅਸਲਾ ਪਰਾਪਤ ਕੀਤਾ ਜਾ ਰਿਹਾ ਹੈ। ਅਸੀਂ ਗੁਲਾਮ ਹਾਂ। ਅਸੀਂ ਤਾਂ ਅਣਖ ਨਾਲ ਰਹਾਂਗੇ। ਸਾਡੇ ਗੁਰੂਆਂ ਪੀਰਾਂ ਤੇ ਮਹਾਂਪੁਰਸ਼ਾਂ ਨੇ ਸਾਨੂੰ ਅਣਖ ਵਾਲੀ ਜ਼ਿਦਗੀ ਜਿਉਣ ਲਈ ਜਾਚ ਸਿਖਾਈ ਹੈ। ਸਾਡੇ ਲੋਕਾਂ ਦੀ ਆਪਣੇ ਦੇਸ਼ ਵਿੱਚ ਪਸ਼ੂਆਂ ਵਰਗੀ ਜੂਨ ਹੈ, ਉੱਥੇ ਕੋਈ ਸਹੂਲਤ ਨਹੀਂ। ਕੋਈ ਕੰਮ ਨਹੀਂ। ਖਾਣ ਲਈ ਮਸਾਂ ਰੋਟੀ ਨਸੀਬ ਹੁੰਦੀ ਹੈ। ਖੇਤੀ ਵਿੱਚ ਤੁਸੀਂ ਟੱਕਰਾਂ ਮਾਰੋ ਪਰ ਸਾਲ ਭਰ ਦੇ ਦਾਣੇ ਮਸਾਂ ਜੁੜਦੇ ਐ। ਮਾਲੀਆ ਨਹੀਂ ਦੇ ਹੁੰਦਾ। ਅਸੀਂ ਤੰਗ ਹੋ ਕੇ ਬਾਹਰਲੇ ਦੇਸ਼ਾਂ ਵਿੱਚ ਆ ਗਏ ਪਰ ਏਥੋਂ ਦੀਆਂ ਸਰਕਾਰਾਂ ਸਾਡੇ ਨਾਲ ਬਹੁਤ ਭੈੜਾ ਵਰਤਾਉ ਕਰਦੀਆਂ ਹਨ। ਭਾਰਤੀਆਂ ਨੂੰ ਥਾਂ-ਥਾਂ ਜ਼ਲੀਲ ਕੀਤਾ ਜਾਂਦਾ ਹੈ। ਕਈ ਹੋਟਲਾਂ ਤੇ ਕਲੱਬਾਂ ਦੇ ਬਾਹਰ ਲਿਖਿਆ ਹੁੰਦਾ ਹੈ ਕਿ ਏਥੇ ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ। ਬੰਦਿਆਂ ਨਾਲ ਇਸ ਤੋਂ ਭੈੜਾ ਵਰਤਾਉ ਹੋਰ ਕੀ ਹੋ ਸਕਦਾ ਹੈ।

ਦਿਨ ਲੰਘਦੇ ਗਏ। ਪਾਲਾ ਸਿੰਘ ਹਰ ਰੋਜ਼ ਭਗਵਾਨ ਸਿੰਘ ਦੇ ਵਿਚਾਰ ਸੁਣਦਾ। ਉਹ ਭੁੱਲ ਗਿਆ ਕਿ ਮੈਂ ਏਥੇ ਕੰਮ ਕਰਕੇ ਪੈਸੇ ਕਮਾਉਣ ਆਇਆ ਹਾਂ। ਉਸ ਨੂੰ ਭਗਵਾਨ ਸਿੰਘ ਦੇ ਵਿਚਾਰਾਂ ਦੀ ਪਾਣ ਚੜ੍ਹਦੀ ਗਈ। ਪਾਲਾ ਸਿੰਘ ਦੇ ਦਿਲ ਵਿੱਚ ਅੰਗਰੇਜ਼ੀ ਸਰਕਾਰ ਪ੍ਰਤੀ ਨਫ਼ਰਤ ਪੈਦਾ ਹੋ ਗਈ। ਦਿਨ ਰਾਤ ਉਸ ਦੇ ਦਿਲ ਵਿੱਚ ਭਗਵਾਨ ਸਿੰਘ ਦੇ ਵਿਚਾਰ ਹੀ ਘੁੰਮਦੇ। ਪਾਲਾ ਸਿੰਘ ਅੰਦਰਖਾਤੇ ਸੋਚਦਾ ਕਿ ਸਾਡਾ ਕਿੰਨਾ ਵੱਡਾ ਦੇਸ਼ ਹੈ। ਸਾਡੇ ਲੋਕ ਕਿਉਂ ਨਹੀਂ ਜਾਗਦੇ! ਕਿਉਂ ਗੁਲਾਮੀ ਹੰਢਾ ਰਹੇ ਐ।

ਭਗਵਾਨ ਸਿੰਘ ਜਦੋਂ ਕਿਤੇ ਨੇੜੇ ਤੇੜੇ ਲੋਕਾਂ ਨੂੰ ਮਿਲਣ ਜਾਂਦਾ ਤਾਂ ਕਈ ਵਾਰ ਪਾਲਾ ਸਿੰਘ ਵੀ ਉਸ ਦੇ ਨਾਲ ਤੁਰ ਜਾਂਦਾ। ਉਹ ਜਿਥੇ ਭਗਵਾਨ ਸਿੰਘ ਦੇ ਵਿਚਾਰ ਸੁਣਦਾ ਤਾਂ ਉਥੇ ਉਹ ਭਾਰਤੀ ਲੋਕਾਂ ਨੂੰ ਥਾਂ-ਥਾਂ ਉੱਤੇ ਕੰਮ ਕਰਦਿਆਂ ਵੇਖਦਾ। ਵਿਚਾਰੇ ਭਾਰਤੀ! ਕੋਈ ਕੋਠੀਆਂ ਦੀ ਰਾਖੀ ਕਰ ਰਿਹੈ। ਕੋਈ ਹੋਰ ਕਿਤੇ ਪਹਿਰਾ ਦੇ ਰਿਹੈ ਤੇ ਕੋਈ ਖੇਤਾਂ ਵਿੱਚ ਕੰਮ ਕਰ ਰਿਹਾ! ਰੋਟੀ ਦੀ ਖਾਤਰ ਅਸੀਂ ਕਿਥੇ ਆ ਗਏ! ਮਾਣ ਸਨਮਾਨ ਵਾਲੀ ਏਥੇ ਗੱਲ ਹੀ ਨਹੀਂ। ਇਕੱਲੇ ਪੈਸੇ ਨੂੰ ਕੀ ਕਰਾਂਗੇ। ਸਾਡਾ ਦੇਸ਼ ਗੁਲਾਮ ਹੈ। ਕਿੱਡੀ ਭੈੜੀ ਗੱਲ ਹੈ ਕਿ ਸਾਡੇ ਆਪਣੇ ਦੇਸ਼ ਵਿਚ ਸਾਡੀ ਆਪਣੀ ਸਰਕਾਰ ਨਹੀਂ। ਗ਼ਦਰ ਪਾਰਟੀ ਹੀ ਅਜਿਹੀ ਪਾਰਟੀ ਹੈ ਜਿਸ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਕਦਮ ਚੁੱਕਿਆ ਹੈ।

ਪਾਲਾ ਸਿੰਘ ਨੂੰ ਕਦੇ ਆਪਣਾ ਪਿੰਡ ਤੇ ਆਪਣਾ ਪਰੀਵਾਰ ਯਾਦ ਆ ਜਾਂਦਾ। ਜੇਕਰ ਘਰ ਵਿੱਚ ਕੋਈ ਕੰਮ ਹੁੰਦਾ ਤਾਂ ਉਹ ਏਥੇ ਕਿਉਂ ਆਉਂਦਾ। ਖੇਤੀ ਵਿੱਚ ਸਿਰਫ਼ ਟੱਕਰਾਂ ਮਾਰਨ ਹੈ। ਦਿਨ ਰਾਤ ਕੰਮ ਕਰੋ। ਹਾੜ੍ਹੀ ਸਾਉਣੀ ਦਿਨ ਰਾਤ ਕੰਮ ਕਰੋ। ਗਰਮੀ ਸਰਦੀ ਨਹੀਂ ਵੇਖਣੀ ਪਰ ਖੇਤੀ ਵਿੱਚ ਮਿਹਨਤ ਦਾ ਮੁੱਲ ਨਹੀਂ ਪੈਂਦਾ। ਜੇਕਰ ਖੇਤੀ ਵਿਚ ਮਿਹਨਤ ਦਾ ਮੁੱਲ ਪੈਣ ਲੱਗ ਜਾਵੇ ਤਾਂ ਕੋਈ ਘਰ ਬਾਰ ਛੱਡ ਕੇ ਕਿਉਂ ਆਵੇ ਪਰ ਸਦਕੇ ਜਾਈਏ ਗ਼ਦਰ ਪਾਰਟੀ ਦੇ ਨੇਤਾਵਾਂ ਉੱਤੇ। ਉਹ ਬਾਹਰ ਚੰਗੀ ਭਲੀ ਕਮਾਈ ਕਰਦੇ ਹਨ ਪਰ ਉਨ੍ਹਾਂ ਨੂੰ ਆਪਣੇ ਦੇਸ਼ ਦੀ ਗੁਲਾਮੀ ਸਤਾਅ ਰਹੀ ਹੈ। ਉਹ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਮਰ ਮਿਟਣ ਵਾਸਤੇ ਤਿਆਰ ਹਨ। ਇਨ੍ਹਾਂ ਨੂੰ ਖਾਣ ਦਾ ਨਹੀਂ ਪਹਿਨਣ ਦਾ ਨਹੀਂ। ਬੱਸ ਦੇਸ਼ ਨੂੰ ਅਜ਼ਾਦ ਕਰਵਾਉਣ ਦੀ ਚੇਟਕ ਲੱਗੀ ਹੈ। ਇੱਕ ਦਿਨ ਭਗਵਾਨ ਸਿੰਘ ਕਹਿ ਰਿਹਾ ਸੀ ਕਿ ਅਸੀਂ ਸਭ ਨੇ ਇੱਕ ਦਿਨ ਇਸ ਦੁਨੀਆਂ ਨੂੰ ਛੱਡ ਕੇ ਜਾਣਾ ਹੈ। ਅਸੀਂ ਦੇਸ਼ ਲਈ ਕੁੱਝ ਕਰਕੇ ਮਰੀਏ ਤਾਂ ਇਹ ਹੀ ਅਸਲ ਜ਼ਿੰਦਗੀ ਹੈ। ਸਾਡੀ ਜ਼ਿੰਦਗੀ ਸਾਡੇ ਦੇਸ਼ ਦੀ ਅਮਾਨਤ ਹੈ। ਅਸੀਂ ਦੇਸ਼ ਲਈ ਕੁੱਝ ਕਰਕੇ ਮਰਾਂਗੇ ਤਾਂ ਇੱਕ ਬਹਾਦਰ ਦੀ ਮੌਤ ਮਰਾਂਗੇ। ਲੋਕ ਸਾਨੂੰ ਯਾਦ ਕਰਨਗੇ। ਸਾਡਾ ਪਿਆਰਾ ਦੇਸ਼ ਗੁਲਾਮ ਤੇ ਅਸੀਂ ਅੱਖਾਂ ਮੀਚੀ ਰੱਖੀਏ। ਇਹ ਸਾਨੂੰ ਸ਼ੋਭਦਾ ਨਹੀਂ।

ਭਗਵਾਨ ਸਿੰਘ ਦੀਆਂ ਗੱਲਾਂ ਦਾ ਪਾਲਾ ਸਿੰਘ ਉੱਤੇ ਏਨਾ ਅਸਰ ਹੋਇਆ ਕਿ ਉਸ ਨੂੰ ਆਪਣਾ ਘਰ ਬਾਰ ਹੀ ਭੁੱਲ ਗਿਆ। ਉਹ ਭੁੱਲ ਗਿਆ ਕਿ ਉਨ੍ਹਾਂ ਦੀ ਅੱਧੀ ਜ਼ਮੀਨ ਤਾਂ ਗਹਿਣੇ ਪੈ ਚੁੱਕੀ ਹੈ। ਉਹ ਭੁੱਲ ਗਿਆ ਕਿ ਉਸ ਦੇ ਘਰ ਦੀ ਹਾਲਤ ਮੰਦੀ ਹੈ ਤੇ ਉਸ ਤੋਂ ਬਿਨਾਂ ਘਰ ਵਿੱਚ ਹੋਰ ਕੋਈ ਕਮਾਊ ਬੰਦਾ ਨਹੀਂ। ਹੁਣ ਤਾਂ ਉਸ ਨੂੰ ਭਾਰਤ ਮਾਤਾ ਦੇ ਪੈਰੀਂ ਪਈਆਂ ਬੇੜੀਆਂ ਦਿਸਦੀਆਂ ਸਨ। ਹੁਣ ਤਾਂ ਉਸ ਨੂੰ ਦੇਸ਼ ਦੀ ਗੁਲਾਮੀ ਸਤਾਉਂਦੀ ਸੀ! ਦੇਸ਼ ਭਗਤੀ ਦਾ ਜਜ਼ਬਾ ਉਸ ਦੇ ਦਿਲ ਵਿੱਚ ਉਬਾਲੇ ਖਾਂਦਾ। ਉਸ ਨੂੰ ਐਸ਼ ਅਰਾਮ ਵਾਲਾ ਜੀਵਨ ਭੁੱਲ ਗਿਆ। ਉਹ ਸੋਚਦਾ ਕਿ ਮੇਰੇ ਦੇਸ਼ ਦੇ ਲੱਖਾਂ ਲੋਕ ਭੁੱਖ ਦੋਖੇ ਦੇ ਮਾਰੇ ਹਨ। ਭਿਆਨਕ ਬਿਮਾਰੀਆਂ ਕਾਰਨ ਕਸ਼ਟ ਉਠਾ ਰਹੇ ਹਨ। ਉਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ। ਗ਼ਦਰ ਪਾਰਟੀ ਦਾ ਗ਼ਦਰ ਮਚਾਉਣ

ਵਾਲਾ ਪ੍ਰੋਗਰਾਮ ਪਾਲਾ ਸਿੰਘ ਦੇ ਦਿਲ ਨੂੰ ਜਨੂੰਨ ਬਣ ਕੇ ਚੰਬੜ ਗਿਆ। ਕਿਹੜਾ ਵੇਲਾ ਹੋਵੇ ਕਿ ਦੇਸ਼ ਵਿਚ ਗ਼ਦਰ ਮਚਾਇਆ ਜਾਵੇ। ਜ਼ਾਲਮ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਭਜਾਇਆ ਜਾਵੇ। ਇਕ ਦਿਨ ਪਾਲਾ ਸਿੰਘ ਨੇ ਭਗਵਾਨ ਸਿੰਘ ਨਾਲ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਤੇ ਗ਼ਦਰ ਪਾਰਟੀ ਨਾਲ ਆਪਣੀ ਪ੍ਰਤੀਬੱਧਤਾ ਬਾਰੇ ਵੀ ਦੱਸਿਆ। ਭਗਵਾਨ ਸਿੰਘ ਨੇ ਪਾਲਾ ਸਿੰਘ ਦੇ ਵਿਚਾਰ ਸੁਣ ਕੇ ਕਿਹਾ ਕਿ ਦੇਸ਼ ਨੂੰ ਤੇਰੇ ਵਰਗੇ ਸੁਹਿਰਦ ਨੌਜਵਾਨਾਂ ਦੀ ਲੋੜ ਹੈ। ਜ਼ਿੰਦਗੀ ਚੰਗੇ ਕਾਜ਼ ਲਈ ਲੇਖੇ ਲੱਗਣੀ ਚਾਹੀਦੀ ਹੈ। ਫਿਰ ਭਗਵਾਨ ਸਿੰਘ ਨੇ ਪਾਲਾ ਸਿੰਘ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਤੂੰ ਵਾਪਸ ਦੇਸ਼ ਮੁੜ ਜਾਹ। ਹਥਿਆਰ ਚਲਾਉਣੇ ਸਿੱਖ। ਗ਼ਦਰ ਪਾਰਟੀ ਲਈ ਕੰਮ ਕਰ। ਗ਼ਦਰ ਪਾਰਟੀ ਹੀ ਦੇਸ਼ ਦੀ ਪਹਿਲੀ ਸਿਆਸੀ ਪਾਰਟੀ ਹੈ ਜਿਸ ਨੇ ਸਭ ਤੋਂ ਪਹਿਲਾਂ ਸੰਪੂਰਨ ਅਜ਼ਾਦੀ ਦਾ ਨਾਅਰਾ ਲਾਇਆ ਹੈ। ਬੱਸ ਹੁਣ ਪਾਲਾ ਸਿੰਘ ਦੇ ਦਿਮਾਗ ਵਿੱਚ ਗ਼ਦਰ ਪਾਰਟੀ ਦਾ ਪ੍ਰੋਗਰਾਮ ਪੂਰੀ ਤਰ੍ਹਾਂ ਛਾ ਗਿਆ। ਗ਼ਦਰ! ਗ਼ਦਰ! ਬੱਸ ਗ਼ਦਰ! ਭਾਰਤ ਵਿੱਚ ਗ਼ਦਰ ਜ਼ਰੂਰ ਹੋਵੇਗਾ। ਗ਼ਦਰ ਤੋਂ ਬਿਨਾਂ ਅਜ਼ਾਦੀ ਸੰਭਵ ਨਹੀਂ। ਇਨ੍ਹਾਂ ਵਿਚਾਰਾਂ ਵਿਚ ਉਲਝਿਆ ਪਾਲਾ ਸਿੰਘ ਇਕ ਦਿਨ ਹਾਂਗਕਾਂਗ ਨੂੰ ਅਲਵਿਦਾ ਆਖ ਕੇ ਵਾਪਸ ਆਪਣੇ ਵਤਨ ਭਾਰਤ ਨੂੰ ਚੱਲ ਪਿਆ।

ਪਾਲਾ ਸਿੰਘ ਫੌਜ ਵਿੱਚ

ਭਗਵਾਨ ਸਿੰਘ ਬੜਿੰਗ ਦੀ ਇੱਕ ਗੱਲ ਪਾਲਾ ਸਿੰਘ ਦੇ ਦਿਲ ਵਿਚ ਡੂੰਘੀ ਉਤਰ ਗਈ ਕਿ ਸਾਡੇ ਲਈ ਹਥਿਆਰ ਚਲਾਉਣ ਸਿੱਖਣਾ ਜ਼ਰੂਰੀ ਹੈ ਕਿਉਂਕਿ ਗ਼ਦਰ ਪਾਰਟੀ ਦਾ ਪ੍ਰੋਗਰਾਮ ਹਥਿਆਰਬੰਦ ਸੰਘਰਸ਼ ਉੱਤੇ ਨਿਰਭਰ ਹੈ। ਪਾਲਾ ਸਿੰਘ ਨੇ ਇਹ ਗੱਲ ਪੱਲੇ ਬੰਨ੍ਹ ਲਈ ਤੇ ਇਸੇ ਕਰਕੇ ਹਾਂਗਕਾਂਗ ਤੋਂ ਉਹ ਵਤਨ ਪਰਤ ਆਇਆ। ਹਥਿਆਰ ਚਲਾਉਣ ਸਿੱਖਣ ਦੀ ਮਨਸ਼ਾ ਸਦਕਾ ਉਹ ਫੌਜ ਵਿੱਚ ਭਰਤੀ ਹੋ ਗਿਆ। ਫੌਜ ਵਿੱਚ ਭਰਤੀ ਹੋਣ ਦਾ ਉਸ ਨੂੰ ਵਿਆਹ ਵਰਗਾ ਚਾਅ ਸੀ। ਪਾਲਾ ਸਿੰਘ ਦੀ ਮੁੱਢਲੀ ਟਰੇਨਿੰਗ ਖਤਮ ਹੋਣ ਸਾਰ ਉਸ ਦੀ ਰਜਮੈਂਟ ਨੂੰ ਚੀਨ ਦੀ ਰਾਜਧਾਨੀ ਭੇਜ ਦਿੱਤਾ ਗਿਆ। ਉੱਥੋਂ ਇਹ ਰਜਮੈਂਟ ਛੇਤੀ ਹੀ ਵਾਪਸ ਆ ਗਈ। ਪਾਲਾ ਸਿੰਘ ਨੂੰ ਇੱਕ ਮਹੀਨੇ ਦੀ ਛੁੱਟੀ ਮਿਲ ਗਈ ਤੇ ਉਹ ਛੁੱਟੀ ਕੱਟਣ ਆਪਣੇ ਪਿੰਡ ਆ ਗਿਆ।

ਇਨ੍ਹਾਂ ਦਿਨਾਂ ਵਿੱਚ ਸੰਸਾਰ ਜੰਗ ਛਿੜ ਪਈ। ਦੁਨੀਆਂ ਵਿੱਚ ਹਾਹਾਕਾਰ ਮਚ ਗਈ। ਹਫੜਾ ਦਫੜੀ ਤੇ ਭੈਅ ਵਾਲਾ ਮਾਹੌਲ ਬਣ ਗਿਆ। ਭਾਰਤ ਉੱਤੇ ਜੰਗ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ। ਜੰਗ ਵਿੱਚ ਇੱਕ ਪਾਸੇ ਰੂਸ, ਫਰਾਂਸ, ਇੰਗਲੈਂਡ, ਜਾਪਾਨ, ਸਰਬੀਆ, ਇਟਲੀ ਤੇ ਬਰਾਜ਼ੀਲ ਆਦਿ ਦੇਸ਼ ਸਨ ਤੇ ਦੂਜੇ ਪਾਸੇ ਜਰਮਨੀ, ਆਸਟਰੀਆ, ਤੁਰਕੀ, ਹੰਗਰੀ ਤੇ ਬੁਲਗਾਰੀਆ ਦੇਸ਼ ਸਨ। ਅੰਗਰੇਜ਼ੀ ਸਰਕਾਰ ਦਾ ਤਾਂ ਹੁਣ ਸਾਰਾ ਧਿਆਨ ਜੰਗ ਵੱਲ ਸੀ। ਲੋਕ ਵੀ ਹੁਣ ਬੱਸ ਜੰਗ ਦੀਆਂ ਗੱਲਾਂ ਕਰਦੇ। ਜਰਮਨੀ ਦੀ ਆਮ ਹੀ ਚਰਚਾ ਹੁੰਦੀ। ਪਿੰਡ ਦੇ ਕਈ ਮਨਚਲੇ ਪਾਲਾ ਸਿੰਘ ਨੂੰ ਫੌਜੀ ਹੋਣ ਕਰਕੇ ਛੇੜਦੇ। ਉਸ ਨੂੰ ਕਈ ਪਾਲਾ ਜਰਮਨੀਆ ਆਖ ਕੇ ਬੁਲਾਉਂਦੇ। ਪਿੰਡ ਢੁੱਡੀਕੇ ਦਾ ਮਹੌਲ ਜੰਗ ਲੱਗਣ ਨਾਲ ਪੂਰੀ ਤਰ੍ਹਾਂ ਬਦਲ ਗਿਆ। ਲੋਕ ਕਾਮਾਗਾਟਾ ਮਾਰੂ ਜਹਾਜ਼ ਦੀਆਂ ਗੱਲਾਂ ਕਰਦੇ। ਇਸ ਜਹਾਜ਼ ਵਿੱਚ ਪਿੰਡ ਢੁੱਡੀਕੇ ਦੇ ਇੰਦਰ ਸਿੰਘ, ਬੱਗਾ ਸਿੰਘ, ਜੀਵਨ ਸਿੰਘ, ਮੇਵਾ ਸਿੰਘ ਤੇ ਪਰੇਮ ਸਿੰਘ ਕੈਨੇਡਾ ਜਾਣ ਵਾਸਤੇ ਹਾਂਗਕਾਂਗ ਤੋਂ ਚੱਲੇ ਸਨ। ਕਈ ਮਹੀਨਿਆਂ ਦੇ ਜ਼ੋਖਮ ਭਰੇ ਸਫ਼ਰ ਤੋਂ ਬਾਅਦ ਇਹ ਜਹਾਜ਼ ਕੈਨੇਡਾ ਦੇ ਤੱਟ ਉੱਤੇ ਪਹੁੰਚ ਗਿਆ ਸੀ ਪਰ ਕੈਨੇਡਾ ਦੀ ਸਰਕਾਰ ਨੇ ਇਸ ਜਹਾਜ਼ ਨੂੰ ਸਮੁੰਦਰ ਵਿੱਚ ਹੀ ਡੱਕ ਲਿਆ ਸੀ ਤੇ ਇਕ ਵੀ ਮੁਸਾਫ਼ਰ ਨੂੰ ਕੈਨੇਡਾ ਦੀ ਧਰਤੀ ਉੱਤੇ ਉੱਤਰਨ ਨਾ ਦਿੱਤਾ। ਮੁਸਾਫ਼ਰ ਭੁੱਖ ਤ੍ਰੇਹ ਨਾਲ ਤੜਫਣ ਲੱਗੇ। ਕੈਨੇਡਾ ਵਿੱਚ ਰਹਿੰਦੇ ਭਾਰਤੀ ਲੋਕਾਂ ਨੇ ਬਹੁਤ ਯਤਨ ਕੀਤੇ ਕਿ ਜਹਾਜ਼ ਦੇ ਸਾਰੇ ਮੁਸਾਫ਼ਰਾਂ ਨੂੰ ਠੀਕ ਠਾਕ ਬੰਦਰਗਾਹ ਉੱਤੇ

ਉਤਾਰ ਲਿਆ ਜਾਵੇ ਪਰ ਉਨ੍ਹਾਂ ਨੂੰ ਸਫ਼ਲਤਾ ਨਾ ਮਿਲੀ। ਇਹ ਜਹਾਜ਼ ਕੈਨੇਡਾ ਦੀ ਸਰਕਾਰ ਨੇ 23 ਜੁਲਾਈ 1914 ਨੂੰ ਜਬਰਦਸਤੀ ਭਾਰਤ ਨੂੰ ਵਾਪਸ ਮੋੜ ਦਿੱਤਾ। ਇਸੇ ਦਿਨ ਸੰਸਾਰ ਜੰਗ ਸ਼ੁਰੂ ਹੋ ਗਈ ਸੀ।

ਕਾਮਾਗਾਟਾ ਮਾਰੂ ਜਹਾਜ਼ ਸਾਰੇ ਮੁਸਾਫਰਾਂ ਨੂੰ ਉਸੇ ਤਰ੍ਹਾਂ ਲੈ ਕੇ ਕਲਕੱਤੇ ਨੂੰ ਚੱਲ ਪਿਆ। ਜਹਾਜ਼ ਦੇ ਮਾਲਕ ਹਰਦਿੱਤ ਸਿੰਘ ਸਰਹਾਲੀ ਦੀ ਕੋਈ ਪੇਸ਼ ਨਾ ਗਈ। ਕੈਨੇਡਾ ਸਰਕਾਰ ਨੇ ਭਾਰਤੀ ਲੋਕਾਂ ਉੱਤੇ ਬਹੁਤ ਵੱਡਾ ਕਹਿਰ ਵਰਤਾਇਆ। ਆਖਰ ਇਹ ਜਹਾਜ਼ ਮੁਸੀਬਤਾਂ ਝੱਲਦਾ ਹੋਇਆ ਕਲਕੱਤੇ ਦੇ ਬਜਬਜ ਘਾਟ ਉੱਤੇ ਪਹੁੰਚ ਗਿਆ। ਏਥੇ ਅੰਗਰੇਜ਼ੀ ਸਰਕਾਰ ਨੇ ਜਹਾਜ਼ ਦੇ ਨਿਹੱਥੇ ਮੁਸਾਫਰਾਂ ਉੱਤੇ ਅੰਧਾਧੁੰਦ ਗੋਲੀਆਂ ਦਾ ਮੀਂਹ ਵਰਸਾ ਦਿੱਤਾ। ਬਹੁਤ ਲੋਕ ਸ਼ਹੀਦ ਹੋ ਗਏ ਤੇ ਅਨੇਕਾਂ ਹੀ ਜ਼ਖ਼ਮੀ ਹੋ ਗਏ। ਜ਼ਖ਼ਮੀ ਮੁਸਾਫਰ ਭੁੱਖੇ ਤਿਹਾਏ ਮੁਸੀਬਤਾਂ ਝੱਲਦੇ ਹੋਏ ਜਿਧਰ ਨੂੰ ਮੂੰਹ ਹੋਇਆ ਉਧਰ ਨੂੰ ਭੱਜ ਤੁਰੇ ਭਾਰਤ ਦੇ ਇਨ੍ਹਾਂ ਮੁਸਾਫ਼ਰਾਂ ਉੱਤੇ ਆਪਣੇ ਹੀ ਦੇਸ਼ ਵਿੱਚ ਗੋਰੀ ਸਰਕਾਰ ਨੇ ਫਿਰ ਕਹਿਰ ਵਰਤਾ ਦਿੱਤਾ।

ਪਿੰਡ ਢੁੱਡੀਕੇ ਵਿੱਚ ਹੁਣ ਜੰਗ ਦੀਆਂ, ਕਾਮਾਗਾਟਾ ਮਾਰੂ ਜਹਾਜ਼ ਦੀਆਂ, ਜਹਾਜ਼ ਦੇ ਮੁਸਾਫਰਾਂ ਦੀਆਂ ਤੇ ਕਲਕੱਤਾ ਗੋਲੀ ਕਾਂਡ ਦੀਆਂ ਗੱਲਾਂ ਚੱਲਦੀਆਂ। ਢੁੱਡੀਕੇ ਦੇ ਪੰਜ ਮੁਸਾਫਰਾਂ ਦਾ ਕੋਈ ਪਤਾ ਨਾ ਲੱਗਦਾ। ਪਾਲਾ ਸਿੰਘ ਹਰ ਰੋਜ਼ ਇਨ੍ਹਾਂ ਪੰਜੇ ਆਦਮੀਆਂ ਦੇ ਘਰ ਜਾਂਦਾ। ਹਰ ਘਰ ਵਿੱਚ ਮਾਤਮ ਛਾਇਆ ਹੋਇਆ ਸੀ। ਸਾਰਾ ਪਿੰਡ ਹੀ ਉਦਾਸ ਸੀ। ਪਾਲਾ ਸਿੰਘ ਦਾ ਖ਼ੂਨ ਖੌਲਦਾ। ਅਜਿਹੀ ਜ਼ਾਲਮ ਸਰਕਾਰ ਤੋਂ ਬਦਲਾ ਲੈਣ ਦੀਆਂ ਸੋਚਾਂ ਸੋਚਦਾ। ਉਹ ਕਿਹੜੀ ਘੜੀ ਹੋਵੇ ਜਦੋਂ ਦੇਸ਼ ਵਿੱਚ ਗ਼ਦਰ ਮਚਾ ਕੇ ਅਜਿਹੀ ਜ਼ਾਲਮ ਸਰਕਾਰ ਦਾ ਖਾਤਮਾ ਕੀਤਾ ਜਾਵੇ। ਪਾਲਾ ਸਿੰਘ ਨੂੰ ਭਗਵਾਨ ਸਿੰਘ ਬੜਿੰਗ ਬਹੁਤ ਯਾਦ ਆਉਂਦਾ।

ਚੜ੍ਹਦੇ ਸਿਆਲ ਤੋਂ ਪਹਿਲਾਂ ਹੀ ਕਾਮਾਗਾਟਾ ਮਾਰੂ ਵਾਲੇ ਢੁੱਡੀਕੇ ਦੇ ਪੰਜੇ ਮੁਸਾਫਰ ਪਿੰਡ ਪਹੁੰਚ ਗਏ। ਪਾਲਾ ਸਿੰਘ ਝੱਟ ਉਨ੍ਹਾਂ ਨੂੰ ਜਾ ਕੇ ਮਿਲਿਆ। ਉਹ ਸਾਰੇ ਮੌਤ ਦੇ ਮੂੰਹ ਵਿੱਚੋਂ ਬਚ ਕੇ ਆਏ ਸਨ। ਸਾਰੇ ਹੀ ਥੱਕੇ ਹਾਰੇ, ਉਦਾਸ ਤੇ ਕੁਮਲਾਏ ਚਿਹਰੇ ਲੈ ਕੇ ਆਏ ਸਨ। ਸਾਰਿਆਂ ਨੇ ਜਹਾਜ਼ ਦੇ ਸਫਰ ਦੀਆਂ ਦਿਲ ਹਿਲਾ ਦੇਣ ਵਾਲੀਆਂ ਕਹਾਣੀਆਂ ਸੁਣਾਈਆਂ। ਉਨ੍ਹਾਂ ਦੇ ਸਿਰ ਉੱਤੇ ਹਰ ਵੇਲੇ ਮੌਤ ਗੇੜੇ ਕੱਢਦੀ ਸੀ। ਸਾਰਿਆਂ ਨੇ ਇਹ ਮੰਨ ਲਿਆ ਸੀ ਕਿ ਉਨ੍ਹਾਂ ਦੀ ਮੌਤ ਬੱਸ ਸਮੁੰਦਰ ਵਿੱਚ ਹੀ ਹੋਵੇਗੀ। ਕੁੱਝ ਖਾਣ ਪੀਣ ਵਾਸਤੇ ਵੀ ਨਹੀਂ ਸੀ। ਪਾਣੀ ਦੀ ਇੱਕ ਇੱਕ ਬੂੰਦ ਨੂੰ ਉਹ ਤਰਸ ਰਹੇ ਸਨ। ਭਾਰਤੀ ਲੋਕ ਮੁਸਾਫਰਾਂ ਲਈ ਖਾਣ ਪੀਣ ਦਾ ਮਣਾਂ ਮੂੰਹੀਂ ਸਾਮਾਨ ਲੈ ਕੇ ਗਏ ਸਨ। ਮੁਸਾਫਰ ਵੀ ਮੌਤ ਨੂੰ ਸਾਹਮਣੇ ਜਾਣ ਕੇ ਮਰਨ ਮਾਰਨ ਲਈ ਤਿਆਰ ਹੋ ਗਏ ਪਰ ਕੈਨੇਡਾ ਦੀ ਸਰਕਾਰ ਆਪਣੀ ਜ਼ਿੱਦ ਉੱਤੇ ਕਾਇਮ ਰਹੀ ਤੇ ਇਸ ਜਹਾਜ਼ ਨੂੰ ਉਸੇ ਤਰ੍ਹਾਂ ਵਾਪਸ ਮੋੜ ਦਿੱਤਾ। ਮੁਸਾਫਰਾਂ ਦੀਆਂ ਗੱਲਾਂ ਨੇ ਪਾਲਾ ਸਿੰਘ ਦਾ ਰੋਹ ਹੋਰ ਤਿੱਖਾ ਕਰ ਦਿੱਤਾ ਤੇ ਉਹ ਅੰਗਰੇਜ਼ੀ ਸਰਕਾਰ ਦੇ ਹੋਰ ਵਿਰੁੱਧ ਹੋ ਗਿਆ।

ਪਾਲਾ ਸਿੰਘ ਫੌਜ ਵਿੱਚ ਭਰਤੀ ਹੋ ਗਿਆ ਸੀ ਤਾਂ ਘਰ ਵਾਲਿਆਂ ਨੇ ਬੜਾ ਸ਼ੁਕਰ ਮਨਾਇਆ ਸੀ ਕਿ ਇਹ ਹਾਂਗਕਾਂਗ ਤੋਂ ਤਾਂ ਵਾਪਸ ਆ ਗਿਆ ਹੈ ਪਰ ਹੁਣ ਫੌਜ ਵਿੱਚ ਭਰਤੀ ਹੋ ਗਿਆ ਹੈ। ਇਹ ਚੰਗਾ ਹੋਇਆ ਚਾਰ ਪੈਸੇ ਘਰ ਆਉਣਗੇ। ਇਧਰ ਪਾਲਾ ਸਿੰਘ ਸਿਰਫ ਇੱਕ ਮਹੀਨੇ ਦੀ ਛੁੱਟੀ ਆਇਆ ਸੀ। ਹੁਣ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਤੋਂ ਉਨ੍ਹਾਂ ਦੀ ਦੁੱਖਾਂ ਭਰੀ ਕਹਾਣੀ ਸੁਣ ਕੇ ਸੋਚਣ ਲੱਗਾ ਕਿ ਮੈਂ ਫੌਜ ਵਿਚ ਨੌਕਰੀ ਕਰਨ ਨਹੀਂ ਸੀ ਗਿਆ। ਉਸ ਨੇ ਤਾਂ ਹਥਿਆਰਾਂ ਦੀ ਹੀ ਟ੍ਰੇਨਿੰਗ ਲੈਣੀ ਸੀ। ਉਹ ਅੰਗਰੇਜ਼ੀ ਸਰਕਾਰ ਲਈ ਕਿਉਂ ਮਰੇ! ਸੋ ਪਾਲਾ ਸਿੰਘ ਨੇ ਆਪਣੇ ਦਿਲ ਵਿੱਚ ਫੈਸਲਾ ਕਰ ਲਿਆ ਕਿ ਉਹ ਫੌਜ ਵਿੱਚ ਵਾਪਸ ਨਹੀਂ ਜਾਵੇਗਾ।

ਪਿੰਡ ਢੁੱਡੀਕੇ ਤੇ ਗ਼ਦਰ ਪਾਰਟੀ

ਗ਼ਦਰ ਪਾਰਟੀ ਨੇ ਭਾਰਤ ਵਿੱਚ ਅੰਗ੍ਰੇਜ਼ੀ ਸਰਕਾਰ ਦਾ ਖਾਤਮਾ ਕਰਕੇ ਤੇ ਏਥੇ ਦੇਸ਼ ਦੀ ਆਪਣੀ ਸਰਕਾਰ ਬਚਾਉਣ ਲਈ ਗ਼ਦਰ ਮਚਾਉਣ ਦਾ ਫੈਸਲਾ ਕਰ ਲਿਆ। ਪਾਰਟੀ ਦੇ ਵੱਡੇ ਲੀਡਰ ਹਥਿਆਰਾਂ ਦੀ ਪਰਾਪਤੀ ਲਈ ਚੱਲ ਪਏ। ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਸਿਰਾਂ ਉੱਤੇ ਕਫਨ ਬੰਨ੍ਹ ਕੇ ਅਮਰੀਕਾ ਤੇ ਕੈਨੇਡਾ ਤੋਂ ਵੱਖ-ਵੱਖ ਜਹਾਜ਼ਾਂ ਰਾਹੀਂ ਭਾਰਤ ਪਹੁੰਚਣ ਲੱਗੇ। ਪਾਰਟ੍ਰੀ ਆਗੂਆਂ ਨੇ ਲੋਕਾਂ ਨਾਲ ਤੇ ਸਾਡੀ ਫੌਜ ਦੇ ਭਾਰਤੀ ਜਵਾਨਾਂ ਨਾਲ ਤਾਲਮੇਲ ਪੈਦਾਂ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 1914 ਵਿੱਚ ਕੈਨੇਡਾ ਤੋਂ ਪਿੰਡ ਢੁੱਡੀਕੇ ਦੇ ਈਸ਼ਰ ਸਿੰਘ ਤੇ ਪਾਖਰ ਸਿੰਘ ਹੋਰੀਂ ਆ ਗਏ। ਉਨ੍ਹਾਂ ਦੇ ਆਉਣ ਨਾਲ ਪਾਲਾ ਸਿੰਘ ਦਾ ਸੇਰ ਲਹੂ ਵਧ ਗਿਆ। ਉਨ੍ਹਾਂ ਦੋਵਾਂ ਬਾਰੇ ਸਰਕਾਰ ਦੀ ਖੁਫੀਆ ਪੁਲਿਸ ਨੂੰ ਜਾਣਕਾਰੀ ਪਹਿਲਾਂ ਹੀ ਮਿਲ ਚੁੱਕੀ ਸੀ ਜਿਸ ਕਰਕੇ ਦੋਹਾਂ ਨੂੰ ਹੀ ਹਰ ਰੋਜ਼ ਪਿੰਡ ਦੇ ਇਕ ਲੰਬੜਦਾਰ ਕੋਲ ਹਾਜ਼ਰੀ ਲਵਾਉਣੀ ਪੈਂਦੀ ਸੀ। ਪਾਖਰ ਸਿੰਘ ਤਾਂ ਆਪਣੀ ਜ਼ਮਾਨਤ ਦੇ ਗਿਆ ਪਰ ਈਸ਼ਰ ਸਿੰਘ ਉਸੇ ਤਰ੍ਹਾਂ ਫਿਰਦਾ ਰਿਹਾ। ਫਿਰ ਇਨ੍ਹਾਂ ਤਿੰਨਾਂ ਨੇ ਮਿਲ ਕੇ ਪਿੰਡ ਵਿੱਚ ਗ਼ਦਰ ਪਾਰਟੀ ਦੀ ਇੱਕ ਇਕਾਈ ਦਾ ਗਠਨ ਕਰ ਲਿਆ। ਈਸ਼ਰ ਸਿੰਘ ਪਾਰਟੀ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦਾ ਮੁਖੀ ਸੀ। ਢੁੱਡੀਕੇ ਦੇ ਸ਼ਾਮ ਸਿੰਘ, ਪਾਲਾ ਸਿੰਘ (ਵੱਡਾ), ਬਚਨ ਸਿੰਘ, ਮਹਿੰਦਰ ਸਿੰਘ, ਸੁੰਦਰ ਸਿੰਘ ਤੇ ਮਾ: ਫੇਰਾ ਸਿੰਘ ਪਾਰਟੀ ਵਿੱਚ ਸ਼ਾਮਲ ਹੋ ਗਏ।

ਪਿੰਡ ਢੁੱਡੀਕੇ ਦੇ ਪੱਛਮ ਵੱਲ ਪਾਖਰ ਸਿੰਘ ਤੇ ਈਸ਼ਰ ਸਿੰਘ ਦੇ ਖੇਤ ਸਨ। ਇਸੇ ਪਾਸੇ ਇੱਕ ਬਹੁਤ ਭਾਰੀ ਜੰਗਲ ਸੀ। ਲੋਕ ਇਸ ਜੰਗਲ ਨੂੰ ਖੁੰਡਾ ਆਖਦੇ ਸਨ। ਖੁੰਡੇ ਵਿੱਚ ਟਾਹਲੀ, ਪਿੱਪਲ, ਵਣ ਤੇ ਪਲਾਹ ਦੇ ਸੰਘਣੇ ਰੁੱਖ ਸਨ। ਉੱਚੇ-ਉੱਚੇ ਕਾਨੇ ਤੇ ਘਾਹ ਫੂਸ ਨਾਲ ਦਿਨ ਵੇਲੇ ਹੀ ਰਾਤ ਪੈ ਗਈ ਲੱਗਦੀ ਸੀ। ਇਸ ਵਿੱਚੋਂ ਲੰਘਣਾ ਬੜਾ ਮੁਸ਼ਕਲ ਸੀ। ਪਾਲਾ ਸਿੰਘ ਹੋਰੀਂ ਪਿੰਡ ਦੀ ਗ਼ਦਰ ਪਾਰਟੀ ਦੀਆਂ ਜ਼ਿਆਦਾ ਮੀਟਿੰਗਾਂ ਖੁੰਡੇ ਵਿਚ ਕਰਦੇ। ਈਸ਼ਰ ਸਿੰਘ ਨੇ ਇੱਕ ਦਿਨ ਗ਼ਦਰ ਪਾਰਟੀ ਵੱਲੋਂ ਦੇਸ਼ ਵਿੱਚ ਥਾਂ-ਥਾਂ ਗ਼ਦਰ ਮਚਾਉਣ ਦੇ ਪ੍ਰੋਗਰਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਢੁੱਡੀਕੇ ਦੀ ਗ਼ਦਰ ਪਾਰਟੀ ਏਨੀ ਸਰਗਰਮ ਹੋ ਗਈ ਕਿ ਇਲਾਕਾ ਭਰ ਦੇ ਗ਼ਦਰੀ ਏਥੇ ਆ ਕੇ ਮੀਟਿੰਗਾਂ ਕਰਨ ਲੱਗੇ। ਰੂੜ ਸਿੰਘ ਚੂਹੜਚੱਕ, ਉਤਮ ਸਿੰਘ ਹਾਂਸ, ਇੰਦਰ ਸਿੰਘ ਸ਼ੇਖ ਦੌਲਤ, ਅਰਜਣ ਸਿੰਘ ਜਗਰਾਉਂ, ਕਪੂਰ ਸਿੰਘ ਕਾਉਂਕੇ, ਗਾਂਧਾ ਸਿੰਘ ਕੱਚਰਭੰਨ ਤੇ

ਅਰਜਣ ਸਿੰਘ ਦੌਧਰ ਵਰਗੇ ਸਰਗਰਮ ਗ਼ਦਰੀ ਏਥੇ ਮੀਟਿੰਗਾਂ ਵਿੱਚ ਭਾਗ ਲੈਂਦੇ। ਮੀਟਿੰਗ ਦਾ ਪ੍ਰਬੰਧ ਅਕਸਰ ਹੀ ਪਿੰਡ ਦੇ ਸਕੂਲ ਦਾ ਮਾਸਟਰ ਫੇਰਾ ਸਿੰਘ ਹੀ ਕਰਿਆ ਕਰਦਾ ਸੀ। ਉਹ ਤੁਰਿਆ ਫਿਰਦਾ ਸਭ ਨੂੰ ਸੁਨੇਹੇ ਲਾ ਦਿੰਦਾ ਸੀ।

ਪਾਲਾ ਸਿੰਘ ਦੇ ਨਾਨਕੇ ਦੌਧਰ ਪਿੰਡ ਵਿਚ ਸਨ ਤੇ ਭਾਗੀਕੇ ਪਿੰਡ ਵਿੱਚ ਉਸ ਦੀ ਭੂਆ ਸੀ। ਈਸ਼ਰ ਸਿੰਘ ਤਾਂ ਹਰ ਰੋਜ਼ ਹੀ ਬਾਹਰ ਅੰਦਰ ਤੁਰਿਆ ਫਿਰਦਾ ਸੀ। ਪਾਲਾ ਸਿੰਘ ਵੀ ਅਕਸਰ ਈਸ਼ਰ ਸਿੰਘ ਦੇ ਨਾਲ ਆਸੇ ਪਾਸੇ ਦੇ ਪਿੰਡਾਂ ਵਿੱਚ ਲੋਕਾਂ ਨਾਲ ਸੰਪਰਕ ਕਰਨ ਲਈ ਜਾਂਦਾ ਪਰ ਪਿੰਡ ਵਿਚ ਇਹ ਕਹਿ ਕੇ ਜਾਂਦਾ ਕਿ ਉਹ ਤਾਂ ਨਾਨਕੀਂ ਚੱਲਿਆ ਹੈ ਤੇ ਜਾਂ ਆਪਣੀ ਭੂਆ ਨੂੰ ਮਿਲ ਕੇ ਆਵੇਗਾ। ਇਸ ਤਰ੍ਹਾਂ ਢੁੱਡੀਕੇ ਦੀ ਪਾਰਟੀ ਇਕਾਈ ਪੂਰੀ ਤਰ੍ਹਾਂ ਸਰਗਰਮ ਹੋ ਗਈ। ਪਿੰਡ ਢੁੱਡੀਕੇ ਗ਼ਦਰ ਪਾਰਟੀ ਦਾ ਸਬ ਸੈਂਟਰ ਬਣ ਗਿਆ।

ਪਾਲਾ ਸਿੰਘ ਪਾਰਟੀ ਵਿੱਚ ਸਰਗਰਮ

ਗ਼ਦਰ ਪਾਰਟੀ ਵੱਲੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਥਾਂ-ਥਾਂ ਗ਼ਦਰ ਮਚਾਉਣ ਵਾਸਤੇ ਗੁਪਤ ਸੰਦੇਸ਼ ਆ ਗਿਆ। ਈਸ਼ਰ ਸਿੰਘ ਵੱਲੋਂ ਇਹ ਸੱਦਾ ਮਿਲਣ ਦੀ ਦੇਰ ਸੀ ਕਿ ਪਾਲਾ ਸਿੰਘ ਤੇ ਪਿੰਡ ਦੇ ਦੂਜੇ ਗ਼ਦਰੀਆਂ ਨੂੰ ਜਿਵੇਂ ਚਾਅ ਚੜ੍ਹ ਗਿਆ। ਪਾਖਰ ਸਿੰਘ ਦੇ ਖੇਤ ਢੁੱਡੀਕੇ ਦੇ ਗ਼ਦਰੀਆਂ ਨੇ ਮੀਟਿੰਗ ਕੀਤੀ। ਢੁੱਡੀਕੇ ਦੇ ਸਾਰੇ ਗ਼ਦਰੀਆਂ ਨੇ ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕਰਨ ਲਈ ਪਹੁੰਚਣਾ ਸੀ। ਭਾਈ ਰਨਧੀਰ ਸਿੰਘ ਨਾਰੰਗਵਾਲ ਨੇ ਆਪਣਾ ਜੱਥੇ ਲੈ ਕੇ ਆਉਣਾ ਸੀ। ਕਰਤਾਰ ਸਿੰਘ ਸਰਾਭਾ ਤੇ ਉਸ ਦੇ ਹੋਰ ਸਾਥੀਆਂ ਨੇ ਵੀ ਫਿਰੋਜ਼ਪੁਰ ਛਾਉਣੀ ਹੀ ਪਹੁੰਚਣਾ ਸੀ। ਕਰਤਾਰ ਸਿੰਘ ਸਰਾਭਾ ਤਾਂ ਇਸ ਤੋਂ ਪਹਿਲਾਂ ਕਈ ਵਾਰ ਫਿਰੋਜ਼ਪੁਰ ਆ ਕੇ ਭਾਰਤੀ ਫੌਜੀ ਜਵਾਨਾਂ ਨਾਲ ਗੰਢ ਤੁੱਪ ਕਰ ਗਿਆ ਸੀ। ਸਭ ਤੋਂ ਪਹਿਲਾਂ ਗ਼ਦਰੀਆਂ ਨੇ ਗੋਰੇ ਫੌਜੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਕੋਲੋਂ ਹਥਿਆਰ ਖੋਹਣੇ ਸਨ। ਉਸ ਤੋਂ ਪਿੱਛੋਂ ਭਾਰਤੀ ਫੌਜੀਆਂ ਨੇ ਅੰਗਰੇਜ਼ੀ ਫੌਜ ਉੱਤੇ ਹੱਲਾ ਬੋਲ ਦੇਣਾ ਸੀ। ਸਾਰੇ ਦੇਸ਼ ਵਿੱਚ ਵੱਖ-ਵੱਖ ਫੌਜੀ ਛਾਉਣੀਆਂ ਵਿੱਚ ਜਾ ਕੇ ਗ਼ਦਰ ਪਾਰਟੀ ਦੇ ਵੱਡੇ ਨੇਤਾਵਾਂ ਨੇ ਭਾਰਤੀ ਫੌਜੀਆਂ ਨਾਲ ਗੁਪਤ ਪ੍ਰੋਗਰਾਮ ਬਣਾ ਲਿਆ ਸੀ। ਇਹ ਸਾਰੇ ਦੇਸ਼ ਵਿੱਚ ਇੱਕ ਵੱਡੀ ਯੋਜਨਾ ਸੀ ਜਿਸ ਨੂੰ ਗ਼ਦਰੀਆਂ ਨੇ ਸਿਰ ਧੜ ਦੀ ਬਾਜ਼ੀ ਲਾ ਕੇ ਸਿਰੇ ਲਾ ਲਿਆ ਸੀ। ਗ਼ਦਰ ਪਾਰਟੀ ਨੂੰ ਇਹ ਬਹੁਤ ਵੱਡੀ ਆਸ ਸੀ ਕਿ ਅੰਗਰੇਜ਼ੀ ਰਾਜ ਦਾ ਖਾਤਮਾ ਹੋ ਜਾਣਾ ਹੈ। ਇਧਰ ਕਿਰਪਾਲ ਸਿੰਘ ਨਾਂ ਦੇ ਇੱਕ ਗ਼ਦਾਰ ਨੇ ਗ਼ਦਰ ਪਾਰਟੀ ਦੀ 21 ਫਰਵਰੀ ਦੀ ਸਾਰੀ ਯੋਜਨਾ ਦਾ ਭੇਦ ਅੰਗਰੇਜ਼ਾਂ ਦੀ ਖੁਫੀਆ ਪੁਲੀਸ ਨੂੰ ਦੇ ਦਿੱਤਾ। ਪਾਰਟੀ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ ਤੇ ਫਿਰ ਪਾਰਟੀ ਨੇ ਤਰੀਕ ਬਦਲ ਕੇ 19 ਫਰਵਰੀ ਕਰ ਦਿੱਤੀ। ਪਾਰਟੀ ਨੇ ਕਿਰਪਾਲ ਸਿੰਘ ਉੱਤੇ ਨਿਗਰਾਨੀ ਤਾਂ ਰੱਖੀ ਪਰ ਉਸ ਨੇ 19 ਫਰਵਰੀ ਦੀ ਸੂਹ ਵੀ ਪੁਲੀਸ ਨੂੰ ਦੇ ਦਿੱਤੀ। ਇਹ ਘਟਨਾ ਅਠਾਰਾਂ ਫਰਵਰੀ ਨੂੰ ਹੋਈ। ਇਸ ਸਮੇਂ ਤੱਕ ਬਹੁਤੇ ਗ਼ਦਰੀ ਪਾਰਟੀ ਦੇ ਕੇਂਦਰੀ ਹੈੱਡਕੁਆਟਰ ਤੋਂ ਨਿਕਲ ਚੁੱਕੇ ਸਨ ਪਰ ਸਾਰੇ ਹੀ 19 ਫਰਵਰੀ ਲਈ ਤਿਆਰੀ ਕਰਨ ਲੱਗੇ।

ਢੁੱਡੀਕੇ ਦੇ ਸਾਰੇ ਗ਼ਦਰੀ 19 ਫਰਵਰੀ ਨੂੰ ਫਿਰੋਜ਼ਪੁਰ ਛਾਉਣੀ ਚਲੇ ਗਏ। ਪਾਲਾ ਸਿੰਘ ਤੇ ਈਸ਼ਰ ਸਿੰਘ ਹਥਿਆਰ ਚਲਾਉਣ ਦੇ ਮਾਹਰ ਸਨ। ਅੱਜ ਮੇਰੇ ਦੇਸ਼ ਦੀ ਤਕਦੀਰ ਬਦਲ ਜਾਣੀ ਹੈ। ਅੰਗਰੇਜ਼ੀ ਰਾਜ ਦਾ ਖਾਤਮਾ ਹੋ ਜਾਣਾ ਹੈ। ਅੱਜ ਮੇਰਾ ਦੇਸ਼

ਅਜ਼ਾਦ ਹੋਵੇਗਾ। ਭਾਰਤ ਭਰ ਵਿੱਚ ਅੱਜ ਗ਼ਦਰ ਪਾਰਟੀ ਦਾ ਝੰਡਾ ਝੂਲਦਾ ਨਜ਼ਰ ਆਵੇਗਾ। ਅੱਜ ਚਾਹੇ ਜਿੰਨੀ ਵੱਡੀ ਕੁਰਬਾਨੀ ਦੇਣੀ ਪੈ ਜਾਵੇ ਤਾਂ ਵੀ ਕੋਈ ਪਰਵਾਹ ਨਹੀਂ। ਦੇਸ਼ ਅਜ਼ਾਦ ਹੋਣਾ ਚਾਹੀਦਾ ਹੈ।

ਸਾਰੇ ਗ਼ਦਰੀ ਆਪੋ ਆਪਣੇ ਹਥਿਆਰ ਛੁਪਾਈ ਫਿਰੋਜ਼ਪੁਰ ਛਾਉਣੀ ਜਾ ਪਹੁੰਚੇ। ਭਾਈ ਰਨਧੀਰ ਸਿੰਘ ਜੀ ਨਾਰੰਗਵਾਲ ਵਾਲੇ ਕੋਈ 60 ਬੰਦਿਆਂ ਸਮੇਤ ਪਹਿਲਾਂ ਹੀ ਪੁੱਜ ਚੁੱਕੇ ਸਨ। ਉੱਥੇ ਜਾ ਕੇ ਪਤਾ ਲੱਗਾ ਕਿ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਸਮੇਤ ਸਵੱਖਤੇ ਹੀ ਛਾਉਣੀ ਪਹੁੰਚ ਗਿਆ ਸੀ। ਏਥੇ ਆ ਕੇ ਹੀ ਕਰਤਾਰ ਸਿੰਘ ਸਰਾਭੇ ਨੂੰ ਪਤਾ ਲੱਗਾ ਕਿ ਕਿਰਪਾਲ ਸਿੰਘ ਗ਼ਦਾਰ ਨੇ 19 ਫਰਵਰੀ ਦੀ ਸੂਚਨਾ ਵੀ ਅੰਗਰੇਜ਼ੀ ਪੁਲੀਸ ਨੂੰ ਦੇ ਦਿੱਤੀ ਹੈ। ਅੰਗਰੇਜ਼ਾਂ ਨੇ ਭਾਰਤੀ ਫੌਜੀਆਂ ਤੋਂ ਹਥਿਆਰ ਖੋਹ ਲਏ। ਗੋਰੇ ਫੌਜੀਆਂ ਨੂੰ ਸਾਵਧਾਨ ਕਰ ਦਿੱਤਾ। ਕਰਤਾਰ ਸਿੰਘ ਸਰਾਭੇ ਨੂੰ ਛਾਉਣੀ ਆ ਕੇ ਸਾਰੀ ਸਥਿਤੀ ਦਾ ਪਤਾ ਲੱਗ ਗਿਆ। ਭਾਰਤੀ ਜਵਾਨਾਂ ਨੇ ਸਰਾਭੇ ਨੂੰ ਕਿਹਾ ਕਿ ਜਿੰਨੀ ਛੇਤੀ ਹੋ ਸਕੇ ਤੁਸੀਂ ਫਿਰੋਜ਼ਪੁਰ ਨੂੰ ਛੱਡ ਜਾਉ। ਹਾਲਾਤ ਬੜੇ ਖਰਾਬ ਹੋ ਗਏ ਹਨ। ਸਰਕਾਰ ਨੂੰ ਗ਼ਦਰੀਆਂ ਦੇ ਪ੍ਰੋਗਰਾਮ ਦੀ ਪੂਰੀ ਸੂਹ ਮਿਲ ਚੁੱਕੀ ਹੈ। ਗੋਰੇ ਸਿਪਾਹੀਆਂ ਨੇ ਥਾਂ-ਥਾਂ ਮੋਰਚੇ ਸੰਭਾਲ ਲਏ ਹਨ। ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀ ਫਿਰੋਜ਼ਪੁਰ ਤੋਂ ਸਿੱਧੇ ਲਾਹੌਰ ਨੂੰ ਚਲੇ ਗਏ। ਕਰਤਾਰ ਸਿੰਘ ਸਰਾਭਾ ਜਾਣ ਲੱਗਾ ਇੱਕ ਸੁਨੇਹਾ ਛੱਡ ਕੇ ਗਿਆ ਸੀ ਕਿ ਘਬਰਾਉਣਾ ਨਹੀਂ। ਪਾਰਟੀ ਨੂੰ ਮਜ਼ਬੂਤ ਕਰਨਾ ਹੈ। ਪੈਸਾ ਤੇ ਹਥਿਆਰ ਪਰਾਪਤ ਕਰਨੇ ਹਨ। ਇੱਕ ਦਿਨ ਗ਼ਦਰ ਮਚਾਉਣਾ ਹੀ ਪਏਗਾ। ਜ਼ਾਲਮ ਸਰਕਾਰ ਦਾ ਖਾਤਮਾ ਕਰਕੇ ਲੋਕਾਂ ਦੀ ਸਰਕਾਰ ਫੇਰ ਹੀ ਬਣਾਈ ਜਾ ਸਕੇਗੀ।

ਪਾਲਾ ਸਿੰਘ ਨੂੰ ਬਹੁਤ ਦੁੱਖ ਹੋਇਆ ਕਿ ਇੱਕ ਗ਼ਦਾਰ ਬੰਦੇ ਦੇ ਕਾਰਨ ਹੀ ਸਾਰੀ ਬਾਜ਼ੀ ਪੁੱਠੀ ਪੈ ਗਈ। ਲਾਹਣਤ ਹੈ ਅਜਿਹੇ ਬੰਦਿਆਂ ਦੇ ਜਿਹੜੇ ਆਪਣੇ ਦੇਸ਼ ਨਾਲ ਧਰੋਹ ਕਮਾਉਂਦੇ ਹਨ। ਅਜਿਹੇ ਬੰਦਿਆਂ ਨੂੰ ਤਾਂ ਗੋਲੀ ਮਾਰ ਦੇਣੀ ਚਾਹੀਦੀ ਸੀ। ਪਾਲਾ ਸਿੰਘ ਬਹੁਤ ਮਾਯੂਸ ਹੋ ਗਿਆ। ਉਸ ਨੂੰ ਆਸ ਹੀ ਨਹੀਂ ਸੀ ਕਿ ਇਸ ਤਰ੍ਹਾਂ ਦੀ ਘਟੀਆ ਹਰਕਤ ਵੀ ਹੋ ਸਕਦੀ ਹੈ। ਢੁੱਡੀਕੇ ਦੇ ਸਾਰੇ ਗ਼ਦਰੀ ਵਾਪਸ ਪਿੰਡ ਆ ਗਏ। ਸਾਰਿਆਂ ਦੇ ਜਿਵੇਂ ਦਿਲ ਹੀ ਟੁੱਟ ਗਏ ਪਰ ਫੇਰ ਉਨ੍ਹਾਂ ਨੂੰ ਕਰਤਾਰ ਸਿੰਘ ਸਰਾਭੇ ਦਾ ਸੁਨੇਹਾ ਯਾਦ ਆਉਂਦਾ।

ਥੋੜ੍ਹੇ ਦਿਨਾਂ ਬਾਅਦ ਈਸ਼ਰ ਸਿੰਘ ਤੇ ਉਤਮ ਸਿੰਘ ਹਾਂਸ ਨੇ ਗੁਰਮੁਖ ਸਿੰਘ ਲਲਤੋਂ ਨਾਲ ਸਲਾਹ ਕਰਕੇ ਦੋਰਾਹੇ ਦੇ ਪੁਲ ਉੱਤੇ ਲੱਗੀ ਹੋਈ ਗਾਰਦ ਕੋਲੋਂ ਹਥਿਆਰ ਖੋਹਣ ਦੀ ਸਕੀਮ ਬਣਾ ਲਈ। ਪਾਲਾ ਸਿੰਘ ਨੂੰ ਇਹ ਗੱਲ ਠੀਕ ਲੱਗੀ ਕਿ ਕਿਵੇਂ ਨਾ ਕਿਵੇਂ ਹਰ ਹੀਲੇ ਹਥਿਆਰ ਇਕੱਠੇ ਕੀਤੇ ਜਾਣ। ਮਿਥੇ ਹੋਏ ਦਿਨ ਬੰਤਾ ਸਿੰਘ ਸੰਘਵਾਲ, ਜਵੰਦ ਸਿੰਘ ਨੰਗਲ, ਗੁਰਮੁਖ ਸਿੰਘ ਲਲਤੋਂ, ਚੂਹੜ ਸਿੰਘ ਲੀਲਾਂ, ਨੰਦ ਸਿੰਘ ਕੈਲੇ, ਉਤਮ ਸਿੰਘ ਹਾਂਸ ਤੇ ਹੋਰ ਬਹੁਤ ਸਾਰੇ ਗ਼ਦਰੀ ਦੁਰਾਹੇ ਪਹੁੰਚ ਗਏ। ਢੁੱਡੀਕੇ ਤੋਂ ਪਾਲਾ ਸਿੰਘ, ਈਸ਼ਰ ਸਿੰਘ ਤੇ ਹੋਰ ਕਈ ਸਾਥੀ ਵੀ ਦੁਰਾਹੇ ਚਲੇ ਗਏ। ਅੱਧੀ ਰਾਤ ਨੂੰ ਨਹਿਰ ਦੇ

ਪੁਲ ਉੱਤੇ ਪਹਿਰਾ ਦੇ ਰਹੀ ਫੌਜੀ ਗਾਰਦ ਤੋਂ ਬੰਦੂਕਾਂ ਖੋਹਣੀਆਂ ਸਨ। ਸ਼ੇਰ ਦੇ ਘੁਰਨੇ ਵਿੱਚ ਜਾਣ ਵਾਲੀ ਗੱਲ। ਕਿਸੇ ਗ਼ਦਰੀ ਨੂੰ ਮੌਤ ਦਾ ਭੈਅ ਹੀ ਨਹੀਂ ਸੀ। ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦਾ ਕੋਈ ਖਿਆਲ ਨਹੀਂ ਸੀ। ਉਹ ਤਾਂ ਸ਼ਕਤੀਸ਼ਾਲੀ ਹੋ ਕੇ ਹਥਿਆਰਾਂ ਰਾਹੀਂ ਅੰਗਰੇਜ਼ੀ ਸਰਕਾਰ ਦਾ ਖਾਤਮਾ ਕਰਨਾ ਚਾਹੁੰਦੇ ਸਨ।

ਰਾਤ ਦਾ ਹਨ੍ਹੇਰਾ ਹੈ। ਜਗ੍ਹਾ ਵੀ ਸਾਫ ਸੁਥਰੀ ਨਹੀਂ। ਸਾਹਮਣੇ ਫੌਜੀ ਗਾਰਦ ਹੈ। ਉਨ੍ਹਾਂ ਕੋਲ ਮਾਰੂ ਹਥਿਆਰ ਹਨ ਪਰ ਗ਼ਦਰੀਆਂ ਕੋਲ ਬਹੁਤ ਛੋਟੇ ਹਥਿਆਰ ਹਨ। ਨੰਦ ਸਿਘ ਕੈਲੇ ਨੇ ਆਪ ਹੀ ਤਿਆਰ ਕੀਤੇ ਹੋਏ ਸਨ। ਇਹ ਬੰਬ ਆਦਮੀਆਂ ਨੂੰ ਸਿਰਫ਼ ਜ਼ਖ਼ਮੀ ਹੀ ਕਰਦੇ ਸਨ। ਘੁੱਪ ਹਨ੍ਹੇਰੇ ਵਿੱਚ ਬੈਠੇ ਗ਼ਦਰੀਆਂ ਨੇ ਠੰਢੇ ਮਨਾਂ ਨਾਲ ਵਿਚਾਰ ਕੀਤੀ ਕਿ ਜੇਕਰ ਗਾਰਦ ਉੱਤੇ ਹਮਲਾ ਕਰਾਂਗੇ ਤਾਂ ਏਥੇ ਬੰਦਿਆਂ ਦਾ ਨੁਕਸਾਨ ਹੋਵੇਗਾ। ਇਸ ਕਰਕੇ ਏਥੋਂ ਚੁੱਪ ਕਰਕੇ ਵਾਪਸ ਜਾਣਾ ਹੀ ਠੀਕ ਰਹੇਗਾ। ਬਹੁਤੇ ਗ਼ਦਰੀਆਂ ਦੀ ਇਹੋ ਰਾਏ ਸੀ ਕਿ ਕਾਹਲੀ ਨਾ ਕੀਤੀ ਜਾਵੇ। ਇਸ ਕਰਕੇ ਸਾਰੇ ਗ਼ਦਰੀ ਉਥੋਂ ਵਾਪਸ ਮੁੜ ਪਏ। ਈਸ਼ਰ ਸਿਘ ਤਾਂ ਉਥੋਂ ਜਵੰਦ ਸਿਘ ਨੰਗਲ ਹੋਰਾਂ ਨਾਲ ਉਨ੍ਹਾਂ ਦੇ ਪਿੰਡਾਂ ਨੂੰ ਤੁਰ ਪਿਆ ਤਾਂ ਕਿ ਉਸ ਪਾਸੇ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਪਾਲਾ ਸਿਘ ਤੇ ਪਿੰਡ ਦੇ ਹੋਰ ਸਾਥੀ ਢੁੱਡੀਕੇ ਆ ਗਏ।

ਪਾਲਾ ਸਿਘ ਪਿੰਡ ਆ ਕੇ ਘਰ ਨਹੀਂ ਬੈਠਾ। ਉਹ ਚੂਹੜ ਚੱਕ, ਦੌਧਰ, ਤਖਾਣਵੱਧ, ਕੋਕਰੀ, ਅਜੀਤਵਾਲ, ਕਾਉਂਕੇ, ਸ਼ੇਖ ਦੌਲਤ ਤੇ ਜਗਰਾਉਂ ਜਾ ਕੇ ਲੋਕਾਂ ਨੂੰ ਮਿਲਦੇ। ਕਈ ਬੰਦੇ ਫੌਜੀ ਹੁੰਦੇ ਤੇ ਕਈ ਬਿਦੇਸ਼ਾਂ ਤੋਂ ਆਏ ਹੁੰਦੇ। ਪਾਲਾ ਸਿੰਘ ਉਨ੍ਹਾਂ ਨਾਲ ਗ਼ਦਰ ਪਾਰਟੀ ਦੇ ਪ੍ਰੋਗਰਾਮ ਦੀਆਂ ਗੱਲਾਂ ਕਰਦਾ। ਅੰਗਰੇਜ਼ੀ ਸਰਕਾਰ ਦੀਆਂ ਧੱਕੇਸ਼ਾਹੀਆਂ ਦੇ ਕਿੱਸੇ ਦੱਸਦਾ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਉਤੇ ਅੰਨ੍ਹੇਵਾਹ ਚਲਾਈਆਂ ਗੋਲੀਆਂ ਦੀਆਂ ਕਹਾਣੀਆਂ ਸੁਣਾਉਂਦਾ। ਕਰਤਾਰ ਸਿੰਘ ਸਰਾਭੇ ਦੇ ਸੁਨੇਹੇ ਬਾਰੇ ਦੱਸਦਾ। ਭਾਵੁਕ ਹੋ ਕੇ ਆਖਦਾ ਕਿ ਇਹ ਜ਼ਿੰਦਗੀ ਸਾਡੇ ਦੇਸ਼ ਦੀ ਅਮਾਨਤ ਹੈ। ਅਸੀਂ ਇੱਕ ਦਿਨ ਗ਼ਦਰ ਜ਼ਰੂਰ ਮਚਾਵਾਂਗੇ। ਸਾਡੇ ਦੇਸ਼ ਵਿੱਚ ਲੋਕਾਂ ਦੀ ਸਰਕਾਰ ਜ਼ਰੂਰ ਬਣੇਗੀ ਪਰ ਪਹਿਲਾਂ ਕੁਰਬਾਨੀਆਂ ਦੇਣੀਆਂ ਪੈਣਗੀਆਂ। ਇਸ ਤਰ੍ਹਾਂ ਪਾਲਾ ਸਿੰਘ ਪਾਰਟੀ ਲਈ ਦਿਨ ਰਾਤ ਕੰਮ ਕਰਦਾ। ਪਿੰਡ ਦੇ ਦੂਜੇ ਗ਼ਦਰੀ ਸਾਥੀ ਇਕ ਦੂਜੇ ਨਾਲ ਤਾਲਮੇਲ ਬਣਾਈ ਰੱਖਦੇ। ਮਾਸਟਰ ਫੇਰਾ ਸਿੰਘ ਇਸ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ। ਈਸ਼ਰ ਸਿੰਘ ਦੇ ਘਰ ਪੁਲੀਸ ਦੂਜੇ ਤੀਜੇ ਦਿਨ ਗੇੜਾ ਮਾਰਦੀ ਸੀ ਤੇ ਇੱਕ ਦਿਨ ਈਸ਼ਰ ਸਿੰਘ ਰੂਪੋਸ਼ ਹੋ ਗਿਆ ਤੇ ਪਾਰਟੀ ਲਈ ਸਗੋਂ ਉਹ ਹੋਰ ਵੀ ਸਰਗਰਮ ਹੋ ਗਿਆ। ਪਾਲਾ ਸਿੰਘ ਲਾਗਲੇ ਪਿੰਡਾਂ ਵਿੱਚ ਗੇੜਾ ਕੱਢ ਆਉਂਦਾ। ਜੇ ਕੋਈ ਪੁਛਦਾ ਤੂੰ ਕਈ ਦਿਨ ਵੇਖਿਆ ਹੀ ਨਹੀਂ ਕਿਥੇ ਗਿਆ ਸੀ ਤਾਂ ਪਾਲਾ ਸਿੰਘ ਅੱਗੋਂ ਉਤਰ ਦਿੰਦਾ ਕਿ ਉਹ ਨਾਨਕੀਂ ਮਿਲਣ ਗਿਆ ਸੀ। ਇਸ ਤਰ੍ਹਾਂ ਪਾਲਾ ਸਿੰਘ ਚੁੱਪ ਚੁਪੀਤਾ ਪਾਰਟੀ ਲਈ ਕੰਮ ਕਰਦਾ ਰਹਿੰਦਾ।

ਢੁੱਡੀਕੇ ਦੀ ਇੱਕ ਇਤਿਹਾਸਕ ਮੀਟਿੰਗ

ਈਸ਼ਰ ਸਿੰਘ ਨੇ ਲੁਧਿਆਣਾ, ਜਲੰਧਰ ਤੇ ਹੁਸ਼ਿਆਰਪੁਰ ਦੇ ਗ਼ਦਰੀਆਂ ਨਾਲ ਸਲਾਹ ਕਰਕੇ ਢੁੱਡੀਕੇ ਵਿਖੇ 25 ਮਈ 1915 ਨੂੰ ਪਾਰਟੀ ਦੀ ਵਿਸ਼ਾਲ ਮੀਟਿੰਗ ਕਰਨ ਦੇ ਸੁਨੇਹਾ ਪਾਲਾ ਸਿੰਘ ਹੋਰਾਂ ਨੂੰ ਭੇਜ ਦਿੱਤਾ। ਇਹ ਭਰਵੀਂ ਮੀਟਿੰਗ ਪਾਲਾ ਸਿੰਘ ਦੇ ਖੇਤਾਂ ਵਿੱਚ ਸੂਏ ਦੇ ਪੁਲ ਲਾਗੇ ਹੋਈ। ਰੂੜ ਸਿੰਘ ਚੂਹੜਚੱਕ, ਨਿਧਾਨ ਸਿੰਘ ਚੁੱਘਾ ਤੇ ਨੰਦ ਸਿੰਘ ਕੈਲੇ ਇਸ ਸਮੇਂ ਤੱਕ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ ਸਨ। ਪਰੇਮ ਸਿੰਘ ਸੁਰ ਸਿੰਘ, ਬੰਤਾ ਸਿੰਘ ਸੰਘਵਾਲ, ਰੰਗਾ ਸਿੰਘ ਖੁਰਦਪੁਰ, ਬੀਰ ਸਿੰਘ ਬਾਹੋਵਾਲ, ਬੂਟਾ ਸਿੰਘ ਅਕਾਲਗੜ੍ਹ, ਉਤਮ ਸਿੰਘ ਹਾਂਸ, ਅਰਜਣ ਸਿੰਘ ਜਗਰਾਉਂ, ਕਪੂਰ ਸਿੰਘ ਕਾਉਂਕੇ, ਇੰਦਰ ਸਿੰਘ ਸ਼ੇਖ ਦੌਲਤ ਤੋਂ ਬਿਨਾਂ ਢੁੱਡੀਕੇ ਦੇ ਸਾਰੇ ਤੇ ਇਲਾਕੇ ਦੇ ਵੀ ਬਹੁਤ ਗ਼ਦਰੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਇਥੇ ਪਾਰਟੀ ਲਈ ਅਸਲਾ ਤੇ ਪੈਸਾ ਪਰਾਪਤ ਕਰਨ ਵਾਸਤੇ ਕਪੂਰਥਲੇ ਦੇ ਅਸਲਾਖਾਨੇ ਉਤੇ ਪੰਜ ਜੂਨ ਨੂੰ ਧਾਵਾ ਕਰਨ ਦੀ ਸਕੀਮ ਬਣਾ ਲਈ। ਮੀਟਿੰਗ ਵਿੱਚ ਢੁੱਡੀਕੇ ਦੇ ਗ਼ਦਰੀਆਂ ਨੇ ਕਪੂਰਥਲੇ ਪਹੁੰਚਣ ਲਈ ਪ੍ਰਣ ਕਰ ਲਿਆ ਤੇ ਉਹ ਸਾਰੇ ਪੰਜ ਜੂਨ ਨੂੰ ਕਪੂਰਥਲੇ ਪਹੁੰਚ ਗਏ ਪਰ ਉੱਥੇ ਕੇਵਲ 20-22 ਬੰਦੇ ਹੀ ਪਹੁੰਚ ਸਕੇ। ਗਿਣਤੀ ਘੱਟ ਵੇਖ ਕੇ ਪਾਰਟੀ ਨੇ ਕਪੂਰਥਲੇ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਕਿਉਂਕਿ ਏਥੇ ਤਾਂ 50-60 ਬੰਦੇ ਪਹੁੰਚਣ ਲਈ ਤਾਕੀਦ ਕੀਤੀ ਸੀ।

ਕਪੂਰਥਲੇ ਵਿੱਚ ਹੀ ਗ਼ਦਰੀਆਂ ਨੇ ਨਵੀਂ ਸਕੀਮ ਤਿਆਰ ਕੀਤੀ। ਅੰਮ੍ਰਿਤਸਰ ਦੇ ਲਾਗਲੇ ਪਿੰਡ ਵੱਲਾ ਵਾਲੀ ਨਹਿਰ ਉਤੇ ਹਰ ਰੋਜ਼ ਪਹਿਰਾ ਲੱਗਦਾ ਸੀ। ਗ਼ਦਰੀਆਂ ਨੇ ਸਕੀਮ ਬਣਾਈ ਕਿ ਇੱਕ ਰਾਤ ਨੂੰ ਧਾਵਾ ਕਰਕੇ ਇਸ ਗਾਰਦ ਤੋਂ ਬੰਦੂਕਾਂ ਖੋਹ ਲਈਆਂ ਜਾਣ। ਇਨ੍ਹਾਂ ਹਥਿਆਰਾਂ ਨਾਲ ਕਈ ਵੱਡੇ ਹਮਲੇ ਕੀਤੇ ਜਾਣਗੇ। ਗਿਆਰਾਂ ਜੂਨ ਦਾ ਦਿਨ ਬੰਨ੍ਹ ਲਿਆ। ਸਭ ਨੂੰ ਵੱਲੇ ਪਹੁੰਚਣ ਲਈ ਸਖ਼ਤ ਹਦਾਇਤ ਕੀਤੀ। ਪੰਜ ਜੂਨ ਨੂੰ ਗ਼ਦਰੀ ਵਾਪਸ ਮੁੜੇ। ਅਰਜਣ ਸਿੰਘ ਜਗਰਾਉਂ, ਕਪੂਰ ਸਿੰਘ ਕਾਉਂਕੇ, ਬੂਟਾ ਸਿੰਘ ਅਕਾਲਗੜ੍ਹ ਤੇ ਬੀਰ ਸਿੰਘ ਬਾਹੋਵਾਲ ਨੂੰ ਅਗਲੇ ਦਿਨ ਚਿੱਟੀ ਪਿੰਡ ਵਿੱਚੋਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਪਰ ਇਨ੍ਹਾਂ ਨੇ ਵੱਲਾ ਪਿੰਡ ਵਾਲੀ ਸੂਹ ਨਾ ਦਿੱਤੀ।

ਪਿੰਡ ਢੁੱਡੀਕੇ ਦੇ ਸਾਰੇ ਸਾਥੀ 11 ਜੂਨ ਨੂੰ ਵੱਲਾ ਪਿੰਡ ਪਹੁੰਚੇ ਗਏ। ਗਰਮੀ ਦਾ ਮੌਸਮ ਸੀ। ਸਾਰੇ ਗ਼ਦਰੀ ਵੱਲਾ ਪੁਲ ਦੇ ਲਾਗੇ ਅੱਧੀ ਰਾਤ ਨੂੰ ਹਨੇਰੇ ਵਿੱਚ ਛੁਪ ਕੇ ਬੈਠ ਗਏ। ਝੱਲ ਵਿੱਚ ਭੁੱਖੇ ਤਿਹਾਏ ਧਾਵਾ ਕਰਨ ਲਈ ਸਾਰੇ ਉਤਾਵਲੇ ਸਨ। ਪਾਲਾ ਸਿੰਘ ਹਥਿਆਰ ਚਲਾਉਣ ਦਾ ਮਾਹਿਰ ਹੋਣ ਕਰਕੇ ਹੌਂਸਲੇ ਵਿੱਚ ਸੀ। ਕਸੁਥਰੀ ਜਗ੍ਹਾ ਨ੍ਹੇਰੀ ਰਾਤ ਪਰ ਅਜ਼ਾਦੀ ਦੇ ਦੀਵਾਨੇ ਹਰ ਹੀਲੇ ਧਾਵਾ ਕਰਨ ਲਈ ਤਿਆਰ ਸਨ। ਅੱਧੀ

ਰਾਤ ਨੂੰ ਇੱਕ ਰੇਲ ਗੱਡੀ ਆਈ। ਗੱਡੀ ਦੇ ਇੰਜਣ ਨੇ ਪੁਲ ਉੱਤੇ ਲਾਈਟਾਂ ਮਾਰ ਕੇ ਦਿਨ ਚੜ੍ਹਾ ਦਿੱਤਾ। ਗੱਡੀ ਦਗੜ-ਦਗੜ ਕਰਦੀ ਪੁਲ ਪਾਰ ਕਰਨ ਲੱਗੀ। ਸਾਰੇ ਪਹਿਰੇਦਾਰ ਖਲੋ ਕੇ ਭੱਜੀ ਜਾਂਦੀ ਗੱਡੀ ਵੱਲ ਵੇਖਣ ਲੱਗੇ। ਗ਼ਦਰੀਆਂ ਨੇ ਇਕਦਮ ਗਾਰਦ ਉੱਤੇ ਗੋਲੀ ਚਲਾ ਦਿੱਤੀ। ਇੱਕ ਪਹਿਰੇਦਾਰ ਥਾਏਂ ਡਿੱਗ ਪਿਆ। ਗ਼ਦਰੀਆਂ ਵੱਲੋਂ ਹੋਰ ਫਾਇਰ ਕੀਤੇ ਗਏ। ਇੱਕ ਹੋਰ ਪਹਿਰੇਦਾਰ ਡਿੱਗ ਪਿਆ। ਪਹਿਰੇਦਾਰਾਂ ਨੂੰ ਪਤਾ ਹੀ ਨਾ ਲੱਗਾ ਕਿ ਇਹ ਹੋ ਕੀ ਗਿਆ। ਹਫੜਾ-ਦਫੜੀ ਵਿੱਚ ਉਹ ਸਾਰੇ ਜਣੇ ਆਪਣੀਆਂ ਬੰਦੂਕਾਂ ਛੱਡ ਕੇ ਭੱਜ ਤੁਰੇ। ਫਿਰ ਕੀ ਸੀ ਈਸ਼ਰ ਸਿੰਘ, ਪਾਲਾ ਸਿੰਘ, ਉਤਮ ਸਿੰਘ ਹਾਂਸ ਤੇ ਜਵੰਦ ਸਿੰਘ ਨੰਗਲ ਭੱਜ ਕੇ ਪੁਲ ਉੱਤੇ ਚਲੇ ਗਏ। ਉਨ੍ਹਾਂ ਨੇ ਛੇ ਬੰਦੂਕਾਂ ਤੇ 450 ਕਾਰਤੂਸ ਜਾ ਕੇ ਚੁੱਕ ਲਏ। ਹੋਰ ਗ਼ਦਰੀ ਵੀ ਪੁਲ ਉੱਤੇ ਆ ਗਏ।

ਪਾਰਟੀ ਨੇਤਾਵਾਂ ਨੇ ਪਲਾਂ ਵਿੱਚ ਹੀ ਬੰਦੂਕਾਂ ਤੇ ਕਾਰਤੂਸ ਉਨ੍ਹਾਂ ਨੂੰ ਫੜਾ ਦਿੱਤੇ ਜੋ ਹਥਿਆਰ ਚਲਾਉਣ ਵਿਚ ਮਾਹਰ ਸਨ। ਪਾਲਾ ਸਿੰਘ ਕੋਲ ਵੀ ਇਕ ਬੰਦੂਕ ਤੇ ਕੁਝ ਕਾਰਤੂਸ ਆ ਗਏ। ਫਿਰ ਸਾਰੇ ਗ਼ਦਰੀ ਅੱਡੋ ਅੱਡ ਟੋਲੀਆਂ ਬਣਾ ਕੇ ਵਾਪਸ ਮੁੜ ਪਏ। ਕੁੱਝ ਗ਼ਦਰੀ ਤਰਨਤਾਰਨ ਵੱਲ ਨੂੰ ਚੱਲ ਪਏ। ਪਾਲਾ ਸਿੰਘ ਵੀ ਇਨ੍ਹਾਂ ਦੇ ਨਾਲ ਸੀ। ਦਿਨ ਚੜ੍ਹਦੇ ਨਾਲ ਇਨ੍ਹਾਂ ਪਿੱਛੇ ਪੁਲੀਸ ਲੱਗ ਤੁਰੀ। ਗ਼ਦਰੀ ਭੁੱਖੇ ਤਿਹਾਏ ਵੀ ਭੱਜ ਨਿਕਲੇ। ਪਿੰਡਾਂ ਦੇ ਲੋਕ ਵੀ ਪੁਲੀਸ ਦੇ ਨਾਲ ਹੋ ਤੁਰੇ। ਪੁਲੀਸ ਪਿੱਛੇ ਤੋਂ ਗੋਲੀ ਚਲਾਉਂਦੀ ਤੇ ਗ਼ਦਰੀ ਵੀ ਅੱਗੋਂ ਗੋਲੀ ਦਾ ਜਵਾਬ ਗੋਲੀ ਨਾਲ ਹੀ ਦਿੰਦੇ। ਗੋਲੀ ਦੋਹਾਂ ਪਾਸਿਆਂ ਤੋਂ ਚੱਲਦੀ ਰਹੀ। ਲੋਕ ਡਾਕੂ ਓਏ। ਡਾਕੂ ਓਏ ਆਖ ਕੇ ਰੌਲਾ ਪਾਉਂਦੇ ਪਿੱਛੇ ਭੱਜੇ ਆ ਰਹੇ ਸਨ ਪਰ ਗ਼ਦਰੀ ਫੇਰ ਵੀ ਗੋਲੀ ਉਨ੍ਹਾਂ ਉੱਤੇ ਨਹੀਂ ਸਨ ਚਲਾਉਂਦੇ। ਦੁਪਹਿਰ ਤੱਕ ਗ਼ਦਰੀ ਤਰਨਤਾਰਨ ਸ਼ਹਿਰ ਪਾਰ ਕਰ ਗਏ।

ਪੁਲੀਸ ਵੱਲੋਂ ਗੋਲੀ ਚੱਲਦੀ ਰਹੀ ਪਰ ਗ਼ਦਰੀ ਸੋਚ ਸਮਝ ਕੇ ਸੰਕੋਚ ਨਾਲ ਗੋਲੀ ਚਲਾਉਂਦੇ ਤਾਂ ਕਿ ਉਨ੍ਹਾਂ ਕੋਲੋਂ ਕਾਰਤੂਸ ਛੇਤੀ ਨਾ ਖਤਮ ਹੋ ਜਾਣ। ਉਹ ਤਾਂ ਬੱਸ ਪੂਰੀ ਤਾਕਤ ਨਾਲ ਭੱਜ ਰਹੇ ਸਨ। ਕਿਸੇ ਨੂੰ ਵੀ ਭੁੱਖ, ਤ੍ਰੇਹ ਜਾਂ ਗਰਮੀ ਦੀ ਚਿੰਤਾ ਨਹੀਂ ਸੀ। ਖੇਤਾਂ ਵਿੱਚ ਮੁਕਾਬਲਾ ਚੱਲਦਾ ਰਿਹਾ। ਦਿਨ ਛੁਪਦੇ ਨਾਲ ਗ਼ਦਰੀ ਗੋਇੰਦਵਾਲ ਦੇ ਪੱਤਣ ਕੋਲ ਦਰਿਆ ਬਿਆਸ ਉੱਤੇ ਪਹੁੰਚ ਗਏ। ਏਥੇ ਅੰਨ੍ਹੇਵਾਹ ਗੋਲੀ ਚੱਲੀ। ਗ਼ਦਰੀ ਬੇੜੀ ਰਾਹੀਂ ਬਿਆਸ ਦਰਿਆ ਪਾਰ ਕਰ ਗਏ। ਦਿਨ ਪੂਰੀ ਤਰ੍ਹਾਂ ਛੁਪ ਗਿਆ। ਗ਼ਦਰੀ ਕਪੂਰਥਲਾ ਰਿਆਸਤ ਵਿਚ ਦਾਖਲ ਹੋ ਗਏ ਸਨ। ਸਭ ਦਾ ਬੁਰਾ ਹਾਲ ਸੀ। ਦੂਜੀ ਰਾਤ ਫਿਰ ਗ਼ਦਰੀ ਦਰਿਆ ਦੇ ਝੱਲ ਵਿੱਚ ਆ ਬੈਠੇ। ਫਿਰ ਘੁੱਪ ਹਨ੍ਹੇਰੀ ਰਾਤ। ਹੱਥ ਮਾਰਿਆ ਨਹੀਂ ਸੀ ਦਿਸਦਾ। ਕਿਸੇ ਕੋਲ ਖਾਣ ਪੀਣ ਵਾਸਤੇ ਵੀ ਕੁੱਝ ਨਹੀਂ ਸੀ। ਸਾਰਿਆਂ ਦੇ ਪੈਰ ਸੁੱਜ ਗਏ ਸਨ। ਕਿਸੇ ਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਸੀ। ਸਾਰੇ ਗ਼ਦਰੀ ਪੂਰੇ ਹੌਂਸਲੇ ਵਿੱਚ ਸਨ ਕਿ ਅੱਜ ਉਨ੍ਹਾਂ ਦਾ ਹਮਲਾ ਪੂਰਾ ਕਾਮਯਾਬ ਸੀ। ਉਹ ਹੁਣ ਵੱਡੇ ਐਕਸ਼ਨ ਕਰਨਗੇ। ਝੱਲ ਵਿੱਚ ਜ਼ਹਿਰੀਲੇ ਜੀਵ ਜੰਤੂਆਂ ਦਾ ਬਹੁਤ ਖਤਰਾ ਹੁੰਦਾ ਹੈ ਪਰ ਗ਼ਦਰੀਆਂ ਨੂੰ ਤਾਂ ਇਸ ਗੱਲ ਦਾ ਚਿੱਤ ਚੇਤਾ ਵੀ ਨਹੀਂ ਸੀ।

ਗ੍ਰਿਫ਼ਤਾਰੀਆਂ ਦਾ ਦੌਰ

ਵੱਲਾ ਪੁਲ ਦੀ ਘਟਨਾ ਤੋਂ ਬਾਅਦ ਅੰਗਰੇਜ਼ੀ ਪੁਲੀਸ ਗ਼ਦਰੀਆਂ ਪਿੱਛੇ ਹੱਥ ਧੋ ਕੇ ਪੈ ਗਈ। ਧੜਾ ਧੜ ਗ੍ਰਿਫਤਾਰੀਆਂ ਹੋਣ ਲੱਗੀਆਂ। ਗ਼ਦਰੀਆਂ ਨੂੰ ਵੱਡਾ ਦੁੱਖ ਇਹ ਸੀ ਕਿ ਦੇਸ਼ ਵਾਸੀ ਉਨ੍ਹਾਂ ਨੂੰ ਦੇਸ਼ ਭਗਤਾਂ ਦੇ ਦ੍ਰਿਸ਼ਟੀਕੋਣ ਤੋਂ ਨਹੀਂ ਵੇਖਦੇ। ਉਹ ਤਾਂ ਦੇਸ਼ ਦੀ ਅਜ਼ਾਦੀ ਖਾਤਰ ਬਾਹਰਲੇ ਦੇਸ਼ਾਂ ਤੋਂ ਸਿਰ ਤਲੀ ਉੱਤੇ ਰੱਖ ਕੇ ਆਏ ਹਨ। ਉਨ੍ਹਾਂ ਆਪਣੇ ਘਰ ਬਾਰ ਤੇ ਜਾਇਦਾਦਾਂ ਦੀ ਕੋਈ ਪਰਵਾਹ ਨਹੀਂ ਕੀਤੀ। ਉਨ੍ਹਾਂ ਦਾ ਇੱਕੋ ਇੱਕ ਨਿਸ਼ਾਨਾ ਦੇਸ਼ ਦੀ ਆਜ਼ਾਦੀ ਹੈ। ਅਜ਼ਾਦੀ ਦਾ ਕੇਵਲ ਇੱਕੋ ਹੱਲ ਗ਼ਦਰ! ਬੱਸ ਗ਼ਦਰ। ਅਜ਼ਾਦੀ ਲਈ ਉਹ ਕੁਰਬਾਨੀ ਦੇਣ ਨੂੰ ਤਿਆਰ। ਦੇਸ਼ ਦੇ ਲੋਕ ਫਿਰ ਵੀ ਗ਼ਦਰੀਆਂ ਦੀ ਸੋਚ ਨੂੰ ਠੀਕ ਨਹੀਂ ਮੰਨਦੇ। ਪਿੰਡਾਂ ਦੇ ਬਹੁਤ ਲੰਬੜਦਾਰ, ਜ਼ੈਲਦਾਰ ਤੇ ਸਫੈਦਪੋਸ਼ ਖੁੱਲ੍ਹ ਕੇ ਅੰਗਰੇਜ਼ੀ ਸਰਕਾਰ ਦੀ ਮੱਦਦ ਕਰਦੇ ਹਨ ਤੇ ਗ਼ਦਰੀਆਂ ਨੂੰ ਇਹ ਚੋਰ ਡਾਕੂ ਹੀ ਸਮਝਦੇ ਹਨ। ਗ਼ਦਰੀਆਂ ਨੂੰ ਜਿਥੇ ਅੰਗਰੇਜ਼ੀ ਸਰਕਾਰ ਨਾਲ ਲੜਨਾ ਪੈ ਰਿਹਾ ਹੈ, ਉੱਥੇ ਦੇਸ਼ ਦੇ ਜੋ ਗੱਦਾਰ ਹਨ ਉਨ੍ਹਾਂ ਨਾਲ ਵੀ ਲੜਨਾ ਪੈ ਰਿਹਾ ਹੈ। ਅੰਗਰੇਜ਼ਾਂ ਦੇ ਪਿੱਠੂ ਗ਼ਦਰ ਪਾਰਟੀ ਦੇ ਬੰਦਿਆਂ ਨੂੰ ਸੂਹ ਦੇ ਕੇ ਗ੍ਰਿਫ਼ਤਾਰ ਕਰਵਾ ਰਹੇ ਹਨ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਜਗਤ ਸਿੰਘ ਸੁਰ ਸਿੰਘ, ਰੂੜ ਸਿੰਘ ਚੂਹੜਚੱਕ, ਨਿਧਾਨ ਸਿੰਘ ਚੁੱਘਾ, ਨੰਦ ਸਿੰਘ ਕੈਲੇ ਤੇ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬੀਰ ਸਿੰਘ ਬਾਹੋਵਾਲ, ਬੂਟਾ ਸਿੰਘ ਅਕਾਲਗੜ੍ਹ, ਅਰਜਨ ਸਿੰਘ ਜਗਰਾਉਂ ਤੇ ਕਪੂਰ ਸਿੰਘ ਕਾਉਂਕੇ ਨੂੰ ਚਿੱਟੀ ਪਿੰਡ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਸੀ। ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਗ਼ਦਰ ਪਾਰਟੀ ਨੂੰ ਬੜਾ ਧੱਕਾ ਲੱਗਾ। ਪਾਰਟੀ ਨੂੰ ਢਹਿੰਦੀਆਂ ਕਲਾਂ ਵਿੱਚ ਦੇਖ ਕੇ ਪਾਲਾ ਸਿੰਘ ਨੂੰ ਬੜੀ ਚਿੰਤਾ ਰਹਿੰਦੀ।

ਵੱਲਾ ਪਿੰਡ ਤੋਂ ਬਚਦੇ ਹੋਏ ਪਾਲਾ ਸਿੰਘ ਸਿੰਘ ਤੇ ਉਸਦੇ ਸਾਥੀ ਕਈ ਦਿਨਾਂ ਬਾਅਦ ਆਪਣੇ ਪਿੰਡ ਆ ਗਏ। ਪਿੰਡ ਦਾ ਮਹੌਲ ਪਹਿਲਾਂ ਨਾਲੋਂ ਬਦਲਿਆ ਹੋਇਆ ਸੀ। ਈਸ਼ਰ ਸਿੰਘ ਤੇ ਉਤਮ ਸਿੰਘ ਹਾਂਸ ਤਾਂ ਕਿਤੇ ਦੂਰ ਨਿਕਲ ਗਏ। ਪੁਲੀਸ ਹਰ ਰੋਜ਼ ਉਨ੍ਹਾਂ ਦੇ ਘਰ ਗੇੜਾ ਮਾਰਦੀ ਜਿਸ ਨਾਲ ਪਿੰਡ ਦੇ ਲੋਕਾਂ ਵਿੱਚ ਹੋਰ ਵੀ ਸਹਿਮ ਪੈਦਾ ਹੋ ਜਾਂਦਾ। ਕਈ ਬੰਦੇ ਤਾਂ ਗ਼ਦਰੀਆਂ ਵਿੱਚ ਹੀ ਦੋਸ਼ ਕੱਢਦੇ ਕਿ ਇਨ੍ਹਾਂ ਦੇ ਕਾਰਨ ਹੀ ਪਿੰਡ ਵਿਚ ਪੁਲੀਸ ਗੇੜੇ ਮਾਰਦੀ ਹੈ ਤੇ ਲੋਕਾਂ ਨੂੰ ਖਾਹਮਖਾਹ ਤੰਗ ਕਰਦੀ ਹੈ। ਪਾਲਾ ਸਿੰਘ ਅੰਦਰਖਾਤੇ ਸੋਚਦਾ ਕਿ ਸਾਡੇ ਦੇਸ਼ ਵਾਸੀ ਅਜ਼ਾਦੀ ਲੈਣ ਲਈ ਪਤਾ ਨਹੀਂ ਕਦੋਂ ਜਾਗਣਗੇ।

ਇਕ ਦਿਨ ਪਾਲਾ ਸਿੰਘ ਨੇ ਸੁਣਿਆ ਕਿ ਪੁਲੀਸ ਉਸ ਦੇ ਮਾਮਾ ਅਰਜਣ ਸਿੰਘ ਦੌਧਰ ਨੂੰ ਫੜ ਕੇ ਲੈ ਗਈ ਹੈ। ਪਾਲਾ ਸਿੰਘ ਖਬਰਸਾਰ ਲੈਣ ਲਈ ਝੱਟ ਦੌਧਰ ਚਲਾ ਗਿਆ। ਇਸ ਖ਼ਬਰ ਨੇ ਪਾਲਾ ਸਿੰਘ ਨੂੰ ਬੜਾ ਹਲੂਣਿਆ ਕਿ ਉਨ੍ਹਾਂ ਦੀ ਵਾਰੀ ਵੀ ਆਉਣ ਵਾਲੀ ਹੈ। ਕੁਝ ਦਿਨਾਂ ਬਾਅਦ ਪੁਲੀਸ ਨੇ ਪੁੱਛਗਿੱਛ ਕਰਕੇ ਅਰਜਣ ਸਿੰਘ ਨੂੰ ਛੱਡ ਦਿੱਤਾ। ਉਸ ਨੇ ਕਿਹਾ ਪੁਲੀਸ ਨੇ ਉਸ ਤੋਂ ਮਾਮੂਲੀ ਪੁੱਛਗਿੱਛ ਕੀਤੀ ਹੈ। ਪਾਲਾ ਸਿੰਘ ਹਾਲੇ ਦੌਧਰ ਹੀ ਸੀ। ਉੱਥੇ ਉਸ ਨੂੰ ਖਬਰ ਮਿਲ ਗਈ ਕਿ ਉਸ ਦੇ ਪਿੰਡ ਵਾਲੇ ਪਾਖਰ ਸਿੰਘ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਉਹ ਪਿੰਡ ਆ ਗਿਆ। ਅਗਲੇ ਦਿਨ ਉਹ ਫਿਰ ਦੌਧਰ ਚਲਾ ਗਿਆ। ਉਸ ਦੇ ਮਾਮੇ ਨੇ ਸਲਾਹ ਦਿੱਤੀ ਕਿ ਪਾਲਾ ਸਿੰਘ ਤਾਂ ਫੌਜ ਵਿਚ ਭਰਤੀ ਹੋ ਗਿਆ ਸੀ ਪਰ ਇਹ ਮੁੜ ਕੇ ਫੌਜ ਵਿਚ ਗਿਆ ਹੀ ਨਹੀਂ। ਇਸ ਕਰਕੇ ਇਹ ਫੌਜ ਵਿੱਚ ਹੀ ਚਲਾ ਜਾਵੇ। ਪੁਲੀਸ ਤੋਂ ਬਚਣ ਦਾ ਇਹ ਰਾਹ ਵਧੀਆ ਹੈ। ਦੌਧਰ ਦੇ ਇੱਕ ਫੌਜੀ ਅਫ਼ਸਰ ਤੋਂ ਅਰਜੀ ਲਿਖਵਾ ਕੇ ਪਾਲਾ ਸਿੰਘ ਮੁੜ ਆਪਣੀ ਰਜਮੈਂਟ ਵਿੱਚ ਹਾਜ਼ਰ ਹੋ ਗਿਆ। ਉਸ ਵੇਲੇ ਸੰਸਾਰ ਜੰਗ ਭਖੀ ਹੋਈ ਸੀ। ਅੰਗਰੇਜ਼ ਜੰਗ ਵਿੱਚ ਉਲਝਿਆ ਹੋਇਆ ਸੀ। ਸਰਕਾਰ ਨੂੰ ਤਾਂ ਫੌਜੀ ਜਵਾਨਾਂ ਦੀ ਲੋੜ ਸੀ ਜਿਸ ਕਰਕੇ ਪਾਲਾ ਸਿੰਘ ਨੂੰ ਝੱਟ ਹਾਜ਼ਰ ਕਰਵਾ ਲਿਆ। ਥੋੜ੍ਹੇ ਦਿਨਾਂ ਬਾਅਦ ਪਾਲਾ ਸਿੰਘ ਦੀ ਰਜਮੈਂਟ ਨੂੰ ਯੂਰਪ ਵਿਚ ਜੰਗ ਵਿੱਚ ਲੜਨ ਲਈ ਭੇਜਣ ਦਾ ਹੁਕਮ ਹੋ ਗਿਆ। ਜੰਗ ਵਿਚ ਜਾਣ ਤੋਂ ਪਹਿਲਾਂ ਇਸ ਰਜਮੈਂਟ ਦੇ ਜਵਾਨਾਂ ਨੂੰ 15-15 ਦਿਨ ਦੀ ਛੁੱਟੀ ਕੱਟਣ ਲਈ ਪਿੰਡਾਂ ਨੂੰ ਭੇਜ ਦਿੱਤਾ। ਪਾਲਾ ਸਿੰਘ ਵੀ ਛੁੱਟੀ ਕੱਟਣ ਲਈ ਪਿੰਡ ਆ ਗਿਆ।

ਢੁੱਡੀਕੇ ਪਿੰਡ ਦਾ ਮਹੌਲ ਪਹਿਲਾਂ ਨਾਲੋਂ ਵੀ ਬਦਲਿਆ ਹੋਇਆ ਸੀ। ਪਿੰਡ ਦੇ ਸਕੂਲ ਵਿੱਚ ਛਾਪਾ ਮਾਰ ਕੇ ਸਕੂਲ ਦੇ ਅਧਿਆਪਕ ਫੇਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੇ ਨਾਲ ਹੀ ਸ਼ਾਮ ਸਿੰਘ, ਪਾਲਾ ਸਿੰਘ (ਵੱਡਾ), ਮਹਿੰਦਰ ਸਿੰਘ, ਬਚਨ ਸਿੰਘ ਤੇ ਸੁੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪਾਲਾ ਸਿੰਘ ਦੀ ਛੁੱਟੀ ਪੂਰੀ ਹੋ ਗਈ। ਪਾਲਾ ਸਿੰਘ ਲਈ ਇਹ ਬੜੀ ਦੁਚਿੱਤੀ ਵਾਲੇ ਦਿਨ ਸਨ। ਉਹ ਕਰੇ ਤਾਂ ਕੀ ਕਰੇ। ਸਰਕਾਰ ਗ਼ਦਰੀਆਂ ਉੱਤੇ ਸ਼ਿਕੰਜਾ ਕਸ ਰਹੀ ਸੀ। ਪਿੰਡ ਦੇ ਸਾਰੇ ਗ਼ਦਰੀ ਗ੍ਰਿਫ਼ਤਾਰ ਹੋ ਗਏ ਸਨ। ਇਕੱਲਾ ਈਸ਼ਰ ਸਿੰਘ ਹੀ ਬਾਹਰ ਅੰਦਰ ਭੱਜਾ ਫਿਰਦਾ ਸੀ। ਗ਼ਦਰ ਪਾਰਟੀ ਦੀਆਂ ਸਰਗਰਮੀਆਂ ਨਾਂਹ ਦੇ ਬਰਾਬਰ ਸਨ। ਇਕ ਦਿਨ ਪਾਲਾ ਸਿੰਘ ਨੇ ਆਪਣੇ ਦਿਲ ਵਿਚ ਹੀ ਵਿਚਾਰ ਕੀਤੀ ਕਿ ਫੌਜ ਵਿੱਚ ਜਾ ਕੇ ਤਾਂ ਜੰਗ ਵਿੱਚ ਮਰਨਾ ਹੀ ਹੈ। ਦੁਨੀਆਂ ਦੀ ਜੰਗ ਵਧਦੀ ਜਾ ਰਹੀ ਹੈ। ਭਾਰਤੀ ਜਵਾਨ ਜੇਕਰ ਜੰਗ ਵਿੱਚ ਜਾ ਕੇ ਲੜਦੇ ਹਨ ਜਾਂ ਮਰ ਜਾਂਦੇ ਹਨ ਤਾਂ ਅੰਗਰੇਜ਼ਾਂ ਨੂੰ ਕੋਈ ਫਰਕ ਨਹੀਂ। ਇਹ ਮਰਨਾ ਤਾਂ ਅੰਗਰੇਜ਼ੀ ਸਰਕਾਰ ਦੇ ਕਾਰਨ ਹੈ। ਮੈਂ ਤਾਂ ਕਰਾਂਤੀਕਾਰੀ ਗ਼ਦਰ ਪਾਰਟੀ ਦਾ ਨਿਧੜਕ ਮੈਂਬਰ ਹਾਂ। ਗ਼ਦਰੀਆਂ ਦਾ ਫਰਜ਼ ਤਾਂ ਆਪਣੇ ਦੇਸ਼ ਲਈ ਕੁਰਬਾਨ ਹੋਣਾ ਹੈ। ਅਸੀਂ ਤਾਂ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਪ੍ਰਣ ਕੀਤਾ ਸੀ। ਕੀ ਹੋਇਆ ਜੇ ਗ਼ਦਰ

ਪਾਰਟੀ ਨੂੰ ਸਫ਼ਲਤਾ ਨਹੀਂ ਮਿਲੀ। ਸਰਾਭੇ ਨੇ ਕਿਹਾ ਸੀ ਕਿ ਪਾਰਟੀ ਨੂੰ ਮਜ਼ਬੂਤ ਕਰੋ, ਪੈਸਾ ਇਕੱਠਾ ਕਰੋ, ਹਥਿਆਰ ਪਰਾਪਤ ਕਰੋ। ਗ਼ਦਰ ਮਚਾਉਣਾ ਹੀ ਪਏਗਾ ਅਜ਼ਾਦੀ ਦਾ ਇਹੋ ਰਾਹ ਹੈ। ਆਪਣੇ ਆਤਮ ਚਿੰਤਨ ਨਾਲ ਹੀ ਪਾਲਾ ਸਿੰਘ ਦਾ ਦਿਲ ਤਕੜਾ ਹੋ ਗਿਆ ਤੇ ਉਸ ਨੇ ਫੌਜ ਵਿਚ ਨਾ ਜਾਣ ਦਾ ਫੈਸਲਾ ਕਰ ਲਿਆ।

ਇਕ ਦਿਨ ਪਾਲਾ ਸਿੰਘ ਦੇ ਘਰ ਨੂੰ ਵੀ ਪੁਲਿਸ ਨੇ ਘੇਰਾ ਪਾ ਲਿਆ ਤੇ ਪੁਲੀਸ ਪਾਲਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲੁਧਿਆਣੇ ਲੈ ਗਈ। ਪੁਲੀਸ ਨੇ ਲੁਧਿਆਣੇ ਵਿੱਚ ਉਸ ਉੱਤੇ ਬੜਾ ਤਸ਼ੱਦਦ ਕੀਤਾ। ਪੁਲੀਸ ਉਸ ਕੋਲੋਂ ਗ਼ਦਰੀਆਂ ਬਾਰੇ ਤੇ ਗ਼ਦਰ ਪਾਰਟੀ ਦੇ ਹੋਰ ਪ੍ਰੋਗਰਾਮ ਬਾਰੇ ਪੁੱਛਗਿੱਛ ਕਰ ਰਹੀ ਸੀ। ਪਾਲਾ ਸਿੰਘ ਅਥਾਹ ਕਸ਼ਟ ਸਹਿ ਕੇ ਵੀ ਟੱਸ ਤੋਂ ਮੱਸ ਨਾ ਹੋਇਆ। ਪੁਲੀਸ ਨੇ ਪਾਲਾ ਸਿੰਘ ਨੂੰ ਵਾਅਦਾ ਮੁਆਫ਼ ਗਵਾਹ ਬਣਾਉਣ ਲਈ ਉਸ ਉੱਤੇ ਬੜੀ ਸਖ਼ਤੀ ਕੀਤੀ। ਦਿਨ ਰਾਤ ਭੁੱਖੇ ਰੱਖ ਕੇ ਬੈਂਤਾਂ ਦੀ ਸਜ਼ਾ ਦਿੱਤੀ ਜਾਂਦੀ ਪਰ ਪਾਲਾ ਸਿੰਘ ਨੇ ਆਪਣੇ ਸਾਥੀਆਂ ਬਾਰੇ ਇੱਕ ਵੀ ਸ਼ਬਦ ਨਾ ਕਿਹਾ, ਭਾਰੀ ਤਸ਼ੱਦਦ ਸਹਿ ਕੇ ਵੀ ਉਹ ਅਡੋਲ ਰਿਹਾ ਤੇ ਫਿਰ ਕੁੱਝ ਦਿਨਾਂ ਬਾਅਦ ਪਾਲਾ ਸਿੰਘ ਨੂੰ ਲਹੌਰ ਦੀ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

•

ਸਖ਼ਤ ਸਜ਼ਾਵਾਂ

ਲਹੌਰ ਸੈਂਟਰਲ ਜੇਲ੍ਹ ਵਿੱਚ ਪਾਲਾ ਸਿੰਘ ਉੱਤੇ ਬੜਾ ਤਸ਼ੱਦਦ ਕੀਤਾ ਗਿਆ। ਡੰਡਾ ਬੇੜੀ, ਬੈਂਤਾਂ ਦੀ ਸਜ਼ਾ ਤੇ ਘਟੀਆ ਖਾਣੇ ਦੇ ਨਾਲ ਜੇਲ੍ਹ ਵਾਲਿਆਂ ਦਾ ਵਰਤਾਓ ਇਕਦਮ ਜ਼ਾਲਮਾਨਾ ਸੀ। ਪਾਲਾ ਸਿੰਘ ਤੋਂ ਹੋਰ ਗ਼ਦਰੀਆਂ ਬਾਰੇ ਬੜੀ ਪੁੱਛਗਿੱਛ ਕੀਤੀ। ਪਿੰਡ ਢੁੱਡੀਕੇ ਤਾਂ ਅੰਗਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿੱਚ ਬਹੁਤ ਹੀ ਖਤਰਨਾਕ ਪਿੰਡ ਸਮਝਿਆ ਜਾਂਦਾ ਸੀ। ਪਾਲਾ ਸਿੰਘ ਆਪਣੇ ਪਿੰਡੇ ਉੱਤੇ ਤਸ਼ੱਦਦ ਸਹਿ ਲੈਂਦਾ ਪਰ ਸਾਥੀਆਂ ਬਾਰੇ ਉਹ ਕੋਈ ਗੱਲ ਨਾ ਕਰਦਾ ਜਿਸ ਕਰਕੇ ਉਸ ਨੂੰ ਜ਼ਿਆਦਾ ਕਸ਼ਟ ਉਠਾਉਣੇ ਪਏ। ਪਾਲਾ ਸਿੰਘ ਸ਼ੁਰੂ ਤੋਂ ਧਾਰਮਿਕ ਵਿਚਾਰਾਂ ਵਾਲਾ ਸੀ ਜਿਸ ਕਰਕੇ ਉਹ ਦੋ ਵੇਲੇ ਬਾਣੀ ਦਾ ਪਾਠ ਕਰਦਾ ਤੇ ਮਸਤ ਰਹਿੰਦਾ।

ਪਾਲਾ ਸਿੰਘ ਨੂੰ ਹੋਰ ਗ਼ਦਰੀਆਂ ਰਾਹੀਂ ਜੇਲ੍ਹ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਸਨ। ਇਸ ਜੇਲ੍ਹ ਵਿੱਚ ਹੋਰ ਵੀ ਬਹੁਤ ਗ਼ਦਰੀ ਬੰਦ ਸਨ। ਇਸ ਜੇਲ੍ਹ ਵਿੱਚ ਡੀਫੈਂਸ ਆਫ ਇੰਡੀਆ ਐਕਟ ਅਧੀਨ 82 ਗ਼ਦਰੀਆਂ ਉੱਤੇ 26 ਅਪਰੈਲ 1915 ਤੋਂ ਇੱਕ ਮੁਕੱਦਮਾ ਚੱਲ ਰਿਹਾ ਸੀ। ਅਠਾਰਾਂ ਗ਼ਦਰੀ ਮਫਰੂਰ ਕਰਾਰ ਦਿੱਤੇ ਗਏ ਸਨ ਅਤੇ 64 ਮੁਕੱਦਮੇ ਵਿੱਚ ਹਾਜ਼ਰ ਸਨ। 'ਲਹੌਰ ਸਾਜਿਸ਼ ਕੇਸ' ਨਾਂ ਦੇ ਇਸ ਬਦਨਾਮ ਮੁਕੱਦਮੇ ਕਾਰਨ ਜੇਲ੍ਹ ਵਿੱਚ ਬਹੁਤ ਸਖ਼ਤ ਬੰਦੋਬਸਤ ਕੀਤੇ ਗਏ ਸਨ। ਜੇਲ੍ਹ ਦੇ ਦਰਵਾਜ਼ੇ ਉੱਤੇ, ਜੇਲ੍ਹ ਦੇ ਅੰਦਰ ਤੇ ਜੇਲ੍ਹ ਦੀਆਂ ਛੱਤਾਂ ਉੱਤੇ ਪੁਲੀਸ ਵਾਲੇ ਬੰਦੂਕਾਂ ਤਾਣੀ ਖੜ੍ਹੇ ਰਹਿੰਦੇ ਸਨ। ਜੇਲ੍ਹ ਦੇ ਅੰਦਰ ਹੀ ਮੁਕੱਦਮੇ ਦੀ ਕਾਰਵਾਈ ਚੱਲਦੀ ਸੀ ਪਰ ਕੋਈ ਵੀ ਬੰਦਾ ਮੁਕੱਦਮੇ ਦੀ ਕਾਰਵਾਈ ਨਹੀਂ ਸੀ ਵੇਖ ਸਕਦਾ। ਕਿਸੇ ਵੀ ਕੈਦੀ ਦੇ ਰਿਸ਼ਤੇਦਾਰ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਸੀ। ਮੁਕੱਦਮੇ ਦੀ ਸੁਣਵਾਈ ਸਰਕਾਰ ਵੱਲੋਂ ਨਾਮਜ਼ਦ ਕੀਤੇ ਤਿੰਨ ਜੱਜਾਂ ਦੇ ਸਪੈਸ਼ਲ ਟ੍ਰਿਬਿਊਨਲ ਕੋਲ ਹੋ ਰਹੀ ਸੀ। ਡੀਫੈਂਸ ਆਫ ਇੰਡੀਆ ਐਕਟ ਅਧੀਨ ਇਸ ਟ੍ਰਿਬਿਊਨਲ ਨੂੰ ਬਹੁਤ ਸ਼ਕਤੀਆਂ ਹਾਸਲ ਸਨ। ਟ੍ਰਿਬਿਊਨਲ ਦਾ ਫੈਸਲਾ ਆਖਰੀ ਫੈਸਲਾ ਸੀ। ਇਸ ਫੈਸਲੇ ਵਿਰੁੱਧ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਹੋ ਸਕਦੀ ਸੀ। ਕੇਵਲ ਵਾਇਸਰਾਏ ਕੋਲ ਹੀ ਟ੍ਰਿਬਿਊਨਲ ਦੇ ਫੈਸਲੇ ਬਾਰੇ ਅਪੀਲ ਸੁਣਨ ਦਾ ਅਧਿਕਾਰ ਸੀ। ਇਹ ਮੁਕੱਦਮਾ 13 ਸਤੰਬਰ 1915 ਤੱਕ ਚੱਲਿਆ।

ਟ੍ਰਿਬਿਊਨਲ ਦੇ ਜੱਜਾਂ ਨੇ ਫੈਸਲਾ ਦਿੰਦਿਆਂ 24 ਗ਼ਦਰੀਆਂ ਨੂੰ ਫਾਂਸੀ, 27 ਗ਼ਦਰੀਆਂ ਨੂੰ ਉਮਰ ਕੈਦ ਅਤੇ 6 ਨੂੰ ਘੱਟ ਸ਼ਜਾਵਾਂ ਹੋਈਆਂ। ਬਾਅਦ ਵਿੱਚ ਵਾਇਸਰਾਏ

ਲਾਰਡ ਹਾਰਡਿੰਗ ਨੇ 18 ਗ਼ਦਰੀਆਂ ਦੀ ਫਾਂਸੀ ਬਦਲ ਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਇਸ ਤਰ੍ਹਾਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਭੱਟੀ, ਜਗਤ ਸਿੰਘ ਸੁਰ ਸਿੰਘ, ਸੁਰਾਇਣ ਸਿੰਘ ਛੋਟਾ ਤੇ ਸੁਰਾਇਣ ਸਿੰਘ ਵੱਡਾ ਨੂੰ ਫਾਂਸੀ ਦਾ ਹੁਕਮ ਹੋ ਗਿਆ। ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਪਾਉਣ ਵਾਲੇ ਹੇਠ ਲਿਖੇ ਇਨਕਲਾਬੀ ਸ਼ਾਮਲ ਸਨ।

1. ਭਾਨ ਸਿੰਘ ਸੁਨੇਤ, ਲੁਧਿਆਣਾ
2. ਬਿਸ਼ਨ ਸਿੰਘ ਪੁੱਤਰ ਜਵਾਲਾ ਸਿੰਘ ਦਦੇਹਰ
3. ਬਿਸ਼ਨ ਸਿੰਘ ਪੁੱਤਰ ਕੇਸਰ ਸਿੰਘ ਦਦੇਹਰ
4. ਚੂਹੜ ਸਿੰਘ ਲੀਲਾਂ, ਲੁਧਿਆਣਾ
5. ਗੁਰਮੁਖ ਸਿੰਘ ਲਲਤੋਂ, ਲੁਧਿਆਣਾ
6. ਗੁਰਦਿੱਤ ਸਿੰਘ ਸੁਰ ਸਿੰਘ
7. ਹਜਾਰਾ ਸਿੰਘ ਦਦੇਹਰ
8. ਇੰਦਰ ਸਿੰਘ ਮੱਲ੍ਹਾ, ਲੁਧਿਆਣਾ
9. ਇੰਦਰ ਸਿੰਘ ਭਸੀਨ
10. ਇੰਦਰ ਸਿੰਘ ਸੁਰ ਸਿੰਘ
11. ਜਵੰਦ ਸਿੰਘ ਸੁਰ ਸਿੰਘ
12. ਜਵਾਲਾ ਸਿੰਘ ਠੱਠੀਆਂ
13. ਕਾਲਾ ਸਿੰਘ ਸੁਰ ਸਿੰਘ
14. ਕੇਹਰ ਸਿੰਘ ਮਰਹਾਣਾ
15. ਖੜਕ ਸਿੰਘ ਬੋਪਾਰਾਏ
16. ਕਿਰਪਾਲ ਸਿੰਘ ਬੋਪਾਰਾਏ
17. ਲਾਲ ਸਿੰਘ ਭੂਰੇ
18. ਮਦਨ ਸਿੰਘ ਗਾਗਾ
19. ਮੰਗਲ ਸਿੰਘ ਲਾਲਪੁਰ
20. ਪਿਆਰਾ ਸਿੰਘ ਲੰਗੇਰੀ
21. ਪੂਰਨ ਸਿੰਘ ਈਸੇਵਾਲ
22. ਰੋਡਾ ਸਿੰਘ ਰੋਡੇ
23. ਸ਼ਿਵ ਸਿੰਘ ਕੋਟਲਾ ਨੌਧ ਸਿੰਘ
24. ਸ਼ੇਰ ਸਿੰਘ ਵੇਈਂ ਪੋਈਂ
25. ਊਧਮ ਸਿੰਘ ਕਸੇਲ
26. ਸੰਤ ਵਿਸਾਖਾ ਸਿੰਘ ਦਦੇਹਰ
27. ਰੂੜ ਸਿੰਘ ਚੂਹੜਚੱਕ

ਟ੍ਰਿਬਿਊਨਲ ਦਾ ਫੈਸਲਾ ਸੁਣ ਕੇ ਪਾਲਾ ਸਿੰਘ ਬਿਲਕੁਲ ਨਹੀਂ ਘਬਰਾਇਆ। ਸੈਂਟਰਲ ਜੇਲ੍ਹ ਲਹੌਰ ਉਂਜ ਵੀ ਨਰਕ ਦਾ ਘਰ ਸੀ। ਫਿਰ ਵੀ ਪਾਲਾ ਸਿੰਘ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਉਸ ਨੂੰ ਕਈ ਵਾਰ ਭਗਵਾਨ ਸਿੰਘ ਬੜਿੰਗ, ਰੂੜ ਸਿੰਘ ਚੂਹੜਚੱਕ, ਈਸ਼ਰ ਸਿੰਘ ਢੁੱਡੀਕੇ, ਪਾਰ ਸਿੰਘ ਢੁੱਡੀਕੇ, ਉਤਮ ਸਿੰਘ ਹਾਂਸ, ਗਾਂਧਾ ਸਿੰਘ ਕੱਚਰਭੰਨ, ਜਵੰਦ ਸਿੰਘ ਨੰਗਲ ਤੇ ਬੀਰ ਸਿੰਘ ਬਾਹੋਵਾਲ ਦੀਆਂ ਗੱਲਾਂ ਯਾਦ ਆਉਂਦੀਆਂ। ਇਹ ਯਾਦਾਂ ਪਾਲਾ ਸਿੰਘ ਦਾ ਅਜਿਹਾ ਸਰਮਾਇਆ ਸਨ ਕਿ ਉਹ ਕਦੇ ਵੀ ਢਹਿੰਦੀਆਂ ਕਲਾਂ ਵਿਚ ਨਹੀਂ ਸੀ ਜਾਂਦਾ। ਆਪਣੇ ਸਾਥੀਆਂ ਵਿੱਚ ਉਹ ਪੁਰਾਣੀਆਂ ਗੱਲਾਂ ਸਾਂਝੀਆਂ ਕਰਦਾ। ਸੁਣਨ ਵਾਲਾ ਵੀ ਹੌਂਸਲੇ ਵਿੱਚ ਹੋ ਜਾਂਦਾ। ਇੱਕ ਇਹ ਵੀ ਖਾਸ ਗੱਲ ਸੀ ਕਿ ਪਾਲਾ ਸਿੰਘ ਦੀ ਮੁਲਾਕਾਤ ਕਰਨ ਕਦੇ ਵੀ ਕੋਈ ਨਹੀਂ ਸੀ ਆਇਆ। ਇਸ ਦਾ ਉਸਨੂੰ ਕੋਈ ਗ਼ਮ ਨਹੀਂ ਸੀ। ਉਹ ਤਾਂ ਹੁਣ ਇਹੋ ਸੋਚਦਾ ਸੀ ਕਿ ਇਹ ਜ਼ਿੰਦਗੀ ਦੇਸ਼ ਦੀ ਅਮਾਨਤ ਹੈ ਤੇ ਇਹ ਜ਼ਿੰਦਗੀ ਬੱਸ ਦੇਸ਼ ਦੇ ਲੇਖੇ ਲੱਗ ਜਾਵੇ।

ਸਜ਼ਾਵਾਂ ਹੀ ਸਜ਼ਾਵਾਂ

ਸੈਂਟਰਲ ਜ਼ੇਲ੍ਹ ਲਹੌਰ ਵਿਚ ਗ਼ਦਰੀ ਦੇਸ਼ ਭਗਤਾਂ ਉੱਤੇ ਪਹਿਲਾ ਸਪਲੀਮੈਂਟਰੀ ਸਾਜਿਸ਼ ਕੇਸ ਲਹੌਰ 29 ਅਕਤੂਬਰ 1915 ਨੂੰ ਸ਼ੁਰੂ ਹੋਇਆ ਤੇ ਇਸ ਦਾ ਫੈਸਲਾ 30 ਮਾਰਚ 1916 ਨੂੰ ਸੁਣਾ ਦਿੱਤਾ ਗਿਆ। ਹੇਠ ਲਿਖ ਸੂਰਬੀਰਾਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।

ਨਾਮ	ਪਿੰਡ	ਜ਼ਿਲ੍ਹਾ
1. ਈਸਰ ਸਿੰਘ ਪੁੱਤਰ ਸੱਜਣ ਸਿੰਘ	ਢੁੱਡੀਕੇ	ਫਿਰੋਜ਼ਪੁਰ
2. ਬੀਰ ਸਿੰਘ ਪੁੱਤਰ ਬੂਟਾ ਸਿੰਘ	ਬਾਹੋਵਾਲ	ਹੁਸ਼ਿਆਰਪੁਰ
3. ਰੰਗਾ (ਰੋਡਾ) ਸਿੰਘ ਪੁੱਤਰ ਗੁਰਦਿੱਤ ਸਿੰਘ	ਖੁਰਦਪੁਰ	ਜਲੰਧਰ
4. ਰੂੜ ਸਿੰਘ ਪੁੱਤਰ ਸਮੁੰਦ ਸਿੰਘ	ਢੁੱਡੀਕੇ (ਤਲਵੰਡੀ ਦੁਸਾਂਝ)	ਫਿਰੋਜ਼ਪੁਰ
5. ਉਤਮ ਸਿੰਘ ਪੁੱਤਰ ਜੀਤਾ ਸਿੰਘ	ਹਾਂਸ	ਲੁਧਿਆਣਾ

ਇਨ੍ਹਾਂ ਤੋਂ ਬਿਨਾਂ ਪਾਲਾ ਸਿੰਘ ਢੁੱਡੀਕੇ, ਪਾਖਰ ਸਿੰਘ ਢੁੱਡੀਕੇ, ਕਿਹਰ ਸਿੰਘ ਸ਼ੇਖ ਦੌਲਤ ਤੇ ਅਰਜਣ ਸਿੰਘ ਜਗਰਾਉਂ ਸਮੇਤ 53 ਗਦਰੀ ਦੇਸ ਭਗਤਾਂ ਨੂੰ ਉਮਰ ਕੈਦ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ:

ਹੇਠ ਲਿਖ ਸੂਰਬੀਰਾਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਹੋਈਆਂ:-

ਨਾਮ	ਪਿੰਡ	ਜ਼ਿਲ੍ਹਾ
1. ਜੰਮੂ ਪੁੱਤਰ ਵਸਾਊ	ਵਲਟੋਹਾ	ਲਹੌਰ
2. ਜੱਸਾ ਸਿੰਘ ਪੁੱਤਰ ਨੱਥਾ ਸਿੰਘ	ਝਾੜ ਸਾਹਿਬ	ਅੰਮ੍ਰਿਤਸਰ
3. ਕਾਹਨ ਸਿੰਘ ਪੁੱਤਰ ਸਰੂਪ ਸਿੰਘ	ਹਸਨਪੁਰ	ਲੁਧਿਆਣਾ
4. ਮਹਿੰਦਰ ਸਿੰਘ ਪੁੱਤਰ ਨੰਦ ਸਿੰਘ	ਢੁੱਡੀਕੇ	ਫਿਰੋਜ਼ਪੁਰ
5. ਪਾਲਾ ਸਿੰਘ ਪੁੱਤਰ ਕਾਲਾ ਸਿੰਘ (ਵੱਡਾ)	ਢੁੱਡੀਕੇ	ਫਿਰੋਜ਼ਪੁਰ
6. ਫੇਰਾ ਸਿੰਘ ਪੁੱਤਰ ਲਹਿਣਾ ਸਿੰਘ	ਢੁੱਡੀਕੇ	ਫਿਰੋਜ਼ਪੁਰ
7. ਸ਼ਾਮ ਸਿੰਘ ਪੁੱਤਰ ਭੋਲਾ ਸਿੰਘ	ਢੁੱਡੀਕੇ	ਫਿਰੋਜ਼ਪੁਰ
8. ਸ਼ੇਰ ਸਿੰਘ ਪੁੱਤਰ ਲਹਿਰਾ ਸਿੰਘ	ਠੀਕਰੀ ਵਾਲਾ	ਫਿਰੋਜ਼ਪੁਰ

ਸਰਕਾਰ ਵੱਲੋਂ ਹੁਕਮ ਹੋ ਗਿਆ ਕਿ ਫਾਂਸੀ ਦੀ ਸਜ਼ਾ ਵਾਲ ਕੈਦੀ ਤੇ ਉਮਰ ਕੈਦ ਤੋਂ ਘੱਟ ਸਜ਼ਾ ਵਾਲੇ ਕੈਦੀ ਪੰਜਾਬ ਵਿੱਚ ਰੱਖੇ ਜਾਣਗੇ। ਲੰਮੀਆਂ ਸਜ਼ਾਵਾਂ ਵਾਲੇ ਕੈਦੀ ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾ ਵਿੱਚ ਭੇਜੇ ਜਾਣਗੇ। ਇਸ ਹੁਕਮ ਮੁਤਾਬਕ ਲਹੌਰ, ਮੁਲਤਾਨ, ਰਾਵਲਪਿੰਡੀ ਤੇ ਹੋਰ ਜੇਲ੍ਹਾਂ ਵਿੱਚ ਬੰਦ ਲੰਮੀਆਂ ਸਜ਼ਾਵਾਂ ਵਾਲੇ ਹੇਠ ਲਿਖੇ 32 ਕੈਦੀ ਸੰਗੀਨੀ ਪਹਿਰੇ ਹੇਠ ਜੁਲਾਈ 1917 ਨੂੰ ਲਹੌਰ ਤੋਂ ਰੇਲ ਗੱਡੀ ਰਾਹੀਂ ਹਜ਼ਾਰੀ ਬਾਗ਼ ਜੇਲ੍ਹ (ਬਿਹਾਰ) ਨੂੰ ਰਵਾਨਾ ਕੀਤੇ ਗਏ।

	ਨਾਮ	ਪਿੰਡ	ਜ਼ਿਲ੍ਹਾ
1.	ਪਾਲਾ ਸਿੰਘ	ਢੁੱਡੀਕੇ	ਫਿਰੋਜ਼ਪੁਰ
2.	ਪਾਖਰ ਸਿੰਘ	ਢੁੱਡੀਕੇ	ਫਿਰੋਜ਼ਪੁਰ
3.	ਊਧਮ ਸਿੰਘ	ਲਾਡੂਪੁਰ	ਗੁਰਦਾਸਪੁਰ
4.	ਅਤਰ ਸਿੰਘ	ਧੀਕਮਪੁਰ	ਜਿਹਲਮ
5.	ਅਰਜਣ ਸ਼ਿੰਘ	ਜਗਰਾਉਂ	ਲੁਧਿਆਣਾ
6.	ਇੰਦਰ ਸਿੰਘ	ਸ਼ੇਖ ਦੌਲਤ	ਲੁਧਿਆਣਾ
7.	ਸੁੱਚਾ ਸਿੰਘ	ਚੋਹਲਾ	ਅੰਮ੍ਰਿਤਸਰ
8.	ਸੱਜਣ ਸਿੰਘ	ਨਾਰੰਗਵਾਲ	ਲੁਧਿਆਣਾ
9.	ਸੂਜਾ ਸਿੰਘ	ਵਲਟੋਹਾ	ਲਹੌਰ
10.	ਸੁੰਦਰ ਸਿੰਘ	ਦੌਲੂਨੰਗਲ	ਅੰਮ੍ਰਿਤਸਰ
11.	ਹਰਨਾਮ ਸਿੰਘ	ਰਸੂਲਪੁਰ	ਅੰਮ੍ਰਿਤਸਰ
12.	ਹਰਨਾਮ ਸਿੰਘ	ਕਾਲਾ ਸੰਘਾ	ਕਪੂਰਥਲਾ
13.	ਹਰੀ ਸਿੰਘ	ਕੱਕੜ	ਅੰਮ੍ਰਿਤਸਰ
14.	ਹੀਰਾ ਸਿੰਘ	ਚਰੜ	ਲਹੌਰ
15.	ਕੇਸਰ ਸਿੰਘ	ਸੁਰ ਸਿੰਘ	ਲਹੌਰ
16.	ਕਿਰਪਾ ਸਿੰਘ	ਲੰਗ ਮਜਾਰੀ	ਹੁਸ਼ਿਆਰਪੁਰ
17.	ਕਰਮ ਸਿੰਘ	ਕੋਟਲਾ ਅਜਨੇਰ	ਲੁਧਿਆਣਾ
18.	ਗੁੱਜਰ ਸਿੰਘ	ਭਕਨਾ	ਅੰਮ੍ਰਿਤਸਰ
19.	ਗੰਡਾ ਸਿੰਘ	ਖਾਪੜਖੇੜੀ	ਅੰਮ੍ਰਿਤਸਰ
20.	ਜਿੰਦਰ ਸਿੰਘ	ਚੌਧਰੀ ਵਾਲਾ	ਅੰਮ੍ਰਿਤਸਰ
21.	ਗੰਡਾ ਸਿੰਘ	ਸੁਰ ਸਿੰਘ	ਲਹੌਰ
22.	ਤੇਜਾ ਸਿੰਘ	ਭਿਖੀਵਿੰਡ	ਲਹੌਰ
23.	ਨੱਥਾ ਸਿੰਘ	ਧੁੰਨਾ	ਲਹੌਰ
24.	ਬੋਘ ਸਿੰਘ	ਝਾੜ ਸਾਹਿਬ	ਅੰਮ੍ਰਿਤਸਰ
25.	ਬੁੱਢਾ ਸਿੰਘ	ਸੁਰ ਸਿੰਘ	ਲਹੌਰ

26.	ਮੰਗਲ ਸਿੰਘ	ਵਲਟੋਹਾ	ਲਹੌਰ
27.	ਮਸਤਾਨ ਸਿੰਘ	ਨਾਰੰਗਵਾਲ	ਲੁਧਿਆਣਾ
28.	ਮਹਾਰਾਜ ਸਿੰਘ	ਕਸੇਲ	ਅੰਮ੍ਰਿਤਸਰ
29.	ਲਾਭ ਸਿੰਘ	ਦਾਖਲੀ ਕਸੂਰ	ਲਹੌਰ
30.	ਲਾਲ ਸਿੰਘ	ਨਾਰੰਗਵਾਲ	ਲੁਧਿਆਣਾ
31.	ਰਣਧੀਰ ਸਿੰਘ	ਨਾਰੰਗਵਾਲ	ਲੁਧਿਆਣਾ
32.	ਵਿਸਾਖਾ ਸਿੰਘ	ਦਦੇਹਰ	ਅੰਮ੍ਰਿਤਸਰ

ਰਸਤੇ ਵਿੱਚ ਗ਼ਦਰੀ ਦੇਸ਼ ਭਗਤਾਂ ਦੀ ਰੇਲ ਗੱਡੀ ਕਿਸੇ ਸਟੇਸ਼ਨ ਉਤੇ ਰੁਕਦੀ ਤਾਂ ਗ਼ਦਰੀ ਕਿਸੇ ਸਿੱਖ ਨੂੰ ਵੇਖਦੇ ਤਾਂ ਉੱਚੀ ਜੈਕਾਰੇ ਛੱਡਦੇ। ਉਹ ਸਿੱਖ ਫਤਿਹ ਦਾ ਜਵਾਬ ਫਤਿਹ ਵਿੱਚ ਦੇਣ ਦੀ ਥਾਂ ਮੂੰਹ ਦੂਜੇ ਪਾਸੇ ਕਰ ਲੈਂਦੇ। ਗ਼ਦਰੀ ਬੇੜੀਆਂ ਖੜਕਾਉਂਦੇ ਸ਼ਬਦ ਕੀਰਤਨ ਕਰਨ ਲੱਗ ਜਾਂਦੇ। ਬਹੁਤ ਦਿਨਾਂ ਬਾਅਦ ਗੱਡੀ ਹਜ਼ਾਰੀ ਬਾਗ਼ ਦੇ ਰੇਲਵੇ ਸਟੇਸ਼ਨ ਉੱਤੇ ਜਾ ਰੁਕੀ। ਸਾਰੇ ਗ਼ਦਰੀ ਬਿਹਾਰ ਦੀ ਪੁਲੀਸ ਨੂੰ ਸੌਂਪ ਦਿੱਤੇ। ਏਥੇ ਗ਼ਦਰੀਆਂ ਨੇ ਦੋ ਮਤੇ ਜ਼ਬਾਨੀ ਪਾਸ ਕੀਤੇ ਕਿ ਉਹ ਖਾਣਾ ਪੰਜਾਬੀ ਹੀ ਖਾਣਗੇ ਤੇ ਸਖ਼ਤ ਮੁਸ਼ੱਕਤ ਕੋਈ ਨਹੀਂ ਕਰੇਗਾ। ਇਸ ਪਿੱਛੋਂ ਇਨ੍ਹਾਂ ਕਰਾਂਤੀਕਾਰੀ ਵੀਰਾਂ ਨੂੰ ਹਜ਼ਾਰੀ ਬਾਗ਼ ਜੇਲ੍ਹ ਨੂੰ ਤੋਰ ਦਿੱਤਾ ਗਿਆ।

ਪਹਿਲੀ ਭੁੱਖ ਹੜਤਾਲ

ਬਿਹਾਰ ਦੀ ਮਸ਼ਹੂਰ ਹਜ਼ਾਰੀ ਬਾਗ ਜੇਲ੍ਹ। ਉੱਚੀਆਂ ਕੰਧਾਂ ਦੀ ਚਾਰਦੀਵਾਰੀ। ਆਸੇ ਪਾਸੇ ਸੰਘਣਾ ਜੰਗਲ। ਜੰਗਲ ਵਿੱਚ ਰਹਿੰਦੇ ਖਤਰਨਾਕ ਜੰਗਲੀ ਜਾਨਵਰ। ਇਸ ਜੇਲ੍ਹ ਵਿੱਚ ਬੰਦ ਹਨ ਪੰਜਾਬ ਦੇ 32 ਗ਼ਦਰੀ ਸੂਰਬੀਰ। ਉਹ ਵੱਡੇ ਤੜਕੇ ਉੱਠਦੇ। ਬਾਣੀ ਦਾ ਪਾਠ ਕਰਦੇ। ਸਾਰੀਆਂ ਕੋਠੀਆਂ ਵਿੱਚ ਗੁਰਬਾਣੀ ਦੀ ਧੁਨੀ ਸੁਣਾਈ ਦਿੰਦੀ। ਦਿਨ ਚੜ੍ਹਦੇ ਨਾਲ ਦੋ-ਦੋ ਕੈਦੀਆਂ ਨੂੰ ਕੋਠੀਆਂ ਵਿੱਚੋਂ ਬਾਹਰ ਕੱਢਿਆ ਜਾਂਦਾ। ਉਹ ਨਹਾ ਹਟਦੇ ਤਾਂ ਉਨ੍ਹਾਂ ਨੂੰ ਬੰਦ ਕਰਕੇ ਦੋ ਹੋਰਾਂ ਨੂੰ ਕੱਢਿਆ ਜਾਂਦਾ। ਬੜਾ ਸਖ਼ਤ ਪਹਿਰਾ ਲੱਗਦਾ। ਕੈਦੀਆਂ ਵਿੱਚ ਭਾਈ ਰਣਧੀਰ ਸਿੰਘ ਨਾਰੰਗਵਾਲ ਵੀ ਸ਼ਾਮਲ ਸਨ। ਗੁਰਬਾਣੀ ਵਿੱਚ ਉਨ੍ਹਾਂ ਦੀ ਅਥਾਹ ਸ਼ਰਧਾ ਸੀ। ਉਹ ਹਰ ਵੇਲੇ ਪ੍ਰਭੂ ਸਿਮਰਨ ਵਿੱਚ ਲੀਨ ਰਹਿੰਦੇ। ਰਹਿਤ ਮਰਯਾਦਾ ਵਾਲੇ ਸਿੰਘ ਦਾ ਤਿਆਰ ਕੀਤਾ ਹੋਇਆ ਭੋਜਨ ਹੀ ਉਹ ਛਕਦੇ ਸਨ। ਜੇਲ੍ਹ ਦਾ ਬਣਿਆ ਹੋਇਆ ਖਾਣਾ ਨਹੀਂ ਸਨ ਖਾਂਦੇ। ਜੇਲ੍ਹ ਡਾਕਟਰ ਵੱਲੋਂ ਉਨ੍ਹਾਂ ਨੂੰ ਖਾਣ ਲਈ ਫਲ ਆਦਿ ਦੀ ਸਿਫਾਰਸ਼ ਕੀਤੀ ਗਈ ਸੀ ਜਿਸ ਕਰਕੇ ਜੇਲ੍ਹ ਵੱਲੋਂ ਉਨ੍ਹਾਂ ਨੂੰ ਫਲ ਆਦਿ ਦਿੱਤੇ ਜਾਂਦੇ ਸਨ।

ਜੇਲ੍ਹ ਦੇ ਦਰੋਗੇ ਦੀ ਬਦਲੀ ਹੋ ਗਈ ਤੇ ਉਸ ਦੀ ਥਾਂ ਉੱਤੇ ਵਧਾਵਾ ਰਾਮ ਨਾਂ ਦਾ ਨਵਾਂ ਦਰੋਗਾ ਆ ਗਿਆ। ਇਹ ਦਰੋਗਾ ਬੜਾ ਜ਼ਾਲਮ ਸੀ। ਕੈਦੀਆਂ ਨਾਲ ਇਸ ਦਾ ਵਤੀਰਾ ਬੜਾ ਰੁੱਖਾ ਸੀ। ਇਸ ਦਰੋਗੇ ਦਾ ਇੱਕ ਰਿਸ਼ਤੇਦਾਰ ਚੱਬੇ ਦੇ ਡਾਕੇ ਵਿੱਚ ਸੱਜਣ ਸਿੰਘ ਗ਼ਦਰੀ ਹੱਥੋਂ ਮਾਰਿਆ ਗਿਆ ਸੀ ਜਿਸ ਕਰਕੇ ਉਹ ਗ਼ਦਰੀਆਂ ਨੂੰ ਬੜੀ ਨਫ਼ਰਤ ਕਰਦਾ ਸੀ। ਦੂਜਾ ਉਹ ਸੱਜਣ ਸਿੰਘ ਨਾਰੰਗਵਾਲ ਨੂੰ ਹੀ ਉਹ ਚੱਬੇ ਦੇ ਡਾਕੇ ਵਾਲਾ ਸੱਜਣ ਸਿੰਘ ਸਮਝ ਰਿਹਾ ਸੀ ਜਿਹੜਾ ਉਸ ਨੂੰ ਭੁਲੇਖਾ ਲੱਗਾ ਸੀ। ਵਧਾਵਾ ਰਾਮ ਨੇ ਸਾਰੇ ਗ਼ਦਰੀਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਭਾਈ ਰਣਧੀਰ ਸਿੰਘ ਨੂੰ ਵੀ ਕਿਹਾ ਕਿ ਉਸ ਨੂੰ ਦੂਜੇ ਕੈਦੀਆਂ ਵਾਂਗ ਜੇਲ੍ਹ ਵਿੱਚ ਬਣਿਆ ਖਾਣਾ ਹੀ ਮਿਲੇਗਾ। ਭਾਈ ਰਨਧੀਰ ਸਿੰਘ ਨੇ ਇਹ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਭਾਈ ਸਾਹਿਬ ਸਾਰਾ ਦਿਨ ਕੇਵਲ ਪਾਣੀ ਉੱਤੇ ਹੀ ਗੁਜ਼ਾਰਾ ਕਰਦੇ। ਇਸ ਤੋਂ ਵੀ ਅੱਗੇ ਉਨ੍ਹਾਂ ਨੂੰ ਮੁਸ਼ੱਕਤ ਦੇਣੀ ਸ਼ੁਰੂ ਕਰ ਦਿੱਤੀ। ਭਾਈ ਸਾਹਿਬ ਅੱਗੇ ਦਾਲਾਂ ਦੇ ਢੇਰ ਲਾ ਦਿੱਤੇ ਜਾਂਦੇ। ਭਾਈ ਸਾਹਿਬ ਨੂੰ ਸਫਾਈ ਕਰਨ ਲਈ ਕਿਹਾ ਜਾਂਦਾ। ਭਾਈ ਸਾਹਿਬ ਨੇ ਮੁਸ਼ੱਕਤ ਕਰਨ ਤੋਂ ਇਨਕਾਰ ਕਰ ਦਿੱਤਾ।

ਵਧਾਵਾ ਰਾਮ ਦਿਨੋਂ ਦਿਨ ਸਗੋਂ ਸਖ਼ਤ ਹੋ ਗਿਆ। ਉਸ ਨੇ ਭਾਈ ਸਾਹਿਬ ਦੇ ਡੰਡਾ ਬੇੜੀ ਪਵਾ ਦਿੱਤੀ। ਇਹ ਵੇਖ ਕੇ ਸਾਰੇ ਗ਼ਦਰੀ ਗੁੱਸੇ ਵਿੱਚ ਆ ਗਏ। ਉਨ੍ਹਾਂ ਨੇ ਵੀ ਮੁਸ਼ੱਕਤ ਕਰਨੀ ਛੱਡ ਦਿੱਤੀ ਤੇ ਖਾਣਾ ਖਾਣਾ ਵੀ ਛੱਡ ਦਿੱਤਾ। ਕੋਠੀਆਂ ਵਿੱਚ ਸਾਰਾ ਦਿਨ ਗ਼ਦਰੀ ਉੱਚੀ-ਉੱਚੀ ਬਾਣੀ ਦਾ ਪਾਠ ਕਰਦੇ। ਦਰੋਗੇ ਦੇ ਨਾਲ ਜੇਲ੍ਹ ਸੁਪਰਡੈਂਟ ਨੇ ਆਉਣਾ। ਗ਼ਦਰੀਆਂ ਨੂੰ ਉੱਠ ਕੇ ਸਲੂਟ ਮਾਰਨ ਲਈ ਕਿਹਾ ਜਾਂਦਾ। ਉਧਰ ਸਾਰੇ ਗ਼ਦਰੀ ਚੁੱਪਚਾਪ ਬੈਠੇ ਰਹਿੰਦੇ ਤੇ ਉੱਚੀ-ਉੱਚੀ ਗੁਟਕੇ ਚੁੱਕ ਕੇ ਬਾਣੀ ਦਾ ਪਾਠ ਕਰਦੇ। ਦਰੋਗੇ ਨੇ ਸਾਰੇ ਗ਼ਦਰੀਆਂ ਤੋਂ ਗੁਟਕੇ ਖੋਹ ਲਏ ਤਾਂ ਕਿ ਉਹ ਪਾਠ ਨਾ ਕਰ ਸਕਣ।

ਗ਼ਦਰੀਆਂ ਵਿੱਚ ਪਾਲਾ ਸਿੰਘ ਤੇ ਹੋਰ ਕਈਆਂ ਨੂੰ ਲੰਮੀਆਂ ਬਾਣੀਆਂ ਜ਼ੁਬਾਨੀ ਯਾਦ ਸਨ। ਪਾਲਾ ਸਿੰਘ ਹੋਰੀਂ ਹਰ ਰੋਜ਼ ਸਵੱਖਤੇ ਉੱਠਦੇ ਤੇ ਉੱਚੀ-ਉੱਚੀ ਪਾਠ ਕਰਨ ਲੱਗਦੇ। ਦਰੋਗਾ ਪਾਲਾ ਸਿੰਘ ਹੋਰਾਂ ਉੱਤੇ ਹੋਰ ਵੀ ਚਿੜ ਗਿਆ। ਗ਼ਦਰੀ ਮਸਤ ਸਨ। ਚੜ੍ਹਦੀ ਕਲਾ ਵਿੱਚ ਸਨ। ਦਰੋਗਾ ਆਉਂਦਾ ਤਾਂ ਪਾਲਾ ਸਿੰਘ ਹੋਰੀਂ ਹੋਰ ਵੀ ਉੱਚੀ ਬਾਣੀ ਪੜ੍ਹਦੇ। ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਗ਼ਦਰੀ ਨਾ ਖਾਣਾ ਖਾਂਦੇ ਸਨ ਤੇ ਨਾ ਮੁਸ਼ੱਕਤ ਕਰਦੇ ਸਨ। ਸੁਪਰਡੈਂਟ ਨੇ ਆ ਕੇ ਭਾਈ ਰਨਧੀਰ ਸਿੰਘ ਦੀ ਸਜ਼ਾ ਮਾਫ਼ ਕਰ ਦਿੱਤੀ ਤੇ ਉਸ ਨੂੰ ਪਹਿਲੀ ਖ਼ੁਰਾਕ ਵੀ ਲਾ ਦਿੱਤੀ ਪਰ ਭਾਈ ਸਾਹਿਬ ਨੇ ਕਿਹਾ ਕਿ ਪਹਿਲਾਂ ਸਾਰੇ ਕੈਦੀ ਭੋਜਨ ਛਕਣਗੇ ਤੇ ਉਹ ਫੇਰ ਹੀ ਜਲ ਪਾਣੀ ਨੂੰ ਮੂੰਹ ਲਾਉਣਗੇ। ਗ਼ਦਰੀਆਂ ਨੇ ਕਿਹਾ ਕਿ ਪਹਿਲਾਂ ਭਾਈ ਸਾਹਿਬ ਨੂੰ ਫਲ ਆਦਿ ਦੇਣੇ ਸ਼ੁਰੂ ਕਰੋ ਤੇ ਸਾਡੇ ਗੁਟਕੇ ਵਾਪਸ ਕਰੋ। ਫੇਰ ਹੀ ਅਸੀਂ ਭੋਜਨ ਛਕਾਂਗੇ। ਸੁਪਰਡੈਂਟ ਨੇ ਉਨ੍ਹਾਂ ਦੀ ਗੱਲ ਮੰਨ ਲਈ। ਭਾਈ ਸਾਹਿਬ ਨੂੰ ਫਲ ਆਦਿ ਮਿਲਣ ਲੱਗੇ। ਸਾਰੇ ਗ਼ਦਰੀਆਂ ਦੇ ਗੁਟਕੇ ਵਾਪਸ ਕਰ ਦਿੱਤੇ। ਇਸ ਦੇ ਪਿੱਛੋਂ ਹੀ ਪਾਲਾ ਸਿੰਘ ਤੇ ਉਸ ਦੇ ਸਾਥੀਆਂ ਨੇ ਆਪਣੀ ਭੁੱਖ ਹੜਤਾਲ ਸਮਾਪਤ ਕੀਤੀ।

ਛੇ ਮਹੀਨੇ ਬਾਅਦ ਜਨਵਰੀ 1918 ਨੂੰ ਚੌਥੇ ਲਹੌਰ ਸਾਜਿਸ਼ ਕੇਸ ਵਾਲੇ ਬਾਰਾਂ ਹੋਰ ਗ਼ਦਰੀ ਹਜ਼ਾਰੀ ਬਾਗ਼ ਜੇਲ੍ਹ ਵਿੱਚ ਆ ਗਏ। ਇਹ ਹੇਠ ਲਿਖੇ ਸੱਜਣ ਸਨ:

	ਨਾਮ	ਪਿੰਡ	ਜ਼ਿਲ੍ਹਾ
1.	ਹਰੀ ਸਿੰਘ	ਠੋਬਾ ਚੋਟੀਆਂ	ਫਿਰੋਜ਼ਪੁਰ
2.	ਹਰਨਾਮ ਸਿੰਘ	ਗੁੱਜਰਵਾਲ	ਲੁਧਿਆਣਾ
3.	ਕਰਤਾਰ ਸਿੰਘ	ਨਵੇਂ ਚੰਦ	ਫਿਰੋਜ਼ਪੁਰ
4.	ਕੇਹਰ ਸਿੰਘ	ਸਾਹਨੇਵਾਲ	ਲੁਧਿਆਣਾ
5.	ਕਾਹਲਾ ਸਿੰਘ		ਅੰਮ੍ਰਿਤਸਰ
6.	ਬਤਨ ਸਿੰਘ	ਕਾਹਰੀ	ਹੁਸ਼ਿਆਰਪੁਰ
7.	ਬਲਵੰਤ ਸਿੰਘ	ਸਠਿਆਲਾ	ਅੰਮ੍ਰਿਤਸਰ
8.	ਬਘੇਲ ਸਿੰਘ	ਬੂੜ ਚੰਦ	ਅੰਮ੍ਰਿਤਸਰ

9.	ਮੁਣਸ਼ਾ ਸਿੰਘ ਦੁਖੀ	ਜੰਡਿਆਲਾ	ਜਲੰਧਰ
10.	ਬੂੜ ਸਿੰਘ	ਖੁਸ਼ ਦਿਲ	ਲਹੌਰ
11.	ਪੰਡਤ ਪਿਆਰੇ ਲਾਲ		ਲਹੌਰ
12.	ਲਾਲਾ ਲਾਲ ਚੰਦ	ਫਲਕਾ	ਲਹੌਰ

ਇਨ੍ਹਾਂ ਬਾਰਾਂ ਕਰਾਂਤੀਕਾਰੀ ਵੀਰਾਂ ਦੇ ਜੇਲ੍ਹ ਵਿੱਚ ਆਉਣ ਨਾਲ ਪਾਲਾ ਸਿੰਘ ਤੇ ਉਸ ਦੇ ਸਾਥੀ ਬਹੁਤ ਖੁਸ਼ ਹੋਏ। ਜੇਲ੍ਹ ਵਿੱਚ ਕੀਤੀ ਪਹਿਲੀ ਭੁੱਖ ਹੜਤਾਲ ਨੇ ਗ਼ਦਰੀਆਂ ਦਾ ਦਿਲ ਵਧਾਇਆ ਸੀ ਤੇ ਹੁਣ ਨਵੇਂ ਸਾਥੀ ਆ ਜਾਣ ਨਾਲ ਸਾਰੇ ਗ਼ਦਰੀ ਹੋਰ ਵੀ ਹੌਂਸਲੇ ਵਿੱਚ ਹੋ ਗਏ।

ਪਾਲਾ ਸਿੰਘ ਨੂੰ ਬੈਂਤਾਂ ਦੀ ਸਜ਼ਾ

ਹਜ਼ਾਰੀ ਬਾਗ਼ ਜੇਲ੍ਹ ਦਾ ਦਰੋਗਾ ਵਧਾਵਾ ਰਾਮ ਹਮੇਸ਼ਾ ਇਹੀ ਸੋਚਦਾ ਰਹਿੰਦਾ ਕਿ ਗ਼ਦਰੀਆਂ ਨੂੰ ਵੱਧ ਤੋਂ ਵੱਧ ਕਿਵੇਂ ਤੰਗ ਕੀਤਾ ਜਾਵੇ। ਗ਼ਦਰੀਆਂ ਦੇ ਵਿਰੁੱਧ ਉਹ ਜੇਲ੍ਹ ਸੁਪਰਡੈਂਟ ਹਸਬੈਂਡ ਦੇ ਕੰਨ ਭਰਦਾ ਰਹਿੰਦਾ। ਜੇਲ੍ਹ ਵਿੱਚ ਪੰਜਾਬੀ ਸੈੱਲਾਂ ਦਾ ਇਕ ਬਿਹਾਰੀ ਇੰਚਾਰਜ ਬਣਾ ਦਿੱਤਾ ਸੀ। ਇਹ ਬਿਹਾਰੀ ਪੰਜਾਬੀਆਂ ਦੀ ਬੋਲੀ ਨਹੀਂ ਸੀ ਸਮਝਦਾ। ਉਹ ਵਧਾਵਾ ਰਾਮ ਦਾ ਬੰਦਾ ਸੀ ਤੇ ਉਸ ਦੇ ਇਸ਼ਾਰੇ ਉੱਤੇ ਕੰਮ ਕਰਦਾ ਸੀ। ਜਮਾਂਦਾਰ ਦੇ ਭੈੜੇ ਵਰਤਾਉ ਨੂੰ ਵੇਖ ਕੇ ਇੱਕ ਦਿਨ ਪਾਲਾ ਸਿੰਘ ਨੇ ਜਮਾਂਦਾਰ ਨੂੰ ਕਿਹਾ ਕਿ ਤੁਸੀਂ ਬਿਹਾਰੀ ਲੋਕ ਸਾਰੇ ਸਾਨੂੰ ਤੰਗ ਕਰਦੇ ਹੋ। ਬੱਸ ਫਿਰ ਕੀ ਸੀ। ਪਾਲਾ ਸਿੰਘ ਵੱਲੋਂ ਆਖੀ ਹੋਈ ਸਾਧਾਰਨ ਗੱਲ ਨੂੰ ਲੈ ਕੇ ਜਮਾਂਦਾਰ ਗੁੱਸੇ ਵਿੱਚ ਆ ਗਿਆ। ਉਸ ਨੇ ਦਰੋਗੇ ਨੂੰ ਜਾ ਕੇ ਕਿਹਾ ਕਿ ਪਾਲਾ ਸਿੰਘ ਮੈਨੂੰ ਗਾਲ੍ਹਾਂ ਕੱਢਦਾ ਹੈ। ਉਸ ਨੇ ਕਿਹਾ ਕਿ ਤੁਸੀਂ ਸਾਲੇ ਬਿਹਾਰੀ ਲੋਕ ਸਾਨੂੰ ਤੰਗ ਕਰਦੇ ਹੋ। ਦਰੋਗੇ ਨੇ ਇਹੀ ਗੱਲ ਜੇਲ੍ਹ ਸੁਪਰਡੈਂਟ ਨੂੰ ਜਾ ਦੱਸੀ। ਫਿਰ ਸੁਪਰਡੈਂਟ, ਦਰੋਗਾ ਤੇ ਜਮਾਂਦਾਰ ਗੁੱਸੇ ਵਿੱਚ ਭਰ ਪੀਤੇ ਪਾਲਾ ਸਿੰਘ ਦੀ ਕੋਠੀ ਆ ਗਏ। ਸੁਪਰਡੈਂਟ ਨੇ ਆਉਣ ਸਾਰ ਪਾਲਾ ਸਿੰਘ ਦੇ ਚਾਰਟ ਉੱਤੇ ਤਿੰਨ ਦਿਨ ਦੀ ਸਜ਼ਾ ਲਿਖ ਦਿੱਤੀ। ਪਾਲਾ ਸਿੰਘ ਕਹਿਣਾ ਲੱਗਾ, "ਹੋਰ ਦੇ ਲੈ ਸਜ਼ਾ!"

ਪਾਲਾ ਸਿੰਘ ਦੀ ਗੱਲ ਸੁਣ ਕੇ ਸੁਪਰਡੈਂਟ ਹੋਰ ਵੀ ਖਿੱਝ ਗਿਆ। ਉਹ ਪਾਲਾ ਸਿੰਘ ਨੂੰ ਘੂਰ-ਘੂਰ ਕੇ ਵੇਖਣ ਲੱਗਾ। ਦਰੋਗਾ ਬੋਲਿਆ ਕਿ ਤੂੰ ਸਾਹਿਬ ਤੋਂ ਮਾਫੀ ਮੰਗ ਲੈ। ਮਾਫੀ ਮੰਗ ਲਵੇਂਗਾ ਤਾਂ ਤੇਰੀ ਸਜ਼ਾ ਮਾਫ ਹੋ ਸਕਦੀ ਹੈ।

"ਕਿਸ ਗੱਲ ਦੀ ਮੁਆਫੀ ਮੰਗਾਂ। ਮੈਂ ਤਾਂ ਇਹੋ ਕਿਹਾ ਸੀ ਕਿ ਸਾਰੇ ਬਿਹਾਰੀ ਲੋਕ ਸਾਨੂੰ ਤੰਗ ਕਰਦੇ ਹੋ। ਇਹ ਮੈਂ ਹੁਣ ਵੀ ਕਹੂੰਗਾ।"

"ਸਾਹਿਬ, ਇਹ ਹਾਲੇ ਵੀ ਗਾਲ੍ਹਾ ਕੱਢ ਰਿਹਾ।" ਦਰੋਗਾ ਗੁੱਸੇ ਵਿਚ ਬੋਲਿਆ। ਸੁਪਰਡੈਂਟ ਨੇ ਝੱਟ ਟਾਟ ਵਰਦੀ ਦੀ ਸਜ਼ਾ ਲਿਖ ਦਿੱਤੀ ਪਾਲਾ ਸਿੰਘ ਰੋਅਬ ਨਾਲ ਕਹਿਣ ਲੱਗਾ, "ਤੂੰ ਦਿਲ ਖੁਸ਼ ਕਰ ਲੈ। ਲਾ ਲੈ ਜ਼ੋਰ ਜਿਹੜਾ ਤੈਥੋਂ ਲੱਗਦਾ। ਮੈਂ ਇਹ ਜ਼ੋਰ ਨਾਲ ਕਹੂੰਗਾ ਕਿ ਸਾਰੇ ਬਿਹਾਰੀ ਸਾਨੂੰ ਤੰਗ ਕਰਦੇ ਐ!"

ਸੁਪਰਡੈਂਟ ਨੂੰ ਤਰੇਲੀ ਆ ਗਈ। ਉਹ ਗੁੱਸੇ ਵਿੱਚ ਕੰਬਣ ਲੱਗਾ। ਉਸ ਦੀਆਂ ਅੱਖਾਂ ਲਾਲ ਹੋ ਗਈਆਂ। ਉਸ ਨੇ ਗੁੱਸੇ ਵਿੱਚ ਆ ਕੇ ਖੜ੍ਹੀ ਹੱਥਕੜੀ ਦੀ ਸਜ਼ਾ ਲਿਖ

ਦਿੱਤੀ। ਪਾਲਾ ਸਿੰਘ ਕਿੱਥੇ ਝਿਪਣ ਵਾਲਾ ਸੀ। ਉਹ ਸਗੋਂ ਆਕੜ ਕੇ ਬੋਲਿਆ, "ਤੇਰੇ ਕੋਲ ਕੋਈ ਹੋਰ ਵੀ ਸਜ਼ਾ ਹੈ ਤਾਂ ਉਹ ਵੀ ਲਿਖ ਛੱਡ। ਅਸੀਂ ਡਰਨ ਵਾਲਿਆਂ 'ਚੋਂ ਨਹੀਂ। ਅਸੀਂ ਤਾਂ ਗੁਰੂ ਕਲਗੀਧਰ ਪਾਤਸ਼ਾਹ ਦੇ ਸਿੱਖ ਹਾਂ। ਅਸੀਂ ਕਿਸੇ ਅੱਗੇ ਝੁਕਣਾ ਨਹੀਂ ਜਾਣਦੇ। ਜਿਉਂਦੇ ਜੀਅ ਟੱਕਰ ਲੈਣਾ ਸਾਡਾ ਧਰਮ ਹੈ। ਅਸੀਂ ਅੜੇ ਅਬਦਾਲੀਆਂ ਦੇ ਮੂੰਹ ਭਵਾ ਦਿੱਤੇ। ਤੁਸੀਂ ਕੌਣ ਹੋ?" ਸੁਪਰਡੈਂਟ ਨੇ ਇਸ ਨੂੰ ਆਪਣੀ ਬੇਇੱਜ਼ਤੀ ਸਮਝਿਆ। ਉਸ ਨੇ ਗੁੱਸੇ ਨਾਲ ਪਾਲਾ ਸਿੰਘ ਵੱਲ ਵੇਖਿਆ ਪਰ ਪਾਲਾ ਸਿੰਘ ਉਸੇ ਤਰ੍ਹਾਂ ਨਿਧੜਕ ਹੋ ਕੇ ਖਲੋਤਾ ਰਿਹਾ।

"ਮਾਫੀ ਮੰਗ ਲੈ!" ਦਰੋਗੇ ਨੇ ਅੱਖਾਂ ਕੱਢੀਆਂ।

"ਕਿਉਂ, ਮੈਂ ਮਾਫੀ ਕਿਉਂ ਮੰਗਾਂ। ਖੋਤੀ ਨੂੰ ਹੱਥ ਲੱਗ ਗਿਆ।" ਸਾਹਮਣੇ ਖਲੋਤਾ ਸੁਪਰਡੈਂਟ ਸੜ ਬਲ ਗਿਆ। ਪਾਲਾ ਸਿੰਘ ਆਪਣੀ ਜਗ੍ਹਾ ਸੱਚਾ ਸੀ। ਦਰੋਗਾ ਤੇ ਜਮਾਂਦਾਰ 'ਸਾਰੇ' ਸ਼ਬਦ ਨੂੰ ਸਾਲੇ ਸਮਝ ਰਹੇ ਸਨ। ਸੁਪਰਡੈਂਟ ਵੀ ਪਾਲਾ ਸਿੰਘ ਦੀ ਗੱਲ ਵੱਲ ਧਿਆਨ ਨਹੀਂ ਸੀ ਦੇ ਰਿਹਾ। ਉਸ ਨੂੰ ਇਹ ਹੰਕਾਰ ਸੀ ਕਿ ਇੱਕ ਕੈਦੀ ਉਸ ਦੇ ਸਾਹਮਣੇ ਤਾਅੜ-ਤਾਅੜ ਬੋਲ ਰਿਹਾ ਹੈ। ਫਿਰ ਸੁਪਰਡੈਂਟ ਨੇ ਪਾਲਾ ਸਿੰਘ ਨੂੰ ਬੈਂਤਾਂ ਦੀ ਸਜ਼ਾ ਲਾਈ ਤੇ ਗੁੱਸੇ ਵਿਚ ਤੁਰ ਗਿਆ। ਸੁਪਰਡੈਂਟ ਅੰਗਰੇਜ਼ ਸੀ। ਇਸ ਕਰਕੇ ਉਹ ਸਮਝਦਾ ਸੀ ਕਿ ਅੰਗਰੇਜ਼ ਕੌਮ ਭਾਰਤੀ ਕੌਮ ਤੋਂ ਉੱਤਮ ਹੈ। ਉਹ ਸਾਰੇ ਗ਼ਦਰੀ ਕੈਦੀਆਂ ਤੋਂ ਖੁਸ਼ਾਮਦ ਦੀ ਵੱਧ ਆਸ ਕਰਦਾ ਸੀ। ਗ਼ਦਰੀ ਉਸ ਨੂੰ ਟਿੱਚ ਸਮਝਦੇ ਸਨ।

ਪਾਲਾ ਸਿੰਘ ਬੈਂਤਾਂ ਦੀ ਸਜ਼ਾ ਸੁਣ ਕੇ ਮੁਸਕਰਾਉਂਦਾ ਰਿਹਾ। ਉਸ ਨੇ ਆਪਣੇ ਪਿੰਡੇ ਉੱਤੇ ਬੈਂਤਾਂ ਖਾ ਲਈਆਂ। ਉਹ ਫੇਰ ਵੀ ਰੋਅਬ ਵਾਲੀ ਤੱਕਣੀ ਨਾਲ ਤੱਕ ਰਿਹਾ ਸੀ। ਬੈਂਤਾਂ ਮਾਰਨ ਵਾਲਾ ਹੰਭ ਗਿਆ ਪਰ ਪਾਲਾ ਸਿੰਘ ਉਸ ਵੱਲ ਇਸ ਤਰ੍ਹਾਂ ਤੱਕ ਰਿਹਾ ਸੀ ਕਿ ਜਿਵੇਂ ਕਹਿ ਰਿਹਾ ਹੋਵੇ ਲਾ ਲੈ ਜ਼ੋਰ ਜਿਹੜਾ ਲੱਗਦਾ। ਉਹ ਬੈਂਤਾਂ ਖਾ ਕੇ ਸਗੋਂ ਹੋਰ ਸਖ਼ਤ ਹੋ ਗਿਆ। ਉਸ ਦੇ ਸਾਰੇ ਸਾਥੀ ਵੀ ਉਸੇ ਵਾਂਗ ਸਖ਼ਤ ਹੋ ਗਏ। ਜੇਲ੍ਹ ਸੁਪਰਡੈਂਟ ਜਦੋਂ ਵੀ ਹੁਣ ਚੱਕਰ ਮਾਰਦਾ ਤਾਂ ਉਹ ਉੱਠ ਕੇ ਨਾ ਖਲੋਂਦੇ। ਕੋਈ ਸਲੂਟ ਨਾ ਮਾਰਦਾ। ਕੋਈ ਉਸ ਵੱਲ ਵੇਖਦਾ ਵੀ ਨਾ। ਇਹੀ ਬੈਂਤਾਂ ਦੀ ਸਜ਼ਾ ਲਿਖਣ ਵਾਲਾ ਸੁਪਰਡੈਂਟ ਸੋਚਦਾ ਕਿ ਕੈਦੀ ਨਹੀਂ ਸਗੋਂ ਉਹ ਹਾਰ ਗਿਆ ਹੈ। ਇਧਰ ਪਾਲਾ ਸਿੰਘ ਸੋਚਦਾ ਕਿ ਇਹ ਬੈਂਤਾਂ ਦੀ ਸਜ਼ਾ ਕੀ ਸਜ਼ਾ ਹੈ। ਉਸ ਨੂੰ ਫਾਂਸੀ ਵੀ ਲੱਗ ਜਾਵੇ ਤਾਂ ਵੀ ਕੋਈ ਪਰਵਾਹ ਨਹੀਂ। ਮੇਰਾ ਦੇਸ਼ ਅਜ਼ਾਦ ਹੋਣਾ ਚਾਹੀਦਾ ਹੈ।

ਹਜ਼ਾਰੀ ਬਾਗ ਜੇਲ੍ਹ ਵਿੱਚੋਂ ਦੌੜਨਾ

ਹਜ਼ਾਰੀ ਬਾਗ ਜੇਲ੍ਹ ਦੇ ਸੁਪਰਡੈਂਟ ਤੇ ਦਰੋਗੇ ਵੱਲੋਂ ਗ਼ਦਰੀ ਬਾਬਿਆਂ ਨਾਲ ਅਣਮਨੁੱਖੀ ਸਲੂਕ ਹੋ ਰਿਹਾ ਸੀ। ਹੱਥਕੜੀ, ਡੰਡਾ ਬੇੜੀ, ਬੈਂਤਾਂ ਦੀ ਸਜ਼ਾ ਤੇ ਘਟੀਆ ਖਾਣਾ ਦੇਣਾ ਜਿਵੇਂ ਇਸ ਜੇਲ੍ਹ ਦਾ ਅਸੂਲ ਬਣ ਗਿਆ ਸੀ। ਹਰ ਰੋਜ਼ ਨਵੀਂ ਮੁਸ਼ੱਕਤ ਹੁੰਦੀ ਸੀ। ਗ਼ਦਰੀ ਸਭ ਕਸ਼ਟ ਝੱਲ ਰਹੇ ਸਨ। ਉਨ੍ਹਾਂ ਦਾ ਦਿਲ ਸਗੋਂ ਕਠੋਰ ਹੋ ਰਿਹਾ ਸੀ। ਜੇਲ੍ਹ ਵਾਲੇ ਕੈਦੀਆਂ ਨੂੰ ਹਰ ਹੀਲੇ ਝੁਕਾਉਣਾ ਚਾਹੁੰਦੇ ਸਨ ਪਰ ਗ਼ਦਰੀਆਂ ਨੇ ਬੈਂਤਾਂ ਖਾ ਕੇ ਤੇ ਲੰਮੀਆਂ ਭੁੱਖ ਹੜਤਾਲਾਂ ਕਰਕੇ ਜੇਲ੍ਹ ਵਾਲਿਆਂ ਨੂੰ ਦੱਸ ਦਿੱਤਾ ਕਿ ਸਾਨੂੰ ਜਿੰਦ ਨਾਲੋਂ ਅਸੂਲ ਪਿਆਰੇ ਹਨ। ਉਹ ਕਿਸੇ ਕੀਮਤ ਉੱਤੇ ਵੀ ਸਿਰ ਨੀਵਾਂ ਨਹੀਂ ਕਰਨਗੇ।

ਇਕ ਵਾਰ ਜੇਲ੍ਹ ਦਾ ਆਈ.ਜੀ. ਹਜ਼ਾਰੀ ਬਾਗ ਜੇਲ੍ਹ ਦੇ ਦੌਰੇ ਉੱਤੇ ਆਇਆ। ਉਹ ਜਾਂਦਾ ਹੋਇਆ ਸੁਪਰਡੈਂਟ ਨੂੰ ਲਿਖਤੀ ਹੁਕਮ ਦੇ ਗਿਆ ਕਿ ਜਿਨ੍ਹਾਂ ਸਿਆਸੀ ਕੈਦੀਆਂ ਦਾ ਵਤੀਰਾ ਚੰਗਾ ਹੈ ਉਨ੍ਹਾਂ ਨੂੰ ਸਪੈਸ਼ਲ ਸੈੱਲਾਂ ਵਾਲੇ ਬਲਾਕ ਵਿੱਚ ਤਬਦੀਲ ਕੀਤਾ ਜਾਵੇ ਤੇ ਉਨ੍ਹਾਂ ਦੀਆਂ ਬੇੜੀਆਂ ਵੀ ਲੁਹਾ ਦਿੱਤੀਆਂ ਜਾਣ। ਉਹ ਬਲਾਕ ਵਿੱਚ ਖੁੱਲ੍ਹੇ ਰਹਿਣਗੇ। ਸੁਪਰਡੈਂਟ ਨੇ ਪਾਲਾ ਸਿੰਘ, ਪਾਖਰ ਸਿੰਘ ਤੇ ਹੋਰ ਗ਼ਦਰੀਆਂ ਨੂੰ ਸਪੈਸ਼ਲ ਸੈਲ ਵਿੱਚ ਭੇਜ ਦਿੱਤਾ। ਇਹ ਕੁੱਲ 18 ਗ਼ਦਰੀ ਸਨ ਪਰ ਭਾਈ ਰਨਧੀਰ ਸਿੰਘ ਜੀ ਨੂੰ ਇਸ ਬਲਾਕ ਵਿੱਚ ਨਾ ਭੇਜਿਆ। ਉਨ੍ਹਾਂ ਉੱਤੇ ਸਗੋਂ ਹੋਰ ਵੀ ਸਖ਼ਤੀ ਹੋਣ ਲੱਗੀ। ਉਨ੍ਹਾਂ ਅੱਗੇ ਦਾਲਾਂ ਦੇ ਢੇਰ ਸਫਾਈ ਕਰਨ ਲਈ ਲਾ ਦਿੱਤੇ ਜਾਂਦੇ। ਉਨ੍ਹਾਂ ਦਾ ਦੁੱਧ ਬੰਦ ਕਰ ਦਿੱਤਾ ਪਰ ਭਾਈ ਸਾਹਿਬ ਜੇਲ੍ਹ ਦਾ ਬਣਿਆ ਖਾਣਾ ਉੱਕਾ ਹੀ ਨਹੀਂ ਸਨ ਖਾਂਦੇ। ਉਨ੍ਹਾਂ ਨੇ ਖਾਣਾ ਪੀਣਾ ਛੱਡ ਦਿੱਤਾ। ਉਨ੍ਹਾਂ ਦੀ ਸਿਹਤ ਦਿਨੋ ਦਿਨ ਖਰਾਬ ਹੁੰਦੀ ਗਈ ਤੇ ਆਖਰ ਉਨ੍ਹਾਂ ਨੂੰ ਹਸਪਤਾਲ ਭਰਤੀ ਕਰਵਾਉਣਾ ਪਿਆ।

ਸਪੈਸ਼ਲ ਸੈਲ ਵਾਲੇ ਗ਼ਦਰੀ ਹੁਣ ਪਹਿਲਾਂ ਨਾਲੋਂ ਅਜ਼ਾਦ ਸਨ। ਨਿੱਕੇ ਮੋਟੇ ਕੰਮਾਂ ਲਈ ਉਨ੍ਹਾਂ ਨੂੰ ਕੋਠੀਆਂ ਵਿੱਚੋਂ ਬਾਹਰ ਵੀ ਲਿਜਾਇਆ ਜਾਂਦਾ। ਉਹ ਹੁਣ ਜਾਣਬੁੱਝ ਕੇ ਬਹੁਤੀ ਨਾਂਹ ਨੁੱਕਰ ਨਾ ਕਰਦੇ। ਬਾਹਰ ਕੰਮ ਕਰਦੇ ਰਹਿੰਦੇ। ਇਸ ਬਹਾਨੇ ਉਹ ਸਾਰੇ ਅਠਾਰਾਂ ਗ਼ਦਰੀ ਇਕੱਠੇ ਹੋ ਜਾਂਦੇ ਤੇ ਆਪਸੀ ਗੱਲਬਾਤ ਖੁੱਲ੍ਹ ਕੇ ਕਰ ਲੈਂਦੇ। ਇੱਕ ਦਿਨ ਸਾਰਿਆਂ ਨੇ ਸਲਾਹ ਕੀਤੀ ਕਿ ਜੇਲ੍ਹ ਵਿੱਚ ਨਰਕ ਵਰਗਾ ਜੀਵਨ ਜਿਉਣ ਨਾਲੋਂ ਚੰਗਾ ਹੈ ਕਿ ਏਥੋਂ ਭੱਜ ਚੱਲੀਏ। ਗੱਲ ਤਾਂ ਉਨ੍ਹਾਂ ਨੇ ਕਰ ਲਈ ਪਰ ਦੂਜੇ ਪਾਸੇ ਝਾਤੀ ਮਾਰਦੇ ਕਿ ਇਹ ਕੰਮ ਏਨਾ ਸੌਖਾ ਨਹੀਂ। ਉਧਰ ਭਾਈ ਰਨਧੀਰ ਸਿੰਘ ਹੋਰੀਂ ਬਿਮਾਰ ਪਏ

ਸਨ। ਗ਼ਦਰੀਆਂ ਨੇ ਆਪਣੀ ਗੱਲ ਉਨ੍ਹਾਂ ਤੱਕ ਪੁੱਜਦੀ ਕਰ ਦਿੱਤੀ। ਸਾਰੇ ਗ਼ਦਰੀ ਜੇਲ੍ਹ ਦੇ ਅਫ਼ਸਰਾਂ ਤੋਂ ਬਹੁਤ ਅੱਕ ਗਏ ਸਨ। ਇੱਕ ਦਿਨ ਉਨ੍ਹਾਂ ਨੇ ਇਹ ਪੱਕਾ ਫੈਸਲਾ ਕਰ ਲਿਆ ਕਿ ਜੇਲ੍ਹ ਵਿੱਚੋਂ ਹਰ ਹੀਲਾ ਦੌੜ ਜਾਣਾ ਹੈ। ਉਨ੍ਹਾਂ ਨੇ ਰਲ ਕੇ ਸਕੀਮ ਤਿਆਰ ਕਰ ਲਈ।

ਇੱਕ ਦਿਨ ਸਾਰੇ ਗ਼ਦਰੀ ਜੇਲ੍ਹ ਵਿੱਚ ਕੰਮ ਕਰ ਰਹੇ ਸਨ। ਨੱਥਾ ਸਿੰਘ ਨੇ ਅੱਗਾ ਪਿੱਛਾ ਵੇਖ ਕੇ ਇਕ ਸੱਬਲ ਆਪਣੇ ਪਜ਼ਾਮੇ ਵਿੱਚ ਲੁਕਾ ਲਈ ਤੇ ਸੱਬਲ ਬਚਾ ਕੇ ਉਹ ਆਪਣੀ ਕੋਠੀ ਵਿੱਚ ਲੈ ਗਿਆ। ਭਾਈ ਰਨਧੀਰ ਸਿੰਘ ਜੀ ਇਸ ਦਿਨ ਹਸਪਤਾਲ ਤੋਂ ਵਾਪਸ ਜੇਲ੍ਹ ਵਿੱਚ ਆ ਗਏ ਸਨ। ਸਪੈਸ਼ਲ ਬਲਾਕ ਦੇ ਸਾਰੇ ਗ਼ਦਰੀ ਅੱਜ ਤਾਂ ਪੂਰੇ ਹੁਸ਼ਿਆਰ ਸਨ। ਦਿਨ ਛੁਪ ਗਿਆ। ਸਾਰਿਆਂ ਨੇ ਰਹਿਰਾਸ ਦਾ ਪਾਠ ਕੀਤਾ। ਰਾਤ ਵਾਲੀ ਸਕੀਮ ਨਾਲ ਸਾਰੇ ਚੌਕਸ ਸਨ। ਅੱਧੀ ਰਾਤ ਹੋਈ ਨੱਥਾ ਸਿੰਘ ਤੇ ਸੁੱਚਾ ਸਿੰਘ ਚੋਹਲਾ ਨੇ ਸੱਬਲ ਨਾਲ ਆਪਣੀ ਕੋਠੀ ਦੀ ਛੱਤ ਵਿੱਚ ਮਘੋਰਾ ਕਰ ਲਿਆ। ਦੋਵੇਂ ਗ਼ਦਰੀ ਮਲਕੜੇ ਜਿਹੇ ਛੱਤ ਤੋਂ ਹੇਠਾਂ ਉਤਰੇ। ਫਰਵਰੀ ਮਹੀਨੇ ਦੀ ਠੰਢੀ ਰਾਤ ਸੀ। ਲੋਕ ਰਜਾਈਆਂ ਵਿੱਚ ਘੂਕ ਸੁੱਤੇ ਹੋਣਗੇ। ਇਧਰ ਅਜ਼ਾਦੀ ਦੇ ਦੀਵਾਨੇ ਨਵਾਂ ਕਾਰਨਾਮਾ ਕਰਨ ਜਾ ਰਹੇ ਸਨ। ਨੱਥਾ ਸਿੰਘ ਤੇ ਸੁੱਚਾ ਸਿੰਘ ਨੇ ਇਕਦਮ ਸ਼ੇਰ ਵਾਂਗ ਝਪਟ ਕੇ ਪਹਿਰੇ ਉੱਤੇ ਖਲੋਤੇ ਸਿਪਾਹੀ ਨੂੰ ਕਾਬੂ ਜਾ ਕੀਤਾ। ਉਸ ਦੇ ਮੂੰਹ ਵਿੱਚ ਕੱਪੜਾ ਤੁੰਨ ਕੇ ਉਸਨੂੰ ਥਮਲ੍ਹੇ ਨਾਲ ਬੰਨ੍ਹ ਦਿੱਤਾ। ਉਸ ਦੀ ਅਵਾਜ਼ ਨਹੀਂ ਸੀ ਨਿਕਲਦੀ। ਦੋਹਾਂ ਨੇ ਫਟਾਫਟ ਉਸ ਦੀ ਵਰਦੀ ਉਤਾਰ ਲਈ ਤੇ ਵਰਦੀ ਸੁੱਚਾ ਸਿੰਘ ਨੇ ਪਹਿਨ ਲ਼ਈ। ਵਰਦੀ ਪਾ ਕੇ ਸੁੱਚਾ ਸਿੰਘ ਪਹਿਰੇ ਉੱਤੇ ਖਲੋ ਗਿਆ। ਕੁਝ ਚਿਰ ਪਿੱਛੋਂ ਜਮਾਂਦਾਰ ਗਸ਼ਤ ਕਰਦਾ ਹੋਇਆ ਉਧਰ ਆ ਨਿਕਲਿਆ। ਜਦੋਂ ਜਮਾਂਦਾਰ ਸੁੱਚਾ ਸਿੰਘ ਕੋਲ ਆਇਆ ਤਾਂ ਸੁੱਚਾ ਸਿੰਘ ਨੇ ਉਸ ਨੂੰ ਝੱਟ ਕਾਬੂ ਕਰ ਲਿਆ। ਨੱਥਾ ਸਿੰਘ ਨੇ ਝੱਟ ਉਸਦੇ ਮੂੰਹ ਵਿੱਚ ਕੱਪੜਾ ਤੁੰਨ ਦਿੱਤਾ ਤੇ ਉਸ ਨੂੰ ਵੀ ਇਕ ਹੋਰ ਥਮਲ੍ਹੇ ਨਾਲ ਬੰਨ੍ਹ ਦਿੱਤਾ। ਦੋਹਾਂ ਗ਼ਦਰੀਆਂ ਨੇ ਝੱਟ ਜਮਾਂਦਾਰ ਦੀ ਵਰਦੀ ਉਤਾਰ ਲਈ। ਇਹ ਵਰਦੀ ਨੱਥਾ ਸਿੰਘ ਨੇ ਪਹਿਨ ਲਈ। ਹੱਥੋਪਾਈ ਵੇਲੇ ਜਮਾਂਦਾਰ ਨੇ ਝੋਲੇ ਵਿੱਚੋਂ ਚਾਬੀਆਂ ਦੇ ਗੁੱਛੇ ਕੱਢ ਕੇ ਨੇੜੇ ਹੀ ਘਾਹ ਵਿਚ ਵਗਾਹ ਕੇ ਸੁੱਟ ਦਿੱਤੇ ਸਨ। ਸੁੱਚਾ ਸਿੰਘ ਤੇ ਨੱਥਾ ਸਿੰਘ ਨੂੰ ਘਾਹ ਵਿੱਚੋਂ ਬਹੁਤੇ ਗੁੱਛੇ ਭਾਲ ਕੀਤਿਆਂ ਲੱਭ ਗਏ। ਨੱਥਾ ਸਿੰਘ ਤੇ ਸੁੱਚਾ ਸਿੰਘ ਨੇ ਛੇਤੀ ਛੇਤੀ ਕੋਠੀਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਤੇ ਅਠਾਰਾਂ ਗ਼ਦਰੀ ਬਾਹਰ ਆ ਗਏ ਪਰ ਭਾਈ ਰਨਧੀਰ ਸਿੰਘ ਜੀ ਦੀ ਕੋਠੀ ਦਾ ਜਿੰਦਰਾ ਨਾ ਖੁੱਲ੍ਹਿਆ। ਸਾਰੇ ਗ਼ਦਰੀ ਜੋਸ਼ ਵਿੱਚ ਸਨ। ਉਹ ਭੱਜ ਕੇ ਬਾਹਰ ਆ ਗਏ। ਇੱਕ ਦੂਜੇ ਉੱਤੇ ਖਲੋਅ ਕੇ ਗ਼ਦਰੀਆਂ ਨੇ ਫਸੀਲ ਉੱਤੇ ਚੜ੍ਹਨਾ ਸ਼ੁਰੂ ਕਰ ਦਿੱਤਾ। ਪਾਲਾ ਸਿੰਘ ਤੇ ਹੋਰ ਕਈ ਗ਼ਦਰੀ ਕੱਦ ਦੇ ਲੰਮੇ ਹੋਣ ਕਰਕੇ ਕੰਧ ਦੇ ਨਾਲ ਲੱਗ ਕੇ ਖਲੋਤੇ ਰਹੇ। ਪਾਖਰ ਸਿੰਘ ਹੋਰੀਂ ਫੁਰਤੀ ਨਾਲ ਕੰਧ ਉੱਤੇ ਚੜ੍ਹਨ ਲੱਗੇ। ਹਾਲੇ ਚਾਰ ਪੰਜ ਗ਼ਦਰੀ ਉੱਪਰ ਚੜ੍ਹੇ ਸਨ ਕਿ ਸੰਗੀਨਾਂ ਵਾਲੇ ਸਿਪਾਹੀਆਂ ਦੀ ਗਾਰਦ ਆ ਗਈ।

ਜਮਾਂਦਾਰ ਨੇ ਉੱਚੀ ਲਲਕਾਰਾ ਮਾਰਿਆ, "ਪਕੜੋ! ਪਕੜੋ ਕੋਈ ਜਾਨੇ ਨਾ ਪਾਏ।" ਉਧਰ ਫਸੀਲ ਉੱਤੋਂ ਪਾਖਰ ਸਿੰਘ ਨੇ ਪੂਰੇ ਜ਼ੋਰ ਨਾਲ ਕਿਹਾ, "ਬੰਬ ਮਾਰੋ ਸਿੰਨ੍ਹ ਕੇ। ਵੇਖਦੇ ਕੀ ਹੋ! ਉਦੋਂ ਹੀ ਬੰਬ ਚਲਾਉਂਗੇ ਜਦੋਂ ਮੌਰੀਂ ਆ ਚੜ੍ਹੇ। ਦਿਉ ਤੋੜਾ ਬੰਬ ਨੂੰ।" ਗ਼ਦਰੀਆਂ ਕੋਲ ਬੰਬ ਤਾਂ ਨਹੀਂ ਸਨ। ਉਨ੍ਹਾਂ ਨੇ ਪਹਿਲਾਂ ਬਣਾਈ ਸਕੀਮ ਅਨੁਸਾਰ ਕਾਰਵਾਈ ਕੀਤੀ। ਗੁੱਜਰ ਸਿੰਘ ਭਕਨੇ ਨੇ ਝੱਟ ਡੱਬੀ ਵਿੱਚੋਂ ਸੀਖ ਕੱਢ ਕੇ ਘਸਾ ਦਿੱਤੀ। ਇਕਦਮ ਚੰਗਿਆੜੀ ਉੱਠੀ। ਹੋਰ ਗ਼ਦਰੀ ਨੇ ਜਿੰਦਾ ਚਲਾ ਕੇ ਮਾਰਿਆ। ਜਿੰਦਾ ਇੱਕ ਸਿਪਾਹੀ ਦੇ ਜਾ ਵੱਜਾ। ਸਿਪਾਹੀਆਂ ਨੂੰ ਇਹ ਲੱਗਾ ਸੀ ਕਿ ਸੀਖ ਦੇ ਚਾਨਣ ਨਾਲ ਹੀ ਬੰਬ ਚੱਲ ਗਿਆ ਹੈ। ਚਾਨਣ ਹੋਣ ਨਾਲ ਤੇ ਸਿਪਾਹੀ ਦੇ ਜਿੰਦਰਾ ਵੱਜਣ ਨਾਲ ਹੀ ਭਗਦੜ ਮੱਚ ਗਈ। ਸਾਰੇ ਸਿਪਾਹੀ ਪਿੱਛੇ ਨੂੰ ਭੱਜ ਤੁਰੇ। ਇਕ ਸਿਪਾਹੀ ਦੀ ਅਵਾਜ਼ ਆਈ, "ਬੰਬ ਰੇ! ਬੰਬ ਰੇ! ਬੰਬ ਲਗਾ ਤੋ ਹੈ ਮਗਰ ਫਟਾ ਨਹੀਂ।" ਸਾਰੀ ਗਾਰਦ ਭੱਜ ਗਈ। ਕੰਧ ਦੇ ਲਾਗੇ ਖਲੋਤੇ ਪਾਲਾ ਸਿੰਘ ਹੋਰਾਂ ਨੇ ਸਾਰੇ ਸਾਥੀਆਂ ਨੂੰ ਕੰਧ ਉੱਪਰ ਚੜ੍ਹਾ ਦਿੱਤਾ ਤੇ ਫਿਰ ਆਪ ਵੀ ਉਨ੍ਹਾਂ ਦੀ ਸਹਾਇਤਾ ਨਾਲ ਉੱਪਰ ਚੜ੍ਹ ਗਏ। ਪਾਖਰ ਸਿੰਘ ਹੋਰਾਂ ਨੇ ਤਾਂ ਕੰਧ ਉਤੋਂ ਸਿੱਧੀਆਂ ਹੀ ਛਾਲਾਂ ਜੜ ਦਿੱਤੀਆਂ ਪਰ ਪਿੱਛੋਂ ਪਾਲਾ ਸਿੰਘ ਹੋਰੀਂ ਕੰਧ ਨੂੰ ਹੱਥ ਪਾ ਕੇ ਲਮਕ ਕੇ ਉਤਰੇ। ਘੁੱਪ ਹਨ੍ਹੇਰੀ ਰਾਤ ਸੀ। ਸਿਆਲੂ ਠੰਢ। ਕੰਧ ਤੋਂ ਜਿਨ੍ਹਾਂ ਗ਼ਦਰੀਆਂ ਨੇ ਸਿੱਧੀਆਂ ਛਾਲਾਂ ਮਾਰੀਆਂ ਸਨ ਉਹ ਸਾਰੇ ਹੀ ਸੱਟਾਂ ਖਾ ਬੈਠੇ। ਕਿਸੇ ਦੀ ਲੱਤ ਟੁੱਟ ਗਈ। ਕਿਸੇ ਦੀ ਬਾਂਹ ਟੁੱਟ ਗਈ ਤੇ ਕਿਸੇ ਦੇ ਗਿੱਟੇ ਟੁੱਟ ਗਏ। ਜ਼ਖ਼ਮੀ ਹੋਏ ਬਹੁਤੇ ਗ਼ਦਰੀ ਬੁਰੀ ਤਰ੍ਹਾਂ ਕਰਾਹ ਰਹੇ ਸਨ।

ਕੁੱਝ ਸਾਥੀਆਂ ਦਾ ਫੜੇ ਜਾਣਾ

ਫਸੀਲ ਟੱਪ ਕੇ ਅਠਾਰਾਂ ਗ਼ਦਰੀ ਲੱਤਾਂ, ਬਾਹਾਂ ਤੁੜਾ ਕੇ ਹਨ੍ਹੇਰੇ ਵਿੱਚ ਡਿੱਗੇ ਪਏ ਸਨ। ਜ਼ਖ਼ਮੀ ਹੋਏ ਗ਼ਦਰੀ ਦੂਜਿਆਂ ਨੂੰ ਕਹਿਣ ਲੱਗੇ ਕਿ ਅਸੀਂ ਤਾਂ ਹੁਣ ਚੱਲ ਨਹੀਂ ਸਕਦੇ। ਜੇਕਰ ਤੁਸੀਂ ਸਾਨੂੰ ਚੁੱਕ ਕੇ ਲਿਜਾਣ ਦੀ ਕੋਸ਼ਿਸ਼ ਕੀਤੀ ਤਾਂ ਤੁਸੀਂ ਵੀ ਫੜੇ ਜਾਉਗੇ। ਇਸ ਕਰਕੇ ਚੰਗਾ ਇਹੋ ਹੈ ਕਿ ਤੁਸੀਂ ਏਥੋਂ ਭੱਜ ਜਾਉ। ਸਾਡੀ ਪਰਵਾਹ ਨਾ ਕਰੋ। ਪਾਲਾ ਸਿੰਘ ਹੋਰੀਂ ਕਹਿਣ ਲੱਗੇ ਕਿ ਅਸੀਂ ਤੁਹਾਨੂੰ ਛੱਡ ਕੇ ਨਹੀਂ ਜਾਵਾਂਗੇ। ਜੋ ਮਰਜ਼ੀ ਹੋ ਜਾਵੇ। ਉਹ ਹਾਲੇ ਗੱਲਾਂ ਹੀ ਕਰ ਰਹੇ ਸਨ ਕਿ ਏਨੇ ਨੂੰ ਮਿਲਟਰੀ ਪੁਲਸ ਆ ਗਈ। ਉਨ੍ਹਾਂ ਨੇ ਆਉਣ ਸਾਰ ਇੰਦਰ ਸਿੰਘ ਸ਼ੇਖ ਦੌਲਤ ਨੂੰ ਨੱਪ ਲਿਆ। ਲਾਗੇ ਹੀ ਲਾਲ ਸਿੰਘ ਨਾਰੰਗਵਾਲ ਜ਼ਖ਼ਮੀ ਹੋਇਆ ਪਿਆ ਸੀ। ਉਸ ਨੇ ਹਿੰਮਤ ਕਰਕੇ ਇੱਕ ਪੁਲਸ ਵਾਲੇ ਤੋਂ ਡਾਂਗ ਖੋਹ ਲਈ। ਲਾਲ ਸਿੰਘ ਲੱਗਾ ਜੋਸ਼ ਨਾਲ ਡਾਂਗ ਚਲਾਉਣ। ਲਾਲ ਸਿੰਘ ਨੇ ਪਲਾਂ ਵਿੱਚ ਹੀ ਕਈ ਸਿਪਾਹੀਆਂ ਦੇ ਮੂੰਹ ਸਿਰ ਭੰਨ ਦਿੱਤੇ। ਪੁਲਸ ਵਾਲੇ ਡਾਂਗ ਚੱਲਦੀ ਵੇਖ ਕੇ ਭੱਜ ਗਏ। ਮੈਦਾਨ ਖਾਲੀ ਵੇਖ ਕੇ ਪਾਲਾ ਸਿੰਘ ਹੋਰਾਂ ਨੇ ਜ਼ਖ਼ਮੀ ਸਾਥੀਆਂ ਨੂੰ ਆਪਣੇ ਮੋਢਿਆਂ ਉੱਪਰ ਚੁੱਕਿਆ ਤੇ ਹਨ੍ਹੇਰੇ ਵਿੱਚ ਜਿਧਰ ਮੂੰਹ ਹੋਇਆ ਤੁਰ ਪਏ। ਇਹ ਇਲਾਕਾ ਜੰਗਲੀ ਸੀ। ਜੰਗਲੀ ਜਾਨਵਰਾਂ ਦਾ ਵੀ ਭੈਅ ਸੀ। ਰਸਤਿਆਂ ਦਾ ਵ ਪਤਾ ਨਹੀਂ ਸੀ। ਉਪਰੋਂ ਸਿਆਲੂ ਠੰਢ ਸੀ। ਕਿਸੇ ਕੋਲ ਗਰਮ ਕੱਪੜਾ ਵੀ ਨਹੀਂ ਸੀ। ਜਿਹੜੇ ਗ਼ਦਰੀ ਜ਼ਖ਼ਮੀ ਹੋਏ ਸਨ ਉਨ੍ਹਾਂ ਦਾ ਬੁਰਾ ਹਾਲ ਸੀ। ਸਾਰੇ ਗ਼ਦਰੀ ਕਿਵੇਂ ਨਾ ਕਿਵੇਂ ਜੇਲ੍ਹ ਤੋਂ ਚੱਲ ਕੇ ਚਾਰ-ਪੰਜ ਕੋਹ ਦੂਰ ਆ ਗਏ।

ਪਾਖਰ ਸਿੰਘ ਦੇ ਦੋਵੇਂ ਗਿੱਟੇ ਟੁੱਟ ਗਏ ਸਨ। ਦੂਜੇ ਵੀ ਸੱਟਾਂ ਕਾਰਨ ਬੇਹਾਲ ਸਨ। ਇਹ ਸਾਰੇ ਇੱਕ ਥਾਂ ਉੱਤੇ ਰੁਕ ਗਏ। ਕੋਈ ਪਤਾ ਨਹੀਂ ਸੀ ਕਿ ਇਹ ਕਿਹੜੀ ਜਗ੍ਹਾ ਹੈ। ਪਾਖਰ ਸਿੰਘ ਕਹਿਣ ਲੱਗਾ ਕਿ ਸਾਰੇ ਜ਼ਖ਼ਮੀਆਂ ਦੀ ਹਾਲਤ ਖਰਾਬ ਹੈ। ਇਸ ਕਰਕੇ ਸਾਨੂੰ ਏਥੇ ਹੀ ਛੱਡ ਦਿਓ। ਅਸੀਂ ਬਣੀ ਜੜ੍ਹੀ ਕਟਾਂਗੇ। ਪਾਖਰ ਸਿੰਘ, ਲਾਲ ਸਿੰਘ ਨਾਰੰਗਵਾਲ, ਸੁੰਦਰ ਸਿੰਘ ਦੋਲੂ ਨੰਗਲ, ਹਰਨਾਮ ਸਿੰਘ ਕਾਲਾ ਸੰਘਾ ਤੇ ਕੇਸਰ ਸਿੰਘ ਸੁਰ ਸਿੰਘ ਜ਼ਖ਼ਮੀ ਹੋਏ ਪੈਲੀਆਂ ਵਿੱਚ ਛੁਪ ਕੇ ਬੈਠ ਗਏ। ਇਨ੍ਹਾਂ ਦੇ ਸੱਟਾਂ ਵੱਧ ਸਨ। ਦੂਜੇ ਗ਼ਦਰੀ ਅੱਗੇ ਵਧ ਗਏ। ਉਹ ਕਿਧਰ ਨੂੰ ਤੁਰੇ ਇਹ ਵੀ ਕੋਈ ਪਤਾ ਨਹੀਂ ਤੇ ਪਾਖਰ ਸਿੰਘ ਹੋਰੀਂ ਕਿਥੇ ਛੁਪੇ ਬੈਠੇ ਹਨ, ਇਹ ਵੀ ਪਤਾ ਨਹੀਂ। ਇਹ ਹੈ ਦੇਸ਼ ਭਗਤੀ ਦਾ ਅਸਲੀ ਰੰਗ। ਭੁੱਖੇ ਤਿਹਾਏ ਤੇ ਜ਼ਖ਼ਮੀ ਹੋਏ ਗ਼ਦਰੀ ਅਣਜਾਣੀ ਜਗ੍ਹਾ ਪੈਲੀਆਂ ਵਿੱਚ ਛੁਪੇ ਹੋਏ ਹਨ। ਦਿਨ ਚੜ੍ਹ ਗਿਆ। ਗ਼ਦਰੀਆਂ ਲਈ ਤਾਂ ਹਾਲੇ ਦਿਨ ਸੁੱਖ ਦੇ ਪਲ ਲੈ ਕੇ ਨਹੀਂ ਸੀ ਆਉਂਦਾ। ਉਨ੍ਹਾਂ ਲਈ ਤਾਂ ਦਿਨ ਹਾਲੇ ਰਾਤਾਂ ਤੋਂ ਵੀ ਭੈੜੇ ਸਨ। ਚੰਗੇ ਦਿਨਾਂ

ਲਈ ਹੀ ਉਹ ਲੜ ਰਹੇ ਸਨ।

ਜੇਲ੍ਹ ਵਾਲਿਆਂ ਨੂੰ ਤਾਂ ਰਾਤ ਦੀਆਂ ਭਾਜੜਾਂ ਪਈਆਂ ਸਨ। ਜੇਲ੍ਹ ਵਿੱਚੋਂ ਭੱਜੇ ਗ਼ਦਰੀਆਂ ਨੂੰ ਲੱਭਣ ਲਈ ਪੁਲੀਸ ਉਨ੍ਹਾਂ ਦੇ ਪਿੱਛੇ ਲੱਗ ਤੁਰੀ। ਪਿੰਡਾਂ ਦੇ ਲੋਕ ਵੀ ਪੁਲੀਸ ਦੇ ਨਾਲ ਹੋ ਤੁਰੇ। ਉਹ ਤਾਂ ਇਹੋ ਸਮਝਦੇ ਸਨ ਕਿ ਜੇਲ੍ਹ ਵਿੱਚੋਂ ਕੁੱਝ ਡਾਕੂ ਦੌੜ ਗਏ ਹਨ। ਪੁਲੀਸ ਉਨ੍ਹਾਂ ਨੂੰ ਲੱਭਦੀ ਫਿਰਦੀ ਹੈ। ਸਾਰੀ ਬਾਹਰ ਛੁਪ ਕੇ ਗ਼ਦਰੀਆਂ ਕੋਲੋਂ ਲੰਘੀ। ਲੋਕ ਰੌਲਾ ਪਾਉਂਦੇ ਜਾ ਰਹੇ ਸਨ। ਹਰਨਾਮ ਸਿੰਘ ਕਾਲਾ ਸੰਘਾ ਹੌਲੀ ਜਿਹੇ ਮੂੰਹ ਨੰਗਾ ਕਰਕੇ ਵੇਖਣ ਲੱਗ ਪਿਆ। ਉਸ ਨੂੰ ਵੇਖ ਕੇ ਇਕ ਕੁੱਤਾ ਭੌਂਕਣ ਲੱਗ ਪਿਆ। ਲੋਕਾਂ ਨੇ ਸਮਝਿਆ ਕਿ ਏਥੇ ਜ਼ਰੂਰ ਕੋਈ ਆਦਮੀ ਹੈ। ਆਦਮੀਆਂ ਨੇ ਬਾਜਰੇ ਨੂੰ ਫਰੋਲਿਆ ਤਾਂ ਸਾਰੇ ਗ਼ਦਰੀ ਉੱਥੋਂ ਫੜੇ ਗਏ। ਪੁਲੀਸ ਆ ਗਈ। ਉਨ੍ਹਾਂ ਨੇ ਜ਼ਖ਼ਮੀ ਹੋਏ ਗ਼ਦਰੀਆਂ ਨੂੰ ਡਾਂਗਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਸੁੰਦਰ ਸਿੰਘ ਨੇ ਇੱਕ ਸਿਪਾਹੀ ਤੋਂ ਡਾਂਗ ਖੋਹ ਕੇ ਚਲਾਉਣੀ ਸ਼ੁਰੂ ਕਰ ਦਿੱਤੀ। ਚਾਰ ਪੰਜਾਂ ਦੇ ਮੌਰ ਭੰਨ ਦਿੱਤੇ। ਫਿਰ ਪੁਲੀਸ ਉਨ੍ਹਾਂ ਉੱਤੇ ਟੁੱਟ ਕੇ ਪੈ ਗਈ ਤੇ ਪੰਜਾਂ ਗ਼ਦਰੀਆਂ ਨੂੰ ਕੁੱਟ ਕੁੱਟ ਕੇ ਅਧਮੋਏ ਕਰ ਦਿੱਤਾ। ਇਸ ਪਿੱਛੋਂ ਉਨ੍ਹਾਂ ਨੂੰ ਜੇਲ੍ਹ ਵਿੱਚ ਲਿਆ ਕੇ ਮੁੜ ਬੰਦ ਕਰ ਦਿੱਤਾ।

ਗ਼ਦਰੀਆਂ ਕੋਲ ਖਾਣ ਪੀਣ ਲਈ ਕੁੱਝ ਵੀ ਨਹੀਂ ਸੀ। ਉਨ੍ਹਾਂ ਦਾ ਅੰਗ-ਅੰਗ ਸੱਟਾਂ ਕਾਰਨ ਦਰਦ ਕਰ ਰਿਹਾ ਸੀ। ਜ਼ਖ਼ਮਾਂ ਕਾਰਨ ਕਿਸੇ ਨੂੰ ਵੀ ਹਸਪਤਾਲ ਤਾਂ ਕੀ ਲਿਜਾਣਾ ਸੀ ਸਗੋਂ ਡਾਕਟਰ ਨੂੰ ਉਨ੍ਹਾਂ ਦੀ ਮੱਲ੍ਹਮ ਪੱਟੀ ਕਰਨ ਤੋਂ ਵੀ ਰੋਕ ਦਿੱਤਾ ਸੀ। ਸਾਰੇ ਗ਼ਦਰੀ ਕੋਠੀਆਂ ਵਿੱਚ ਨਿਢਾਲ ਪਏ ਸਨ। ਠੰਢ ਕਾਰਨ ਉਨ੍ਹਾਂ ਦੇ ਸਰੀਰ ਹੋਰ ਵੀ ਆਕੜ ਗਏ ਸਨ। ਸੁਪਰਡੈਂਟ ਜਾਂ ਦਰੋਗਾ ਉਨ੍ਹਾਂ ਦੀ ਖ਼ਬਰ ਲੈਣ ਨਾ ਆਇਆ। ਜ਼ਖ਼ਮੀਆਂ ਨੂੰ ਦਵਾਈ ਬੂਟੀ ਤੇ ਦੁੱਧ ਆਦਿ ਦੀ ਲੋੜ ਸੀ ਪਰ ਉਨ੍ਹਾਂ ਕੋਲ ਤਾਂ ਪੀਣ ਨੂੰ ਪਾਣੀ ਵੀ ਨਹੀਂ ਸੀ ਜਿਨ੍ਹਾਂ ਦੇ ਅੰਗ ਪੈਰ ਟੁੱਟੇ ਸਨ ਉਹ ਕਿਥੇ ਜਾਣ। ਸਾਰਿਆਂ ਦੇ ਹੱਥ ਪੈਰ ਸੁੱਜ ਗਏ ਸਨ। ਉਪਰੋਂ ਠੰਢ ਦਾ ਜ਼ੋਰ ਸੀ ਪਰ ਧੰਨ ਸਨ ਇਹ ਗ਼ਦਰੀ ਦੇਸ਼ ਭਗਤ ਜਿਹੜੇ ਫਿਰ ਵੀ ਸੁਪਰਡੈਂਟ ਜਾਂ ਦਰੋਗੇ ਅੱਗੇ ਮਿੰਨਤ ਕਰਨ ਲਈ ਤਿਆਰ ਨਹੀਂ ਸਨ।

ਜ਼ਖ਼ਮੀ ਹੋਏ ਪੰਜ ਗ਼ਦਰੀ ਦਰਦ ਨਾਲ ਵਿੰਨ੍ਹੇ ਹੋਏ ਵੀ ਸੋਚ ਰਹੇ ਸਨ ਕਿ ਇਹ ਸੱਟਾਂ ਤਾਂ ਕੁੱਝ ਵੀ ਨਹੀਂ। ਹੋਰ ਪੰਜ ਸੱਤ ਦਿਨਾਂ ਤੱਕ ਅਰਾਮ ਆ ਜਾਵੇਗਾ। ਜਿੰਨਾ ਚਿਰ ਸਾਡੇ ਦੇਸ਼ ਵਿੱਚੋਂ ਅੰਗਰੇਜ਼ ਨਹੀਂ ਜਾਂਦੇ ਉਨ੍ਹਾਂ ਨੂੰ ਉਨਾ ਚਿਰ ਚੈਨ ਨਹੀਂ। ਦੇਸ਼ ਅਜ਼ਾਦ ਹੋਣਾ ਚਾਹੀਦਾ ਹੈ। ਸਾਨੂੰ ਜਿੰਨੀ ਵੱਡੀ ਕੁਰਬਾਨੀ ਕਰਨੀ ਪੈ ਜਾਵੇ ਤਾਂ ਵੀ ਕੋਈ ਗੱਲ ਨਹੀਂ। ਦੇਸ਼ ਅਸਾਡਾ ਤੇ ਰਾਜ ਕਰੇ ਕੋਈ ਹੋਰ। ਅੰਗਰੇਜ਼ ਸਾਡੇ ਕੀ ਲੱਗਦੇ ਹਨ। ਇਹ ਅੰਗਰੇਜ਼ੀ ਰਾਜ ਇਕ ਦਿਨ ਖਤਮ ਕਰਕੇ ਸਾਹ ਲਵਾਂਗੇ। ਇਹ ਰਾਜ ਖਤਮ ਕਰਨ ਲਈ ਹੀ ਵਿਦੇਸ਼ਾਂ ਤੋਂ ਪ੍ਰਣ ਕਰਕੇ ਤੁਰੇ ਸੀ। ਜਾਇਦਦਾਂ ਛੱਡ ਕੇ ਤੁਰੇ ਸੀ। ਸਿਰਾਂ ਉੱਤੇ ਕਫ਼ਨ ਬੰਨ੍ਹ ਕੇ ਤੁਰੇ ਸੀ। ਇਹ ਜ਼ਿੰਦਗੀ ਦੇਸ਼ ਦੀ ਅਮਾਨਤ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਉਹ ਆਪਣੀ ਨਹੀਂ ਸਗੋਂ ਇਸ ਗੱਲ ਦੀ ਚਿੰਤਾ ਕਰਦੇ ਸਨ ਕਿ ਜਿਹੜੇ ਸਾਥੀ ਸਾਡੇ ਨਾਲੋਂ ਵਿਛੜ ਕੇ ਅੱਗੇ ਚਲੇ ਗਏ ਸੀ ਉਨ੍ਹਾਂ ਦਾ ਖਵਰੇ ਕੀ ਹਾਲ ਹੋਵੇਗਾ। ਕਿਸੇ ਗ਼ਦਰੀ ਨੂੰ ਵੀ ਆਪਣੇ ਜ਼ਖ਼ਮਾਂ ਦੀ ਕੋਈ ਚਿੰਤਾ ਨਹੀਂ ਸੀ। ਉਹ ਪਹਿਲਾਂ ਵਾਂਗ ਹੀ ਚੜ੍ਹਦੀ ਕਲਾ ਵਿੱਚ ਸਨ।

ਜੇਲ੍ਹ ਵਿੱਚੋਂ ਭੱਜ ਕੇ

ਹਜ਼ਾਰੀ ਬਾਗ ਜੇਲ੍ਹ ਦੀਆਂ ਉੱਚੀਆਂ ਕੰਧਾਂ ਤੋਂ ਅੱਧੀ ਰਾਤ ਨੂੰ ਛਾਲਾਂ ਮਾਰ ਕੇ ਭੱਜੇ ਗਿਆਰਾਂ ਗਦਰੀ ਜੇਲ੍ਹ ਵਾਲਿਆਂ ਦੇ ਹੱਥ ਨਾ ਆਏ। ਸਿਆਲ ਦੀ ਠੰਢੀ ਤੇ ਘੁੱਪ ਹਨ੍ਹੇਰੀ ਰਾਤ ਵਿੱਚ ਬੇਖੌਫ਼ ਹੋ ਕੇ ਤੁਰੇ ਜਾ ਰਹੇ ਸਨ। ਰਸਤਾ ਸਿੱਧਾ ਪੱਧਰਾ ਨਹੀਂ ਸੀ। ਕੰਡਿਆਂ ਨਾਲ ਉਨ੍ਹਾਂ ਦੇ ਪੈਰ ਛਲਣੀ ਹੋ ਗਏ ਸਨ। ਸਿਰਫ਼ ਦੋ ਗ਼ਦਰੀਆਂ ਦੇ ਪੁਲਸ ਵਾਲੀਆਂ ਵਰਦੀਆਂ ਸਨ ਤੇ ਦੂਜੇ ਸਾਥੀ ਬਿਨਾਂ ਕੱਪੜਿਆਂ ਤੋਂ ਸਨ। ਉਨ੍ਹਾਂ ਦੇ ਸਿਰ ਵੀ ਨੰਗੇ ਸਨ। ਉਹ ਇੱਕ ਦੂਜੇ ਦੇ ਆਸਰੇ ਨਾਲ ਤੁਰੇ ਜਾ ਰਹੇ ਸਨ। ਨਰਕ ਦਾ ਘਰ ਜੇਲ੍ਹ ਪਿੱਛੇ ਰਹਿੰਦੀ ਜਾ ਰਹੀ ਸੀ। ਆਖਰ ਪਹਿ ਪਾਟੀ। ਹੌਲੀ-ਹੌਲੀ ਚਾਨਣ ਹੋਣ ਲੱਗਾ। ਸਾਰੇ ਗ਼ਦਰੀ ਇੱਕ ਥਾਂ ਬੈਠ ਗਏ। ਸਾਰਿਆਂ ਨੇ ਆਸੇ ਪਾਸੇ ਝਾਤ ਮਾਰੀ। ਸਾਰਿਆਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਅਸੀਂ ਕਿਥੇ ਤੁਰੇ ਫਿਰਦੇ ਹਾਂ। ਆਸੇ ਪਾਸੇ ਘਣਾ ਜੰਗਲ ਸੀ। ਜੰਗਲ ਦੇ ਪੰਛੀ ਸਵੇਰ ਹੋਣ ਕਰਕੇ ਆਪੋ ਆਪਣਾ ਰਾਗ ਅਲਾਪ ਰਹੇ ਸਨ। ਕੁਦਰਤ ਦੇ ਜਾਏ ਅਜ਼ਾਦ ਜੀਵ। ਗ਼ਦਰੀਆਂ ਨੇ ਇਥੇ ਬੈਠ ਕੇ ਸਲਾਹ ਕੀਤੀ ਕਿ ਸਾਡੇ ਕਿਸੇ ਕੋਲ ਵੀ ਕੱਪੜੇ ਨਹੀਂ। ਪੈਰੀਂ ਜੋੜੇ ਨਹੀਂ। ਸਿਰੋਂ ਵੀ ਨੰਗੇ। ਦੋ ਬੰਦਿਆਂ ਦੇ ਤਾਂ ਪੁਲਸ ਵਾਲੀਆਂ ਵਰਦੀਆਂ ਪਾਈਆਂ ਹਨ। ਸਾਨੂੰ ਇਸ ਇਲਾਕੇ ਦੇ ਲੋਕਾਂ ਨੇ ਜੇਕਰ ਵੇਖ ਲਿਆ ਤਾਂ ਸਾਡੇ ਲਈ ਮੁਸੀਬਤ ਪੈਦਾ ਹੋ ਜਾਵੇਗੀ। ਚੰਗਾ ਹੈ ਕਿ ਇਸ ਜੰਗਲ ਵਿੱਚ ਛੁਪ ਕੇ ਦਿਨ ਕੱਟ ਲਿਆ ਜਾਵੇ ਤੇ ਰਾਤ ਨੂੰ ਸਫ਼ਰ ਸ਼ੁਰੂ ਕੀਤਾ ਜਾਵੇ। ਇਸ ਤਰ੍ਹਾਂ ਕੁਝ ਅਰਾਮ ਵੀ ਹੋ ਜਾਵੇਗਾ।

ਵਿਚਾਰ ਕਰਕੇ ਗ਼ਦਰੀ ਇੱਕ ਪਹਾੜੀ ਲਾਗੇ ਦਰੱਖਤਾਂ ਦੀ ਸੰਘਣੀ ਝਿੜੀ ਵਿਚ ਛੁਪ ਕੇ ਬੈਠ ਗਏ। ਪਾਲਾ ਸਿੰਘ ਤੇ ਇੱਕ ਹੋਰ ਸਾਥੀ ਰੁੱਖਾਂ ਉੱਤੇ ਚੜ੍ਹ ਗਏ। ਉਨ੍ਹਾਂ ਨੇ ਪੈਰਾਂ ਨਾਲ ਰੁੱਖਾਂ ਦੇ ਟਾਹਣੇ ਭੰਨ ਲਏ ਤੇ ਹੌਲੀ-ਹੌਲੀ ਛਾਂਗ ਕੇ ਉਨ੍ਹਾਂ ਦੇ ਸੋਟੇ ਬਣਾ ਲਏ। ਇੱਕ-ਇੱਕ ਸੋਟਾ ਹਰ ਇੱਕ ਨੇ ਸਾਂਭ ਲਿਆ। ਫਿਰ ਪਾਲਾ ਸਿੰਘ ਕਹਿਣ ਲੱਗਾ ਕਿ ਤੁਸੀਂ ਸਾਰੇ ਜਣੇ ਝੱਟ ਸੌਂ ਕੇ ਅਰਾਮ ਕਰੋ ਤੇ ਮੈਂ ਪਹਿਰਾ ਦੇਵਾਂਗਾ। ਇਸ ਤਰ੍ਹਾਂ ਹੌਲੀ-ਹੌਲੀ ਸਾਰੇ ਕੁੱਝ ਅਰਾਮ ਕਰ ਲੈਣਗੇ। ਦੂਜੇ ਗ਼ਦਰੀ ਲੇਟ ਗਏ ਤੇ ਪਾਲਾ ਸਿੰਘ ਸੋਟਾ ਫੜ ਕੇ ਪਹਿਰੇ ਉੱਤੇ ਬੈਠ ਗਿਆ। ਕੁੱਝ ਚਿਰ ਬਾਅਦ ਉਹ ਚਾਰੇ ਪਾਸੇ ਨਿਗ੍ਹਾ ਮਾਰ ਲੈਂਦਾ। ਥਕੇਵੇਂ ਦੇ ਭੰਨੇ ਸਾਰੇ ਗ਼ਦਰੀ ਸੌਂ ਗਏ।

ਪਾਲਾ ਸਿੰਘ ਨੂੰ ਵੀ ਨੀਂਦ ਆ ਰਹੀ ਸੀ ਪਰ ਉਹ ਪੂਰਾ ਸਾਵਧਾਨ ਹੋ ਕੇ ਆਸੇ

ਪਾਸੇ ਨਿਗਾਹ ਰੱਖ ਰਿਹਾ ਸੀ। ਕੁੱਝ ਚਿਰ ਬਾਅਦ ਉਸ ਨੇ ਵੇਖਿਆ ਕਿ ਇੱਕ ਰਿੱਛ ਉਨ੍ਹਾਂ ਵੱਲ ਆ ਰਿਹਾ ਸੀ। ਪਾਲਾ ਸਿੰਘ ਰਿੱਛ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਹ ਸਿੱਧਾ ਉਨ੍ਹਾਂ ਵੱਲ ਵਧ ਰਿਹਾ ਸੀ। ਪਾਲਾ ਸਿੰਘ ਸੋਟਾ ਚੁੱਕ ਕੇ ਝੱਟ ਉੱਠ ਕੇ ਖਲੋ ਗਿਆ। ਅੱਜ ਤਾਂ ਰਿੱਛ ਨਾਲ ਲੜਾਈ ਕਰਨੀ ਪਏਗੀ। ਪਾਲਾ ਸਿੰਘ ਸੋਟਾ ਉੱਪਰ ਚੁੱਕ ਕੇ ਰਿੱਛ ਵੱਲ ਸਿੱਧਾ ਝਾਕਿਆ। ਰਿੱਛ ਉਸ ਨੂੰ ਵੇਖ ਕੇ ਥਾਏਂ ਰੁਕ ਗਿਆ। ਪਾਲਾ ਸਿੰਘ ਨੇ ਸੁੱਖ ਦਾ ਸਾਹ ਲਿਆ ਤੇ ਉਹ ਬੈਠ ਕੇ ਫਿਰ ਚਾਰ ਚੁਫੇਰੇ ਨਿਗਾਹ ਰੱਖਣ ਲੱਗਾ। ਦੂਜੇ ਸਾਥੀ ਘੂਕ ਸੁੱਤੇ ਪਏ ਸਨ। ਥੋੜ੍ਹੇ ਚਿਰ ਬਾਅਦ ਪਾਲਾ ਸਿੰਘ ਨੇ ਵੇਖਿਆ ਕਿ ਹੁਣ ਉਸੇ ਪਾਸਿਓਂ ਦੋ ਰਿੱਛ ਤੁਰੇ ਆ ਰਹੇ ਸਨ। ਪਾਲਾ ਸਿੰਘ ਹੈਰਾਨ ਹੋ ਗਿਆ ਤੇ ਉਸ ਨੇ ਝੱਟ ਸੱਜਣ ਸਿੰਘ ਨੂੰ ਜਗਾ ਲਿਆ। ਫਿਰ ਉਹ ਦੋਵੇਂ ਸੋਟੇ ਚੁੱਕ ਕੇ ਖਲੋ ਗਏ। ਦੋਵੇਂ ਰਿੱਛ ਅੱਗੇ ਦੋ ਸੋਟੇ ਵਾਲਿਆਂ ਨੂੰ ਵੇਖ ਕੇ ਰੁਕ ਗਏ ਤੇ ਕੁੱਝ ਚਿਰ ਪਿੱਛੋਂ ਉਹ ਚੁੱਪਚਾਪ ਵਾਪਸ ਮੁੜ ਗਏ। ਇਧਰ ਗ਼ਦਰੀ ਵੀ ਅਰਾਮ ਨਾਲ ਬੈਠ ਗਏ ਕਿ ਬਲਾਅ ਟਲ਼ ਗਈ। ਕੁੱਝ ਚਿਰ ਪਿੱਛੋਂ ਉਧਰੋਂ ਹੁਣ ਤਿੰਨ ਰਿੱਛ ਤੁਰੇ ਆ ਰਹੇ ਸਨ। ਰਿੱਛ ਵੀ ਮੋਟੇ ਡਾਹਢੇ। ਪਾਲਾ ਸਿੰਘ ਤਾਂ ਹੈਰਾਨ ਰਹਿ ਗਿਆ ਕਿ ਅੱਜ ਇਹ ਰਿੱਛ ਨਹੀਂ ਖਹਿੜਾ ਛੱਡਦੇ। ਪਾਲਾ ਸਿੰਘ ਨੇ ਵੀ ਇੱਕ ਹੋਰ ਸਾਥੀ ਕਾਹਲੀ ਨਾਲ ਜਗਾ ਲਿਆ। ਤਿੰਨ ਗ਼ਦਰੀ ਫਿਰ ਸੋਟੇ ਚੁੱਕ ਕੇ ਖਲੋ ਗਏ। ਤਿੰਨਾਂ ਨੂੰ ਵੇਖ ਕੇ ਰਿੱਛ ਫਿਰ ਰੁਕ ਗਏ। ਉਹ ਘੂਰ-ਘੂਰ ਕੇ ਗ਼ਦਰੀਆਂ ਨੂੰ ਵੇਖਣ ਲੱਗੇ। ਗ਼ਦਰੀ ਸੋਟੇ ਲਹਿਰਾ ਰਹੇ ਸਨ। ਰਿੱਛ ਚੁੱਪ ਕਰਕੇ ਵਾਪਸ ਹੋ ਗਏ। ਚੰਗਾ ਹੋਇਆ ਇਹ ਹੁਣ ਨਹੀਂ ਆਉਂਦੇ ਪਾਲਾ ਸਿੰਘ ਨੇ ਕਿਹਾ। ਕੁੱਝ ਚਿਰ ਬਾਅਦ ਹੁਣ ਉਧਰੋਂ ਚਾਰ ਰਿੱਛ ਤੁਰੇ ਆ ਰਹੇ ਸਨ। ਪਾਲਾ ਸਿੰਘ ਨੇ ਸੋਚਿਆ ਕਿ ਅੱਜ ਨਹੀਂ ਇਹ ਖਹਿੜਾ ਛੱਡਦੇ। ਇਨ੍ਹਾਂ ਨਾਲ ਦੋ ਹੱਥ ਕਰ ਲਈਏ। ਸੱਜਣ ਸਿੰਘ ਨੇ ਕਿਹਾ। ਉਧਰ ਰਿੱਛ ਵੀ ਤੇਜ਼ੀ ਨਾਲ ਆ ਰਹੇ ਸਨ। ਪਾਲਾ ਸਿੰਘ ਨੇ ਸੋਚ ਕੇ ਸਾਰੇ ਗ਼ਦਰੀਆਂ ਨੂੰ ਜਗਾ ਲਿਆ। ਸਾਰੇ ਹੀ ਸੋਟੇ ਲੈ ਕੇ ਖਲੋ ਗਏ। ਸਾਰਿਆਂ ਦੇ ਹੱਥੀਂ ਸੋਟੇ ਵੇਖ ਕੇ ਰਿੱਛ ਝੱਟ ਪਿੱਛੇ ਨੂੰ ਭੱਜ ਤੁਰੇ। ਪਾਲਾ ਸਿੰਘ ਨੇ ਸ਼ੁਕਰ ਕੀਤਾ ਕਿ ਸਾਰੇ ਰਿੱਛ ਭੱਜ ਗਏ ਹਨ। ਹੁਣ ਇਹ ਸ਼ਾਇਦ ਹੀ ਆਉਣ ਤੇ ਫਿਰ ਕਿੰਨਾ ਈ ਚਿਰ ਕੋਈ ਰਿੱਛ ਨਾ ਆਇਆ।

ਰਿੱਛਾਂ ਵਾਲੀ ਗੱਲ ਕਰਕੇ ਸਾਰ੍ਹੇ ਜਣੇ ਹੱਸਦੇ ਰਹੇ। ਭੁੱਖ ਤੇ ਤ੍ਰੇਹ ਨਾਲ ਸਭ ਦਾ ਬੁਰਾ ਹਾਲ ਸੀ। ਫਿਰ ਸਾਰੇ ਜਣੇ ਸਲਾਹ ਕਰਕੇ ਇੱਕ ਪਾਸੇ ਨੂੰ ਤੁਰ ਪਏ ਕਿ ਸ਼ਾਇਦ ਕਿਤੋਂ ਪਾਣੀ ਹੀ ਲੱਭ ਜਾਵੇ। ਉਹ ਸੋਟੇ ਚੁੱਕੀ ਤੁਰੇ ਜਾ ਰਹੇ ਸਨ। ਅੱਗੇ ਇਕ ਬੇਰੀ ਆ ਗਈ। ਉਸ ਨੂੰ ਨਿੱਕੇ-ਨਿੱਕੇ ਬੇਰ ਲੱਗੇ ਹੋਏ ਸਨ ਪਰ ਬੇਰ ਕੱਚੇ ਸਨ। ਪਾਲਾ ਸਿੰਘ ਹੋਰਾਂ ਨੇ ਸੋਟਿਆਂ ਨਾਲ ਬੇਰੀ ਤੋਂ ਬੇਰ ਝਾੜ ਲਏ। ਕੱਚੇ ਪੱਕੇ ਬੇਰ ਖਾ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਸਾਡੇ ਵਾਸਤੇ ਇਹੀ ਬਹੁਤ ਕੀਮਤੀ ਹਨ। ਫਿਰ ਕੁੱਝ ਬੇਰ ਇਕੱਠੇ ਕਰਕੇ ਝਿੜੀ ਵਿੱਚ ਆ ਬੈਠੇ। ਇਸ ਤਰ੍ਹਾਂ ਦਿਨ ਵੇਲੇ ਇਹ ਸਾਰੇ ਗ਼ਦਰੀ ਛੁਪ ਕੇ ਬੈਠ ਜਾਂਦੇ। ਕੁੱਝ ਪਹਿਰਾ ਦਿੰਦੇ ਤੇ ਬਾਕੀ ਸੌਂ ਜਾਂਦੇ। ਇਸ ਤਰ੍ਹਾਂ ਬਹੁਤ ਦਿਨ ਗੁਜਰ ਗਏ। ਦਿਨ ਵੇਲੇ ਉਹ ਕਿਸੇ ਤਰ੍ਹਾਂ ਛੁਪ ਕੇ ਬੈਠੇ ਰਹਿੰਦੇ ਤੇ ਰਾਤ ਵੇਲੇ ਉਹ ਆਪਣਾ ਸਫ਼ਰ ਸ਼ੁਰੂ

ਕਰਦੇ। ਉਨ੍ਹਾਂ ਨੂੰ ਇਹ ਤਾਂ ਨਹੀਂ ਸੀ ਪਤਾ ਕਿ ਅਸੀਂ ਕਿਧਰ ਨੂੰ ਜਾ ਰਹੇ ਹਾਂ। ਉਹ ਸਿਰਫ਼ ਇਹ ਗੱਲ ਸਮਝ ਰਹੇ ਸਨ ਕਿ ਬੰਦੇ ਖਾਣੀ ਹਜ਼ਾਰੀ ਬਾਗ ਜੇਲ੍ਹ ਤੋਂ ਉਹ ਦੂਰ ਜਾ ਰਹੇ ਹਨ। ਕਦੇ ਕਿਸੇ ਟੋਏ ਵਿੱਚੋਂ ਉਨ੍ਹਾਂ ਨੂੰ ਪਾਣੀ ਦਿਸਦਾ ਤਾਂ ਉਹ ਉਥੋਂ ਰੱਜ ਕੇ ਪਾਣੀ ਪੀ ਲੈਂਦੇ। ਖਾਣ ਪੀਣ ਨੂੰ ਜੰਗਲ ਵਿੱਚੋਂ ਉਨ੍ਹਾਂ ਨੂੰ ਕੀ ਲੱਭਣਾ ਸੀ। ਬੱਸ ਜੰਗਲੀ ਰੁੱਖਾਂ ਦੇ ਕੱਚੇ ਪੱਕੇ ਫਲ ਖਾ ਕੇ ਹੀ ਉਹ ਗੁਜ਼ਾਰਾ ਕਰ ਲੈਂਦੇ।

ਮੁਸੀਬਤ ਵਧਦੀ ਗਈ

ਦਿਨ ਵੇਲੇ ਜੰਗਲ ਵਿੱਚ ਛੁਪ ਕੇ ਬੈਠੇ ਰਹਿਣਾ ਤੇ ਰਾਤ ਨੂੰ ਹੌਲੀ-ਹੌਲੀ ਸਫ਼ਰ ਕਰਨਾ। ਇਸ ਤਰ੍ਹਾਂ ਕਈ ਦਿਨ ਲੰਘ ਗਏ। ਇਸ ਤਰ੍ਹਾਂ ਉਹ ਇੱਕ ਪਿੰਡ ਦੇ ਨੇੜੇ ਪਹੁੰਚ ਗਏ। ਰਾਤ ਪਿੰਡ ਦੇ ਬਾਹਰ ਛੁਪ ਕੇ ਲੰਘਾ ਲਈ। ਦਿਨ ਚੜ੍ਹੇ ਉਨ੍ਹਾਂ ਸਲਾਹ ਕੀਤੀ ਕਿ ਪਿੰਡ ਵਿੱਚੋਂ ਕੁੱਝ ਖਾਣ ਪੀਣ ਲਈ ਲਿਆਂਦਾ ਜਾਵੇ। ਬਹੁਤ ਦਿਨਾਂ ਤੋਂ ਅੰਨ ਪਾਣੀ ਨੂੰ ਮੂੰਹ ਨਹੀਂ ਸੀ ਲਾਇਆ। ਭੁੱਖੇ ਢਿੱਡ ਹੁਣ ਤੁਰਨਾ ਵੀ ਔਖਾ ਸੀ। ਉਹ ਹੌਲੀ-ਹੌਲੀ ਪਿੰਡ ਵੱਲ ਚੱਲ ਪਏ। ਦੋ ਬੰਦਿਆਂ ਦੇ ਤਾਂ ਪੁਲੀਸ ਵਾਲੀ ਵਰਦੀ ਪਾਈ ਹੋਈ ਸੀ ਤੇ ਦੂਜੇ ਉਸੇ ਤਰ੍ਹਾਂ ਸਿਰੋਂ ਨੰਗੇ ਸਨ। ਸਾਰੇ ਪੈਰਾਂ ਤੋਂ ਵੀ ਨੰਗੇ। ਵੱਡੀ ਗੱਲ ਇਹ ਸੀ ਕਿ ਉਨ੍ਹਾਂ ਨੇ ਨਰੋਏ ਸੋਟੇ ਚੁੱਕੇ ਹੋਏ ਸਨ। ਪਿੰਡ ਦੇ ਲੋਕ ਉਨ੍ਹਾਂ ਨੂੰ ਵੇਖ ਕੇ ਹੈਰਾਨ ਰਹਿ ਗਏ। ਗ਼ਦਰੀ ਚੁੱਪ ਚਾਪ ਪਿੰਡ ਵਿੱਚ ਜਾ ਰਹੇ ਸਨ ਕਿ ਕੋਈ ਦੁਕਾਨ ਜਾਂ ਕੋਈ ਡੇਰਾ ਹੀ ਦਿਸ ਜਾਵੇ ਜਿਥੋਂ ਕੁਝ ਖਾਣ ਨੂੰ ਮਿਲ ਜਾਵੇ। ਇਧਰ ਥੋੜ੍ਹੇ ਚਿਰ ਵਿੱਚ ਹੀ ਪਿੰਡ ਦੇ ਲੋਕ ਇਕੱਠੇ ਹੋ ਗਏ।

"ਡਾਕੂ ਰੇ! ਡਾਕੂ ਰੇ!" ਪਿੰਡ ਦੇ ਲੋਕ ਰੌਲਾ ਪਾਉਣ ਲੱਗੇ। ਕਈ ਤਾਂ ਡਾਂਗਾਂ ਚੁੱਕ ਕੇ ਆ ਗਏ। ਗ਼ਦਰੀਆਂ ਨੇ ਬਥੇਰਾ ਕਿਹਾ ਕਿ ਉਹ ਡਾਕੂ ਨਹੀਂ ਹਨ। ਉਹ ਤਾਂ ਭੁੱਖੇ ਪਿਆਸੇ ਹਨ ਉਹ ਤਾਂ ਸਿਰਫ ਰੋਟੀ ਪਾਣੀ ਛਕਣ ਲਈ ਆਏ ਹਨ। ਬਿਹਾਰੀ ਲੋਕਾਂ ਨੂੰ ਗ਼ਦਰੀਆਂ ਦੀ ਬੋਲੀ ਦੀ ਕੋਈ ਸਮਝ ਨਹੀਂ ਸੀ ਪੈ ਰਹੀ। ਉਹ ਤਾਂ ਗ਼ਦਰੀਆਂ ਨੂੰ ਮਾਰਨ ਲਈ ਡਾਂਗਾਂ ਚੁੱਕ ਕੇ ਘੇਰਾ ਪਾਉਣ ਲੱਗ ਪਏ। ਗ਼ਦਰੀਆਂ ਨੇ ਵੀ ਪਿੰਡ ਵਾਲਿਆਂ ਨੂੰ ਤਾੜ ਲਿਆ। ਉਹ ਮੌਕਾ ਵੇਖ ਕੇ ਪਿੱਛੇ ਹਟਣ ਲੱਗੇ ਤੇ ਪਿੰਡ ਦੇ ਬਾਹਰਵਾਰ ਆ ਗਏ। ਬਿਹਾਰੀ ਲੋਕ ਸਗੋਂ ਇਹ ਹੀ ਸੋਚ ਰਹੇ ਸਨ ਕਿ ਇਹ ਸੱਚਮੁੱਚ ਡਾਕੂ ਹਨ ਤੇ ਪਿੰਡ ਨੂੰ ਲੁੱਟਣ ਆਏ ਹਨ। ਉਨ੍ਹਾਂ ਅੱਗੇ ਵਧ ਕੇ ਗ਼ਦਰੀਆਂ ਨੂੰ ਕੁੱਟਣ ਦੀ ਨੀਅਤ ਨਾਲ ਡਾਂਗਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗ਼ਦਰੀ ਘਬਰਾ ਕੇ ਪਿੱਛੇ ਹਟਦੇ ਗਏ। ਇਧਰ ਗ਼ਦਰੀਆਂ ਨੇ ਤਾੜ ਲਿਆ ਕਿ ਇਹ ਲੋਕ ਡਾਂਗ ਸਿੱਧੀ ਚਲਾਉਂਦੇ ਸਨ ਜਾਂ ਦੂਰੋਂ ਚਲਾਵੀਂ ਮਾਰਦੇ।

ਕੋਈ ਵਾਹ ਨਾ ਜਾਂਦੀ ਵੇਖ ਕੇ ਗ਼ਦਰੀ ਵੀ ਗੁੱਸੇ ਵਿੱਚ ਆ ਗਏ। ਉਨ੍ਹਾਂ ਵੀ ਸੋਟੇ ਚਲਾਉਣੇ ਸ਼ੁਰੂ ਕਰ ਦਿੱਤੇ। ਸਾਰੇ ਜਣੇ ਇਕਦਮ ਉਨ੍ਹਾਂ ਉੱਤੇ ਟੁੱਟ ਕੇ ਪੈ ਗਏ। ਕਿਸੇ ਦੇ ਮੂੰਹ ਉੱਤੇ ਸੋਟਾ ਵੱਜਦਾ। ਕਿਸੇ ਦੇ ਮੋਢੇ ਉੱਤੇ। ਕਈਆਂ ਦੇ ਸਿਰ ਪਾਟ ਗਏ। ਗੱਤਕੇ ਦੇ ਖਿਡਾਰੀਆਂ ਵਾਂਗ ਸਾਰੇ ਗ਼ਦਰੀ ਬੁਰੀ ਤਰ੍ਹਾਂ ਸੋਟੇ ਚਲਾ ਰਹੇ ਸਨ। ਕੁੱਝ ਚਿਰ ਬਾਅਦ

ਪਿੰਡ ਵਾਲੇ ਭੱਜਣ ਲੱਗ ਪਏ ਤੇ ਹੌਲੀ-ਹੌਲੀ ਸਭ ਭੱਜ ਗਏ। ਮੈਦਾਨ ਖਾਲੀ ਵੇਖ ਕੇ ਗ਼ਦਰੀ ਵੀ ਪਿਛਾਂਹ ਮੁੜ ਗਏ। ਇਸ ਮੁੱਠਭੇੜ ਵਿੱਚ ਸਾਰੇ ਗ਼ਦਰੀ ਇਕੱਠੇ ਨਾ ਰਹੇ। ਸਾਰੇ ਜਣੇ ਚਾਰ ਟੋਲੀਆਂ ਵਿੱਚ ਵੰਡੇ ਗਏ ਤੇ ਇਹ ਅੱਡੋ ਅੱਡ ਹੋ ਕੇ ਜੰਗਲ ਵਿੱਚ ਚਲੇ ਗਏ। ਚਾਰੇ ਟੋਲੀਆਂ ਵਾਲੇ ਇਕੱਠੇ ਨਾ ਹੋ ਸਕੇ। ਪਾਲਾ ਸਿੰਘ, ਗੁੱਜਰ ਸਿੰਘ ਭਕਨਾ ਤੇ ਸੱਜਣ ਸਿੰਘ ਨਾਰੰਗਵਾਲ ਜੰਗਲ ਵਿੱਚ ਭੁੱਖੇ ਤਿਹਾਏ ਇਕੱਲੇ ਬੈਠੇ ਸਨ। ਦੂਜੇ ਸਾਥੀਆਂ ਦਾ ਕੋਈ ਪਤਾ ਨਹੀਂ ਸੀ। ਖਾਣ ਪੀਣ ਲਈ ਵੀ ਉਨ੍ਹਾਂ ਕੋਲ ਕੁੱਝ ਨਹੀਂ ਸੀ।

ਗ਼ਦਰੀ ਮੁੜ ਗ੍ਰਿਫ਼ਤਾਰ

ਡੇਢ ਕੁ ਮਹੀਨੇ ਬਾਅਦ ਪੁਲੀਸ ਨੇ ਅੱਠ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਲੋਕਾਂ ਦੀ ਮੱਦਦ ਨਾਲ ਉਨ੍ਹਾਂ ਨੂੰ ਬੇਤਹਾਸ਼ਾ ਕੁੱਟਮਾਰ ਪਿੱਛੋਂ ਮੁੜ ਹਜ਼ਾਰੀ ਬਾਗ਼ ਜੇਲ੍ਹ ਵਿੱਚ ਬੰਦ ਕਰ ਦਿੱਤਾ। ਹੁਣ ਤਾਂ ਉਨ੍ਹਾਂ ਉੱਤੇ ਪਹਿਲਾਂ ਨਾਲੋਂ ਵੀ ਵੱਧ ਤਸ਼ੱਦਦ ਹੁੰਦਾ। ਪਾਲਾ ਸਿੰਘ ਤੇ ਦੂਜੇ ਸਾਥੀਆਂ ਨੂੰ ਖੜ੍ਹੀ ਡੰਡਾ ਬੇੜੀ ਤੇ ਟਾਟ ਵਰਦੀ ਦੀ ਸਜ਼ਾ ਲਾਈ ਗਈ। ਇਹੀ ਸਜ਼ਾ ਭਾਈ ਰਨਧੀਰ ਸਿੰਘ ਨੂੰ ਲਾ ਦਿੱਤੀ। ਭਾਈ ਰਨਧੀਰ ਸਿੰਘ ਤਾਂ ਜੇਲ੍ਹ ਵਿੱਚੋਂ ਦੌੜੇ ਨਹੀਂ ਸਨ ਪਰ ਜੇਲ੍ਹ ਸੁਪਰਡੈਂਟ ਇਹੋ ਸਮਝਦਾ ਸੀ ਕਿ ਸਾਰੇ ਪੁਆੜੇ ਦੀ ਜੜ੍ਹ ਭਾਈ ਰਨਧੀਰ ਸਿੰਘ ਹੈ। ਇਸ ਦੇ ਇਸ਼ਾਰੇ ਉੱਤੇ ਹੀ ਸਾਰੇ ਗ਼ਦਰੀ ਜ਼ੇਲ੍ਹ ਦੀਆਂ ਦੀਵਾਰਾਂ ਟੱਪ ਕੇ ਦੌੜ ਗਏ ਸਨ। ਮੁੜ ਗ੍ਰਿਫ਼ਤਾਰ ਕੀਤੇ ਗ਼ਦਰੀਆਂ ਦੇ ਭਾਰੀ ਕੁੱਟਮਾਰ ਦੇ ਕਾਰਨ ਗਿੱਟੇ ਗੋਡੇ ਟੁੱਟ ਗਏ ਸਨ। ਲੱਤਾਂ ਬਾਂਹਾਂ ਟੁੱਟ ਗਈਆਂ ਸਨ। ਸਰੀਰਾਂ ਉੱਤੇ ਥਾਂ-ਥਾਂ ਡਾਂਗਾਂ ਵੱਜਣ ਕਾਰਨ ਜ਼ਖ਼ਮ ਹੋ ਗਏ ਸਨ। ਉਨ੍ਹਾਂ ਦਾ ਅੰਗ-ਅੰਗ ਦਰਦ ਕਰ ਰਿਹਾ ਸੀ। ਪਰ ਜੇਲ੍ਹ ਅਧਿਕਾਰੀਆਂ ਵੱਲੋਂ ਗ਼ਦਰੀਆਂ ਵਾਸਤੇ ਦਵਾਈ ਬੂਟੀ ਦਾ ਕੋਈ ਪ੍ਰਬੰਧ ਨਹੀਂ ਸੀ। ਜੇਲ੍ਹ ਡਾਕਟਰ ਨੂੰ ਕਿਹਾ ਗਿਆ ਕਿ ਇਨ੍ਹਾਂ ਦੇ ਜ਼ਖ਼ਮਾਂ ਉੱਤੇ ਕੋਈ ਮੱਲ੍ਹਮ ਪੱਟੀ ਨਾ ਕੀਤੀ ਜਾਵੇ। ਮੱਲ੍ਹਮ ਪੱਟੀ ਤਾਂ ਇੱਕ ਪਾਸੇ ਉਨ੍ਹਾਂ ਨੂੰ ਪੀਣ ਲਈ ਪਾਣੀ ਵੀ ਮਸਾਂ ਦਿੱਤਾ ਜਾਂਦਾ। ਸਾਰੇ ਗ਼ਦਰੀ ਭੁੱਖੇ ਪਿਆਸੇ ਸੱਟਾਂ ਦੇ ਦਰਦ ਕਾਰਨ ਹਾਲੋਂ ਬੇਹਾਲ ਸਨ। ਉਲਟਾ ਸਾਰਿਆਂ ਨੂੰ ਸਖ਼ਤ ਸਜ਼ਾ ਦੇ ਦਿੱਤੀ। ਸਾਰੇ ਇੱਕ ਗੱਲ ਉੱਤੇ ਵੱਧ ਖ਼ਫ਼ਾ ਸਨ ਕਿ ਭਾਈ ਰਨਧੀਰ ਸਿੰਘ ਹੋਰੀਂ ਤਾਂ ਜੇਲ੍ਹ ਵਿੱਚੋਂ ਦੌੜੇ ਨਹੀਂ ਸਨ। ਉਨ੍ਹਾਂ ਨੂੰ ਵੀ ਸਖ਼ਤ ਸਜ਼ਾ ਦੇ ਦਿੱਤੀ ਹੈ। ਇਸ ਤੋਂ ਵੀ ਅੱਗੇ ਭਾਈ ਰਨਧੀਰ ਸਿੰਘ ਦਾ ਦੁੱਧ ਬੰਦ ਕਰ ਦਿੱਤਾ ਤੇ ਉਨ੍ਹਾਂ ਨੂੰ ਜੇਲ੍ਹ ਦੇ ਆਮ ਕੈਦੀਆਂ ਵਾਲਾ ਖਾਣਾ ਹੀ ਖਾਣ ਲਈ ਕਿਹਾ ਗਿਆ। ਭਾਈ ਸਾਹਿਬ ਜੇਲ੍ਹ ਦਾ ਬਣਿਆ ਖਾਣਾ ਤਾਂ ਖਾਂਦੇ ਨਹੀਂ ਸਨ। ਇਸ ਕਰਕੇ ਉਨ੍ਹਾਂ ਨੇ ਜੇਲ੍ਹ ਦਾ ਖਾਣਾ ਬੰਦ ਕਰ ਦਿੱਤਾ। ਉਧਰ ਦੂਜੇ ਗ਼ਦਰੀਆਂ ਨੇ ਵੀ ਭਾਈ ਰਨਧੀਰ ਸਿੰਘ ਵੱਲ ਵੇਖ ਕੇ ਖਾਣਾ ਖਾਣਾ ਛੱਡ ਦਿੱਤਾ।

ਏਥੇ ਗ਼ਦਰੀਆਂ ਦੀ ਸੋਚ, ਉਨ੍ਹਾਂ ਦੀ ਦ੍ਰਿੜ੍ਹਤਾ, ਦੇਸ਼ ਦੀ ਅਜ਼ਾਦੀ ਪ੍ਰਤੀ ਬਚਨਬੱਧਤਾ ਤੇ ਕੁਰਬਾਨੀ ਵਾਲੇ ਜਜ਼ਬੇ ਦੀ ਕਦਰ ਕਰਨੀ ਬਣਦੀ ਹੈ। ਆਪਣਾ ਸਭ ਕੁੱਝ ਤਿਆਗ ਕੇ ਦੇਸ਼ ਲਈ ਮਰ ਮਿੱਟਣ ਦੀ ਪ੍ਰਬਲ ਭਾਵਨਾ ਨੂੰ ਦੇਸ਼ ਪ੍ਰੇਮ ਵਾਲੇ ਦ੍ਰਿਸ਼ਟੀਕੋਣ ਤੋਂ ਸੰਜੀਦਗੀ ਨਾਲ ਵਾਚਣ ਦੀ ਲੋੜ ਹੈ। ਆਪਣੇ ਨਿਸ਼ਾਨੇ ਤੋਂ ਉਹ

ਖੁੰਝਦੇ ਨਹੀਂ। ਆਪਣੇ ਰਸਤੇ ਵਿੱਚ ਆਉਂਦੀਆਂ ਮੁਸ਼ਕਲਾਂ ਨੂੰ ਵੇਖ ਕੇ ਰੱਤੀ ਭਰ ਵੀ ਡੋਲਦੇ ਨਹੀਂ। ਹਰ ਵੇਲੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ। ਇੱਕੋ ਇੱਕ ਦਿਲ ਦੀ ਵੱਡੀ ਇੱਛਾ ਕਿ ਮੇਰਾ ਦੇਸ਼ ਭਾਰਤ ਅਜ਼ਾਦ ਹੋਵੇ। ਕੰਧਾਂ ਟੱਪਣ ਵੇਲੇ ਸੱਟਾਂ ਵੱਜੀਆਂ। ਜੰਗਲਾਂ ਵਿਚ ਭੁੱਖੇ ਤਿਹਾਏ ਫਿਰਦੇ ਰਹੇ। ਪੁਲੀਸ ਨੇ ਜਦੋਂ ਗ਼ਦਰੀਆਂ ਨੂੰ ਮੁੜ ਗ੍ਰਿਫ਼ਤਾਰ ਕੀਤਾ ਤਾਂ ਡਾਂਗਾਂ ਨਾਲ ਕੁੱਟ-ਕੁੱਟ ਕੇ ਉਨ੍ਹਾਂ ਨੂੰ ਅਧਮੋਏ ਕਰ ਦਿੱਤਾ। ਕੋਈ ਇਲਾਜ ਨਹੀਂ ਉਲਟਾ ਭਾਰੀ ਤਸ਼ੱਦਦ ਫਿਰ ਸ਼ੁਰੂ। ਇਧਰ ਗ਼ਦਰੀਆਂ ਦੀ ਭੁੱਖ ਹੜਤਾਲ ਤੇ ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ।

ਸੁਪਰਡੈਂਟ ਗ਼ਦਰੀਆਂ ਵੱਲ ਵੇਖ ਕੇ ਹੈਰਾਨ ਹੁੰਦਾ ਸੀ ਕਿ ਇਹ ਬੰਦੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਨ। ਇਨ੍ਹਾਂ ਉੱਤੇ ਕਿਸੇ ਚੀਜ਼ ਦਾ ਜ਼ਰਾ ਵੀ ਅਸਰ ਨਹੀਂ ਹੁੰਦਾ। ਅੱਕ ਕੇ ਉਹ ਭਾਈ ਰਨਧੀਰ ਸਿੰਘ ਕੋਲ ਆਇਆ। ਉਨ੍ਹਾਂ ਦੀ ਡੰਡਾ ਬੇੜੀ ਲੁਹਾ ਦਿੱਤੀ ਤੇ ਉਨ੍ਹਾਂ ਵਾਸਤੇ ਦੁੱਧ ਵੀ ਲਵਾ ਦਿੱਤਾ ਪਰ ਭਾਈ ਰਨਧੀਰ ਸਿੰਘ ਜੀ ਕਹਿਣ ਲੱਗੇ ਕਿ ਸਭ ਦੀ ਸਜ਼ਾ ਮਾਫ਼ ਕਰੋ। ਜਦੋਂ ਸਾਰੇ ਭੁੱਖ ਹੜਤਾਲ ਛੱਡ ਕੇ ਭੋਜਨ ਛਕਣਗੇ ਉਹ ਤਾਂ ਹੀ ਦੁੱਧ ਆਦਿ ਛਕਣਗੇ। ਸੁਪਰਡੈਂਟ ਨੇ ਸਭ ਦੀ ਸਜ਼ਾ ਮਾਫ ਕਰ ਦਿੱਤੀ ਤੇ ਸਭ ਨੂੰ ਖਾਣਾ ਖਾਣ ਲਈ ਕਿਹਾ। ਉਧਰ ਭਾਈ ਰਨਧੀਰ ਸਿੰਘ ਦੀ ਗੱਲ ਸੀ ਕਿ ਪਹਿਲਾਂ ਦੂਜੇ ਸਾਥੀ ਭੋਜਨ ਛਕਣਗੇ ਤੇ ਉਹ ਫੇਰ ਹੀ ਅੰਨ ਪਾਣੀ ਨੂੰ ਮੂੰਹ ਲਾਉਣਗੇ। ਸੁਪਰਡੈਂਟ ਨੂੰ ਹਾਰ ਕੇ ਪਾਲਾ ਸਿੰਘ ਤੇ ਉਨ੍ਹਾਂ ਦੇ ਦੂਜੇ ਸਾਥੀਆਂ ਨੂੰ ਕਹਿਣਾ ਪਿਆ ਕਿ ਉਹ ਖਾਣਾ ਖਾਣ। ਸੁਪਰਡੈਂਟ ਅਸਲੋਂ ਹੀ ਲਿਫ ਗਿਆ ਪਰ ਭਾਈ ਰਨਧੀਰ ਸਿੰਘ ਹੋਰਾਂ ਦਾ ਕਹਿਣਾ ਸੀ ਕਿ ਸੁਪਰਡੈਂਟ ਦਾ ਇਹ ਫੈਸਲਾ ਵਕਤੀ ਹੈ। ਇਸ ਤਰ੍ਹਾਂ ਦਾ ਵਰਤਾਓ ਬਹੁਤੇ ਦਿਨ ਨਹੀਂ ਚੱਲ ਸਕਦਾ।

ਮਾਰਚ 1920 ਵਿੱਚ ਭਾਰਤ ਸਰਕਾਰ ਵੱਲੋਂ ਇੱਕ ਵਿਸ਼ੇਸ਼ ਐਲਾਨ ਹੋਇਆ ਕਿ ਦੇਸ਼ ਭਰ ਵਿੱਚ ਕੁੱਝ ਕੈਦੀਆਂ ਨੂੰ ਰਿਹਾਅ ਕੀਤਾ ਜਾਵੇਗਾ। ਇਸੇ ਹੁਕਮ ਅਧੀਨ ਹਜ਼ਾਰੀ ਬਾਗ ਦੇ ਸਤਾਰਾਂ ਗ਼ਦਰੀ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਹੋ ਗਿਆ। ਜੇਲ੍ਹ ਵਿੱਚ ਹੁਣ 23 ਗ਼ਦਰੀ ਰਹਿ ਗਏ। ਖਾਸ ਗੱਲ ਇਹ ਸੀ ਕਿ ਜੇਲ੍ਹ ਵਿੱਚੋਂ ਦੌੜਨ ਵਾਲਿਆਂ ਨੂੰ ਰਿਹਾਅ ਨਾ ਕੀਤਾ ਗਿਆ। ਹੁਣ ਇਨ੍ਹਾਂ ਕੈਦੀਆਂ ਉੱਤੇ ਪਹਿਲਾਂ ਨਾਲੋਂ ਵੀ ਵੱਧ ਜ਼ੁਲਮ ਹੋਣ ਲੱਗ ਪਿਆ। ਭਾਈ ਰਨਧੀਰ ਸਿੰਘ ਦੀ ਗੱਲ ਸੱਚ ਸਾਬਤ ਹੋਈ। ਨਿੱਕੀ-ਨਿੱਕੀ ਗੱਲ ਉੱਤੇ ਜੇਲ੍ਹ ਸੁਪਰਡੈਂਟ ਜੇਲ੍ਹ ਦੇ ਲੰਬੜਦਾਰਾਂ ਨੂੰ ਲਿਆ ਕੇ ਗ਼ਦਰੀਆਂ ਦੀ ਕੁੱਟਮਾਰ ਕਰਨ ਦਾ ਯਤਨ ਕਰਦਾ। ਗ਼ਦਰੀ ਕਿਹੜਾ ਘੱਟ ਸਨ ਉਹ ਲੰਬੜਦਾਰਾਂ ਨੂੰ ਟੁੱਟ ਕੇ ਪੈ ਜਾਂਦੇ। ਲੰਬੜਦਾਰ ਆਪਣੀ ਜਾਨ ਬਚਾ ਕੇ ਭੱਜਦੇ। ਸੁਪਰਡੈਂਟ ਦਾ ਇਹ ਵਾਰ ਫੇਲ੍ਹ ਹੋ ਗਿਆ।

ਗ਼ਦਰੀਆਂ ਨੂੰ ਲਿਖਣ ਪੜ੍ਹਨ ਲਈ ਜੇਲ੍ਹ ਵੱਲੋਂ ਸਲੇਟਾਂ ਮਿਲੀਆਂ ਹੋਈਆਂ ਸਨ। ਇੱਕ ਦਿਨ ਪਾਲਾ ਸਿੰਘ ਨੇ ਆਪਣੀ ਸਲੇਟ ਉੱਤੇ ਕਬੀਰ ਸਾਹਿਬ ਦੇ ਕਈ ਸ਼ਲੋਕ ਲਿਖ ਕੇ ਇਨ੍ਹਾਂ ਦੇ ਅਰਥ ਪੁੱਛਣ ਲਈ ਸਲੇਟ ਭਾਈ ਰਨਧੀਰ ਸਿੰਘ ਹੋਰਾਂ ਕੋਲ ਭੇਜ ਦਿੱਤੀ।

ਇਹ ਸਲੇਟ ਦਰੋਗੇ ਦੇ ਹੱਥ ਲੱਗ ਗਈ ਤੇ ਉਸ ਨੇ ਸੁਪਰਡੈਂਟ ਦੇ ਕੰਨ ਜਾ ਭਰੇ ਕਿ ਭਾਈ ਰਨਧੀਰ ਸਿੰਘ ਪਾਸ ਬਾਹਰ ਤੋਂ ਖ਼ਬਰਾਂ ਲਿਖੀਆਂ ਆਉਂਦੀਆਂ ਹਨ ਤੇ ਉਹ ਅੱਗੋਂ ਕੈਦੀਆਂ ਨੂੰ ਜਾ ਭੜਕਾਉਂਦਾ ਹੈ। ਸੁਪਰਡੈਂਟ ਲੋਹਾ ਲਾਖਾ ਹੋ ਕੇ ਝੱਟ ਭਾਈ ਰਨਧੀਰ ਸਿੰਘ ਕੋਲ ਆ ਗਿਆ ਤੇ ਸਲੇਟ ਬਾਰੇ ਪੁੱਛਗਿੱਛ ਕਰਕੇ ਉਸ ਨੂੰ ਡਾਂਟਣ ਲੱਗਾ। ਭਾਈ ਰਨਧੀਰ ਸਿੰਘ ਨੇ ਬਹੁਤ ਸਮਝਾਇਆ ਕਿ ਇਹ ਸਾਡੇ ਧਾਰਮਿਕ ਮਹਾਂਪੁਰਸ਼ ਦੀ ਬਾਣੀ ਹੈ। ਇਹ ਬਾਣੀ ਤਾਂ ਸਭ ਦੀ ਸਾਂਝੀ ਹੈ। ਬਾਣੀ ਦਾ ਮੁੱਖ ਮੰਤਵ ਭੁੱਲੇ ਭਟਕੇ ਆਦਮੀਆਂ ਨੂੰ ਮਾਨਵਤਾ ਦਾ ਸੱਚਾ ਮਾਰਗ ਅਪਣਾਉਣ ਦਾ ਸੰਦੇਸ ਦੇਣਾ ਹੈ ਪਰ ਸੁਪਰਡੈਂਟ ਭਾਈ ਰਨਧੀਰ ਸਿੰਘ ਦੀ ਗੱਲ ਨੂੰ ਜਰਾ ਵੀ ਸਮਝਣ ਦੀ ਕੋਸ਼ਿਸ਼ ਨਹੀਂ ਸੀ ਕਰ ਰਿਹਾ। ਅਜੀਬ ਸਥਿਤੀ ਪੈਦਾ ਹੋ ਗਈ। ਸੁਪਰਡੈਂਟ ਸਗੋਂ ਪਾਲਾ ਸਿੰਘ ਹੋਰਾਂ ਨੂੰ ਡਾਂਟਣ ਲੱਗਾ। ਜਦੋਂ ਸੁਪਰਡੈਂਟ ਕਿਸੇ ਵੀ ਗੱਲ ਉਤੇ ਨਾ ਆਇਆ ਤਾਂ ਪਾਲਾ ਸਿੰਘ ਕਹਿਣ ਲੱਗਾ ਕਿ ਸਾਨੂੰ ਤਾਂ ਖ਼ਬਰਾਂ ਬਾਹਰੋਂ ਜ਼ਰੂਰ ਆ ਰਹੀਆਂ ਤੇ ਜੇ ਤੇਰੇ ਵਿਚ ਹਿੰਮਤ ਹੈ ਤਾਂ ਹਟਾ ਲੈ।

"ਮੈਂ ਜੇਲ੍ਹ ਦੀ ਸੁਰੱਖਿਆ ਮਜ਼ਬੂਤ ਕਰ ਦਿੱਤੀ ਹੈ। ਤੁਸੀਂ ਅੱਗੇ ਹੀ ਦੌੜ ਗਏ ਸੀ ਤੇ ਹੁਣ ਦੌੜ ਕੇ ਵਿਖਾਇਓ!" ਸੁਪਰਡੈਂਟ ਨੇ ਰੋਅਬ ਝਾੜਿਆ।

"ਤੂੰ ਸਾਨੂੰ ਬਿਲਕੁਲ ਰੋਕ ਨਹੀਂ ਸਕਦਾ ਜਿਸ ਦਿਨ ਸਾਡਾ ਦਿਲ ਕੀਤਾ ਤਾਂ ਅਸੀਂ ਦੌੜ ਜਾਵਾਂਗੇ!" ਪਾਲਾ ਸਿੰਘ ਨੇ ਬੇਪਰਵਾਹੀ ਨਾਲ ਕਿਹਾ।

"ਮੈਂ ਹੁਣ ਤੁਹਾਨੂੰ ਰੋਕ ਸਕਦਾ। ਜੇ ਤੁਹਾਡੇ ਵਿੱਚ ਹਿੰਮਤ ਹੈ ਤਾਂ ਦੌੜ ਕੇ ਵੇਖਣਾ!"

"ਆਪਣੇ ਚਿੱਤ 'ਚੋਂ ਭੁਲੇਖਾ ਕੱਢ ਦੇ। ਅਸੀਂ ਹੁਣੇ ਦੌੜ ਸਕਦੇ ਆਂ।" ਪਾਲਾ ਸਿੰਘ ਵੀ ਆਕੜ ਗਿਆ।

"ਫਿਰ ਦੌੜ ਕੇ ਵਿਖਾਓ। ਮੈਂ ਤੁਹਾਡੇ ਸਾਹਮਣੇ ਖਲੋਤਾ!" ਸੁਪਰਡੈਂਟ ਨੇ ਅੱਖਾਂ ਕੱਢੀਆਂ।

"ਹੁਣ ਮੇਰੇ ਨਾਲ ਗੱਲ ਕਰ!" ਉਧਰੋਂ ਨੱਥਾ ਸਿੰਘ ਬੋਲ ਪਿਆ। ਸੁਪਰਡੈਂਟ ਨੱਥਾ ਸਿੰਘ ਵੱਲ ਆ ਗਿਆ। ਨੱਥਾ ਸਿੰਘ ਬੜੇ ਠਰ੍ਹੰਮੇ ਨਾਲ ਕਹਿਣ ਲੱਗਾ, "ਅਸੀਂ ਦੌੜ ਸਕਦੇ ਆਂ ਪਰ ਸਾਡੀ ਇੱਕ ਸ਼ਰਤ ਐ!"

"ਬੋਲ ਕੀ ਸ਼ਰਤ ਐ!" ਸੁਪਰਡੈਂਟ ਗੁੱਸੇ ਵਿੱਚ ਸੀ।

"ਤੁਸੀਂ ਸਾਰੇ ਜਣੇ ਥੋੜ੍ਹਾ ਅਗਾਂਹ ਜਾਓ ਤੇ ਦੋ ਕੁ ਮਿੰਟ ਬਾਅਦ ਆ ਜਾਣਾ।"

"ਠੀਕ ਐ!" ਫਿਰ ਸੁਪਰਡੈਂਟ, ਦਰੋਗਾ ਤੇ ਜਮਾਂਦਾਰ ਅੱਗੇ ਨੂੰ ਚਲੇ ਗਏ।

ਨੱਥਾ ਸਿੰਘ ਨੇ ਆਪਣੀ ਕੋਠੀ ਦੀ ਇੱਕ ਸੀਖ ਉੱਪਰ ਚੁੱਕੀ। ਆਪ ਕੋਠੀਉਂ ਬਾਹਰ ਆ ਗਿਆ ਤੇ ਸੀਖ ਮੁੜ ਉਸੇ ਜਗ੍ਹਾ ਟਿਕਾ ਦਿੱਤੀ। ਦੋ ਕੁ ਮਿੰਟ ਬਾਅਦ ਸੁਪਰਡੈਂਟ ਸਾਥੀਆਂ ਸਮੇਤ ਆ ਗਿਆ। ਉਸ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਨੱਥਾ ਸਿੰਘ ਕੋਠੀ ਚੋਂ ਬਾਹਰ ਸੀ। ਸੀਖਾਂ ਆਪਣੀ ਜਗ੍ਹਾ ਸਨ ਤੇ ਕੋਠੀ ਨੂੰ ਜਿੰਦਰਾ ਵੱਜਾ ਹੋਇਆ ਸੀ।

"ਇਹ ਤੂੰ ਕੀ ਕੀਤਾ?" ਸੁਪਰਡੈਂਟ ਹੈਰਾਨ ਪਰੇਸ਼ਾਨ ਸੀ ਤੇ ਫਿਰ ਉਸ ਨੇ ਝੱਟ ਨੱਥਾ ਸਿੰਘ ਨੂੰ ਫੜ ਕੇ ਇਕ ਹੋਰ ਕੋਠੀ ਵਿੱਚ ਬੰਦ ਕਰ ਦਿੱਤਾ।

"ਹੁਣ ਬਾਹਰ ਆ ਕੇ ਵਿਖਾ?" ਸੁਪਰਡੈਂਟ ਬਹੁਤ ਘਬਰਾ ਗਿਆ।

"ਬੱਸ ਤੁਸੀਂ ਦੋ ਕੁ ਮਿੰਟ ਅਗਾਂਹ ਜਾਉ!" ਨੱਥਾ ਸਿੰਘ ਪਹਿਲਾਂ ਵਾਂਗ ਬੋਲਿਆ। ਸਾਰੇ ਜਣੇ ਅੱਗੇ ਚਲੇ ਗਏ। ਨੱਥਾ ਸਿੰਘ ਨੇ ਕੋਠੀ ਦੀ ਇੱਕ ਸੀਖ ਖਿੱਚੀ ਤੇ ਆਪ ਬਾਹਰ ਆ ਗਿਆ। ਸੀਖ ਉਸ ਨੇ ਮੁੜ ਉਸ ਜਗ੍ਹਾ ਟਿਕਾ ਦਿੱਤੀ। ਜੇਲ੍ਹ ਅਧਿਕਾਰੀ ਵਾਪਸ ਆ ਗਏ। ਸਾਰੇ ਜਣੇ ਫਿਰ ਹੈਰਾਨ ਹੋ ਗਏ। ਨੱਥਾ ਸਿੰਘ ਕੋਠੀ ਦੇ ਬਾਹਰ ਖਲੋਤਾ ਸੀ ਪਰ ਕੋਠੀ ਨੂੰ ਜਿੰਦਰਾ ਵੱਜਾ ਹੋਇਆ ਸੀ। ਨੱਥਾ ਸਿੰਘ ਨੂੰ ਫਿਰ ਇਕ ਹੋਰ ਕੋਠੀ ਵਿੱਚ ਬੰਦ ਕਰ ਦਿੱਤਾ। ਸੁਪਰਡੈਂਟ ਬਹੁਤ ਪਰੇਸ਼ਾਨ ਹੋ ਗਿਆ। ਉਸ ਨੂੰ ਤਰੇਲੀਆਂ ਆ ਰਹੀਆਂ ਸਨ। ਉਹ ਘਬਰਾਇਆ ਹੋਇਆ ਗੇੜੇ ਕੱਢਣ ਲੱਗਾ। ਫਿਰ ਉਹ ਉੱਚੀ-ਉੱਚੀ ਕਹਿਣ ਲੱਗਾ, "ਇਹ ਸਭ ਭਾਈ ਰਨਧੀਰ ਸਿੰਘ ਦੀ ਮਿਹਰਬਾਨੀ ਹੈ। ਉਹ ਕਰਾਮਾਤੀ ਹੈ। ਉਹੀ ਬੈਠਾ ਕੋਈ ਮੰਤਰ ਮਾਰਦਾ ਹੈ ਤੇ ਜਿੰਦਰਾ ਆਪਣੇ ਆਪ ਖੁੱਲ੍ਹ ਜਾਂਦਾ ਹੈ। ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਉਸੇ ਦੇ ਮੰਤਰ ਨਾਲ ਜਿੰਦਰਾ ਮੁੜ ਲੱਗਦਾ ਹੈ। ਸੁਪਰਡੈਂਟ ਭਾਈ ਰਨਧੀਰ ਸਿੰਘ ਦੇ ਗਲ ਪੈ ਗਿਆ। ਮੈਂ ਰਨਧੀਰ ਸਿੰਘ ਨੂੰ ਵੀ ਵੇਖ ਲਵਾਂਗਾ। ਇਸ ਤਰ੍ਹਾਂ ਬੋਲਦਾ ਬੋਲਦਾ ਸੁਪਰਡੈਂਟ ਉਥੋਂ ਚਲਾ ਗਿਆ।

ਅਸਲ ਗੱਲ ਇਹ ਸੀ ਕਿ ਕੋਠੀਆਂ ਪੁਰਾਣੀਆਂ ਹੋਣ ਕਾਰਨ ਉਨ੍ਹਾਂ ਦੀ ਹਾਲਤ ਹੁਣ ਖਸਤਾ ਹੋ ਗਈ ਸੀ। ਸੀਖਾਂ ਵਾਲੀ ਜਗ੍ਹਾ ਵੀ ਅੰਦਰੋਂ ਮਜ਼ਬੂਤ ਨਹੀਂ ਸੀ ਰਹੀ। ਨੱਥਾ ਸਿੰਘ ਉਂਜ ਵੀ ਤਾਕਤਵਰ ਸੀ। ਉਸ ਬਹੁਤੀਆਂ ਕੋਠੀਆਂ ਦੀ ਇੱਕ ਇੱਕ ਸੀਖ ਉੱਪਰ ਤੇ ਹੇਠਾਂ ਨੂੰ ਖਿਚ ਕੇ ਹਿਲਾ ਦਿੱਤੀ ਸੀ। ਇਹ ਨੱਥਾ ਸਿੰਘ ਨੂੰ ਹੀ ਪਤਾ ਸੀ ਕਿ ਕਿਹੜੀ ਸੀਖ ਉਸ ਨੇ ਪੋਲੀ ਕੀਤੀ ਹੈ। ਇਸ ਘਟਨਾ ਤੋਂ ਬਾਅਦ ਤਾਂ ਜੇਲ੍ਹ ਸੁਪਰਡੈਂਟ ਭਾਈ ਰਨਧੀਰ ਸਿੰਘ ਤੇ ਦੂਜੇ ਸਾਰੇ ਗ਼ਦਰੀਆਂ ਪਿੱਛੇ ਹੱਥ ਧੋ ਕੇ ਪੈ ਗਿਆ। ਡੰਡਾ ਬੇੜੀ, ਹੱਥਕੜੀ, ਟਾਟ ਵਰਦੀ ਤੇ ਘਟੀਆ ਖਾਣਾ ਇਸ ਜੇਲ੍ਹ ਦਾ ਜਿਵੇਂ ਨਿੱਤਨੇਮ ਸੀ। ਇਸ ਤੋਂ ਅੱਗੇ ਬੈਂਤਾਂ ਦੀ ਸਜ਼ਾ ਦੀ ਆਮ ਗੱਲ ਸੀ ਪਰ ਗ਼ਦਰੀਆਂ ਨੂੰ ਫਿਰ ਵੀ ਝੁਕਾਇਆ ਨਾ ਗਿਆ। ਗ਼ਦਰੀ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੇ। ਦੋ ਵੇਲੇ ਬਾਣੀ ਦਾ ਹਰ ਰੋਜ਼ ਉੱਚੀ ਅਵਾਜ਼ ਵਿਚ ਪਾਠ ਕਰਦੇ ਤੇ ਆਪਣੇ ਨਿਸ਼ਾਨੇ ਪ੍ਰਤੀ ਹਰ ਦਿਨ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰਦੇ।

ਨਵੀਆਂ ਜੇਲ੍ਹਾਂ

ਅਕਤੂਬਰ 1921 ਵਿੱਚ ਸਰਕਾਰ ਵੱਲੋਂ ਇਕ ਨਵਾਂ ਹੁਕਮ ਆ ਗਿਆ। ਚਾਰ-ਚਾਰ, ਪੰਜ-ਪੰਜ ਗ਼ਦਰੀਆਂ ਨੂੰ ਹਜ਼ਾਰੀ ਬਾਗ ਜੇਲ੍ਹ ਤੋਂ ਹੇਠ ਲਿਖੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ।

ਰਾਜ ਮੰਦਰੀ ਜੇਲ੍ਹ :- ਕਰਤਾਰ ਸਿੰਘ, ਗੰਡਾ ਸਿੰਘ, ਹਰਨਾਮ ਸਿੰਘ ਕਾਲਾ ਸੰਘਾ, ਅਰਜਣ ਸਿੰਘ ਜਗਰਾਉਂ ਤੇ ਭਾਈ ਰਨਧੀਰ ਸਿੰਘ ਨਾਰੰਗਵਾਲ।

ਖਾਸ ਮਦਰਾਸ ਜੇਲ੍ਹ :- ਕਰਮ ਸਿੰਘ ਅਜਮੇਰ, ਬਘੇਲ ਸਿੰਘ ਤੇ ਨੱਥਾ ਸਿੰਘ।

ਬੁਲਾਰੀ :- ਜਿੰਦਰ ਸਿੰਘ ਦੂਧਾਧਾਰੀ, ਪਾਖਰ ਸਿੰਘ ਢੁੱਡੀਕੇ, ਲਾਲ ਸਿੰਘ, ਕੇਸਰ ਸਿੰਘ ਤੇ ਕਿਰਪਾ ਸਿੰਘ।

ਤ੍ਰਿਚਨਾਪਲੀ :- ਗੁੱਜਰ ਸਿੰਘ, ਸੁੰਦਰ ਸਿੰਘ, ਸੱਜਣ ਸਿੰਘ ਤੇ ਇੰਦਰ ਸਿੰਘ।

ਵੈਲੂਰ :- ਹੀਰਾ ਸਿੰਘ, ਹਰਨਾਮ ਸਿੰਘ ਕਾਮਾਗਾਟਾਮਾਰੂ, ਭਾਈ ਮਹਾਰਾਜ ਸਿੰਘ।

ਕੋਇਮਬਟੂਰ :- ਪਾਲਾ ਸਿੰਘ ਢੁੱਡੀਕੇ, ਹਰੀ ਸਿੰਘ ਕੱਕੜ ਤੇ ਭਾਈ ਬਲਵੰਤ ਸਿੰਘ।

ਹਜ਼ਾਰੀ ਬਾਗ ਜੇਲ੍ਹ ਤੋਂ ਸਾਰੇ ਗ਼ਦਰੀ ਮਦਰਾਸ ਲਿਆਂਦੇ ਗਏ ਤੇ ਅੱਗੇ ਉਨ੍ਹਾਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਪਾਲਾ ਸਿੰਘ ਆਪਣੇ ਸਾਥੀਆਂ ਨਾਲ ਮਦਰਾਸ ਦੀ ਕੋਇਮਬਟੂਰ ਜੇਲ੍ਹ ਵਿੱਚ ਆ ਗਿਆ। ਇਹ ਜੇਲ੍ਹ ਵੀ ਹਜ਼ਾਰੀ ਬਾਗ ਜੇਲ੍ਹ ਤੋਂ ਘੱਟ ਨਹੀਂ ਸੀ। ਏਥੇ ਵੀ ਖਾਣੇ ਨੂੰ ਲੈ ਕੇ ਪਾਲਾ ਸਿੰਘ ਹੋਰਾਂ ਦਾ ਜੇਲ੍ਹ ਅਧਿਕਾਰੀਆਂ ਨਾਲ ਝਗੜਾ ਹੋ ਗਿਆ। ਪਾਲਾ ਸਿੰਘ ਤੇ ਉਸ ਦੇ ਸਾਥੀ ਪੰਜਾਬੀ ਖਾਣੇ ਦੀ ਮੰਗ ਕਰ ਰਹੇ ਸਨ ਪਰ ਜੇਲ੍ਹ ਅਧਿਕਾਰੀ ਇਸ ਲਈ ਸਹਿਮਤ ਨਹੀਂ ਸਨ। ਪਾਲਾ ਸਿੰਘ ਹੋਰਾਂ ਨੇ ਏਥੇ ਆ ਕੇ ਭੁੱਖ ਹੜਤਾਲ ਕਰ ਦਿੱਤੀ। ਜੇਲ੍ਹ ਅਧਿਕਾਰੀਆਂ ਨੇ ਆਪਣੇ ਹਥਿਆਰ ਡੰਡਾ ਬੇੜੀ ਤੇ ਬੈਂਤਾਂ ਦੀ ਸਜ਼ਾ ਲਾ ਕੇ ਮਨਮਰਜ਼ੀ ਕਰਨੀ ਚਾਹੀ। ਅਖੀਰ ਜੇਲ੍ਹ ਵਾਲਿਆਂ ਨੂੰ ਝੁਕਣਾ ਪਿਆ। ਏਥੇ ਵੀ ਬਿਹਾਰ ਵਰਗਾ ਹੀ ਸਮਾਂ ਬੀਤਿਆ। ਦਿਨ ਗੁਜ਼ਰਦੇ ਗਏ ਤੇ ਅਖੀਰ ਇਹ ਸਿਲਸਿਲਾ 1923 ਈ: ਵਿੱਚ ਜਾ ਕੇ ਖਤਮ ਹੋਇਆ। ਬੜੀ ਕਸ਼ਟ ਭਰੀ ਲੰਮੀ ਸਜ਼ਾ ਭੁਗਤ ਕੇ ਪਾਲਾ ਸਿੰਘ ਆਪਣੇ ਪਿੰਡ ਆ ਗਿਆ ਪਰ ਉਸ ਦੇ ਦਿਲ ਉੱਤੇ ਬਹੁਤ ਭਾਰੀ ਬੋਝ ਸੀ ਕਿ ਅਸੀਂ ਕਿਵੇਂ ਤੁਰੇ ਸੀ ਤੇ ਹੁਣ ਪਾਰਟੀ ਖੇਰੂੰ

ਖੇਰੂੰ ਹੋ ਗਈ। ਨਾ ਕੋਈ ਗੱਲ ਸੁਣਨ ਵਾਲਾ ਤੇ ਨਾ ਕੋਈ ਹੁੰਗਾਰਾ ਭਰਨ ਵਾਲਾ। ਗ਼ਦਰੀਆਂ ਦੀ ਕੁਰਬਾਨੀਆਂ ਦਾ ਕੀ ਬਣੇਗਾ? ਖਵਰੇ ਕੋਈ ਮੁੱਲ ਪਾਏਗਾ ਕਿ ਨਹੀਂ। ਪਾਰਟੀ ਇਮਾਨਦਾਰੀ ਨਾਲ ਇੱਕ ਸਪੱਸ਼ਟ ਸੋਚ ਲੈ ਕੇ ਤੁਰੀ ਸੀ। ਹੁਣ ਵੀ ਉਹੀ ਵਿਚਾਰਧਾਰਾ ਅਜ਼ਾਦੀ ਲਿਆਉਣ ਤੱਕ ਪਰਪੱਕ ਹੈ। ਦੇਸ਼ ਦਾ ਕੀ ਬਣੇਗਾ। ਦੇਸ਼ ਕਿਵੇਂ ਅਜ਼ਾਦ ਹੋਵੇਗਾ। ਲੋਕਾਂ ਦਾ ਕੀ ਬਣੇਗਾ। ਇਸ ਤਰ੍ਹਾਂ ਦੇ ਵਿਚਾਰ ਹੁਣ ਪਾਲਾ ਸਿੰਘ ਦੇ ਦਿਮਾਗ ਵਿਚ ਹਰ ਵੇਲੇ ਘੁੰਮਦੇ। ਹਰ ਮਿਲਣ ਵਾਲੇ ਨਾਲ ਉਹ ਇਸੇ ਤਰ੍ਹਾਂ ਦੀਆਂ ਗੱਲਾਂ ਕਰਦਾ।

ਸਜ਼ਾ ਭੁਗਤਣ ਤੋਂ ਪਿੱਛੋਂ

ਅੰਗਰੇਜ਼ੀ ਸਾਮਰਾਜ ਦੀ ਲੰਮੀ ਸਜ਼ਾ ਕੱਟ ਕੇ ਪਾਲਾ ਸਿੰਘ ਆਪਣੇ ਪਿੰਡ ਢੁੱਡੀਕੇ ਆ ਗਿਆ। ਗ਼ਦਰ ਪਾਰਟੀ ਦੇ ਫੇਲ੍ਹ ਹੋ ਜਾਣ ਕਰਕੇ ਪਾਲਾ ਸਿੰਘ ਬਹੁਤ ਨਿਰਾਸ਼ ਸੀ। ਪਾਰਟੀ ਦੇ ਆਗੂ ਤੇ ਵਰਕਰ ਇਮਾਨਦਾਰੀ ਨਾਲ ਤੁਰੇ। ਕੁਰਬਾਨੀਆਂ ਕੀਤੀਆਂ ਬੜੇ ਹੀ ਸੂਰਮੇ ਫਾਂਸੀ ਚੜ੍ਹ ਗਏ। ਉਮਰ ਕੈਦਾਂ, ਕਾਲੇ ਪਾਣੀ ਦੀ ਸਜ਼ਾ, ਜਾਇਦਾਦਾਂ ਦੀ ਜ਼ਬਤੀ। ਘਰ ਘਾਟ ਤਬਾਹ ਪਰ ਪ੍ਰਾਪਤੀ ਕੋਈ ਵੀ ਨਹੀਂ। ਪਾਲਾ ਸਿੰਘ ਆਪਣੇ ਪਿੰਡ ਬਾਰੇ ਸੋਚਦਾ। ਪਿੰਡ ਦੇ ਈਸ਼ਰ ਸਿੰਘ ਤੇ ਰੂੜ ਸਿੰਘ ਨੂੰ ਫਾਂਸੀ ਲੱਗ ਚੁੱਕੀ ਸੀ। ਪਾਖਰ ਸਿੰਘ ਹਾਲੇ ਵੀ ਸਜ਼ਾ ਕੱਟ ਰਿਹਾ ਸੀ। ਪਿੰਡ ਦੇ ਸ਼ਾਮ ਸਿੰਘ, ਪਾਲਾ ਸਿੰਘ ਵੱਡਾ, ਮਹਿੰਦਰ ਸਿੰਘ, ਮਾਸਟਰ ਫੇਰਾ ਸਿੰਘ ਤੇ ਸੁੰਦਰ ਸਿੰਘ ਦੋ-ਦੋ, ਤਿੰਨ-ਤਿੰਨ ਸਾਲ ਦੀਆਂ ਸਜ਼ਾਵਾਂ ਕੱਟ ਕੇ ਪਿੰਡ ਆ ਚੁੱਕੇ ਸਨ। ਅਤਰ ਸਿੰਘ ਛੇ ਮਹੀਨੇ ਹਵਾਲਾਤ ਵਿੱਚ ਰਹੇ। ਗ਼ਦਰੀ ਦੇਸ਼ ਭਗਤਾਂ ਦਾ ਸਾਥ ਦੇਣ ਬਦਲੇ ਪਿੰਡ ਦੇ ਚਾਰ ਲੰਬੜਦਾਰ ਬਿਸ਼ਨ ਸਿੰਘ, ਜੀਵਾ ਸਿੰਘ, ਕਾਲਾ ਸਿੰਘ ਤੇ ਬੂੜ ਸਿੰਘ ਦੀਆਂ ਲੰਬੜਦਾਰੀਆਂ ਅੰਗਰੇਜ਼ੀ ਸਰਕਾਰ ਵੱਲੋਂ ਤੋੜ ਦਿੱਤੀਆਂ ਗਈਆਂ। ਗ਼ਦਰੀ ਰੂੜ ਸਿੰਘ ਦੇ ਪਿੰਡ ਚੂਹੜਚੱਕ ਵਿਖੇ ਅੰਗਰੇਜ਼ਾਂ ਵੱਲੋਂ ਇੱਕ ਤਾਜ਼ੀਰੀ ਚੌਂਕੀ ਬਿਠਾ ਦਿੱਤੀ ਗਈ ਜਿਸ ਦਾ ਖਰਚਾ ਆਮ ਲੋਕਾਂ ਉੱਤੇ ਪਾਇਆ ਜਾਂਦਾ ਸੀ। ਅੰਗਰੇਜ਼ਾ ਦੀ ਲੋਕਾਂ ਵਿੱਚ ਬੜੀ ਦਹਿਸ਼ਤ ਸੀ। ਪਿੰਡ ਵਿੱਚ ਆਏ ਦਿਨ ਪੁਲੀਸ ਲੋਕਾਂ ਨੂੰ ਤੰਗ ਕਰਦੀ ਸੀ। ਪੁਲੀਸ ਵਾਲੇ ਵਗਾਰ ਕਰਵਾਉਣ ਲਈ ਪਿੰਡਾਂ ਵਿੱਚੋਂ ਕਿਸੇ ਨੂੰ ਵੀ ਮਰਜ਼ੀ ਨਾਲ ਲਿਜਾ ਸਕਦੇ ਸਨ। ਨਾਂਹ ਨੁੱਕਰ ਕਰਨ ਵਾਲੇ ਦੀ ਸ਼ਾਮਤ ਆ ਜਾਂਦੀ ਸੀ। ਪਾਲਾ ਸਿੰਘ ਅੰਦਰਖਾਤੇ ਇਸੇ ਕਾਰਨ ਦੁਖੀ ਹੁੰਦਾ ਕਿ ਸਾਡੇ ਲੋਕਾਂ ਨੇ ਗ਼ਦਰ ਪਾਰਟੀ ਦਾ ਸਾਥ ਨਹੀਂ ਦਿੱਤਾ।

ਸੰਸਾਰ ਜੰਗ 1918 ਈ: ਵਿੱਚ ਖਤਮ ਹੋ ਗਈ ਸੀ। ਭਾਰਤੀ ਲੋਕ ਆਪਣੇ ਵੱਡੇ ਲੀਡਰਾਂ ਦੇ ਕਹਿਣ ਨਾਲ ਅੰਗਰੇਜ਼ਾਂ ਦੀ ਖਾਤਰ ਜੰਗ ਵਿੱਚ ਲੜੇ ਤੇ ਤੇ ਬਹੁਤ ਸ਼ਹੀਦ ਹੋ ਗਏ। ਜੰਗ ਤੋਂ ਬਾਅਦ ਅੰਗਰੇਜ਼ਾਂ ਨੇ ਭਾਰਤੀ ਲੋਕਾਂ ਨੂੰ ਆਪਣੇ ਵੱਲੋਂ ਤੋਹਫੇ ਦੇਣੇ ਸ਼ੁਰੂ ਕਰ ਦਿੱਤੇ। ਸੰਨ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਵਾਸੀ ਸ਼ਾਂਤਮਈ ਢੰਗ ਨਾਲ ਇੱਕ ਜਲਸੇ ਵਿੱਚ ਰੋਸ ਪ੍ਰਗਟ ਕਰ ਰਹੇ ਸਨ। ਜਨਰਲ ਡਾਇਰ ਨੇ ਨਿਹੱਥੇ ਤੇ ਬੇਕਸੂਰ ਲੋਕਾਂ ਉੱਤੇ ਅੰਨ੍ਹੇਵਾਹ ਗੋਲੀ ਚਲਾਉਦ ਦਾ ਹੁਕਮ ਦੇ ਦਿੱਤਾ। ਗੋਲਾਬਾਰੀ ਵਿੱਚ 399 ਲੋਕ ਸ਼ਹੀਦ ਹੋ ਗਏ ਤੇ 1250 ਜ਼ਖ਼ਮੀ ਹੋ ਗਏ। ਭਾਰਤੀ ਲੋਕਾਂ ਉੱਤੇ ਅੰਗਰੇਜ਼ਾਂ ਦੀ ਇਹ ਹੱਦ ਦਰਜੇ

ਦੀ ਜ਼ਾਲਮਾਨਾ ਕਾਰਵਾਈ ਸੀ।

ਅੰਗਰੇਜ਼ਾਂ ਦਾ ਜ਼ੁਲਮ ਤਾਂ ਵਧਦਾ ਹੀ ਗਿਆ। ਅੰਗਰੇਜ਼ ਸਿੱਖਾਂ ਦੇ ਗੁਰਦੁਆਰਿਆਂ ਨੂੰ ਆਪਣੇ ਰਾਜਸੀ ਉਦੇਸ਼ਾਂ ਲਈ ਵਰਤਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਝੋਲੀ ਚੁੱਕ ਮਹੰਤਾਂ ਨੂੰ ਥਾਪੜੇ ਦੇ ਕੇ ਗੁਰਦੁਆਰਿਆਂ ਉੱਤੇ ਆਪਣਾ ਪ੍ਰਭਾਵ ਕਾਇਮ ਰੱਖਣ ਦੀ ਕੋਝੀ ਨੀਤੀ ਅਪਣਾਈ। ਅੰਗਰੇਜ਼ਾਂ ਨੇ ਮਹੰਤਾਂ ਨੂੰ ਬਹੁਤ ਖੁੱਲ੍ਹਾਂ ਦੇ ਦਿੱਤੀਆਂ। ਫਲਸਰੂਪ ਮਹੰਤ ਗੁਰਦੁਆਰਿਆਂ ਦੇ ਮਾਲਕ ਬਣ ਗਏ ਤੇ ਗੁਰਦੁਆਰਿਆਂ ਦੀ ਪੂਜਾ ਨੂੰ ਆਪਣੇ ਐਸ਼ੋਆਰਾਮ ਲਈ ਵਰਤਣ ਲੱਗੇ। ਮਹੰਤ ਗੁਰਦੁਆਰਿਆਂ ਵਿਚ ਸ਼ਰਾਬਾਂ ਪੀਂਦੇ ਤੇ ਮੁਜ਼ਰੇ ਕਰਵਾਉਂਦੇ।

15 ਨਵੰਬਰ 1920 ਨੂੰ ਅੰਮ੍ਰਿਤਸਰ ਵਿਖੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਸੰਬਰ 1920 ਨੂੰ ਸ਼ਰੋਮਣੀ ਅਕਾਲੀ ਦਲ ਦਾ ਗਠਨ ਹੋ ਗਿਆ। 20 ਫਰਵਰੀ 1921 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਬਦਨਾਮ ਮਹੰਤ ਨਰੈਣਦਾਸ ਤੋਂ ਮੁਕਤ ਕਰਵਾਉਣ ਲਈ ਸਿੱਖਾਂ ਵੱਲੋਂ ਮੋਰਚਾ ਲਾਇਆ ਗਿਆ। ਜੱਥੇ ਦੇ 130 ਸਿੱਖਾਂ ਨੂੰ ਨਰੈਣ ਦਾਸ ਦੇ ਗੁੰਡਿਆਂ ਵੱਲੋਂ ਜਿਉਂਦੇ ਸਾੜ ਦਿੱਤਾ ਗਿਆ ਪਰ ਲੋਕਾਂ ਵਿੱਚ ਗੁੱਸਾ ਫੈਲਿਆ ਤੇ ਜੋਸ਼ ਵਧਦਾ ਗਿਆ। ਇੱਕੀ ਨਵੰਬਰ 1921 ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ਾਖਾਨੇ ਦੀਆਂ ਚਾਬੀਆਂ ਲੈਣ ਲਈ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਮੋਰਚਾ ਲੱਗਾ ਤੇ ਭਾਰੀ ਜਦੋ ਜਹਿਦ ਤੋਂ ਬਾਅਦ 17 ਜਨਵਰੀ 1922 ਨੂੰ ਚਾਬੀਆਂ ਸਿੱਖਾਂ ਦੇ ਹਵਾਲੇ ਕਰ ਦਿੱਤੀਆਂ। ਨਵੰਬਰ 1921 ਵਿੱਚ ਹੀ ਗੁਰੂ ਕੇ ਬਾਗ ਦਾ ਮੋਰਚਾ ਲੱਗਾ ਸੀ ਤੇ ਬਹੁਤ ਸੰਘਰਸ਼ ਤੋਂ ਬਾਅਦ 17 ਨਵੰਬਰ ਨੂੰ ਇਸ ਗੁਰਦੁਆਰੇ ਉੱਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਸੀ। ਪਾਲਾ ਸਿੰਘ ਹੁਣ ਇਹੀ ਸੋਚਦਾ ਸੀ ਕਿ ਸਾਡੇ ਲੋਕ ਜਾਗੇ ਤਾਂ ਸਹੀ। ਹੌਲੀ-ਹੌਲੀ ਲੋਕਾਂ ਦੀ ਚੇਤੰਨਤਾ ਵਧਦੀ ਜਾਵੇਗੀ। ਉਸ ਦਾ ਖ਼ੂਨ ਹਰ ਵੇਲੇ ਉਬਾਲੇ ਖਾਂਦਾ ਕਿ ਉਹ ਕੀ ਕਰੇ। ਬੱਸ ਉਹ ਹਰ ਵੇਲੇ ਕਿਸੇ ਡੂੰਘੀ ਚਿੰਤਾ ਵਿੱਚ ਗੁੰਮ ਸੁੰਮ ਜਿਹਾ ਰਹਿੰਦਾ।

ਹੁਸ਼ਿਆਰਪੁਰ ਇਲਾਕੇ ਵਿੱਚ ਬੱਬਰ ਅਕਾਲੀ ਲਹਿਰ ਦੀ ਸਥਾਪਨਾ ਹੋਈ ਸੀ। ਬਹੁਤ ਗ਼ਦਰੀ ਬੱਬਰ ਅਕਾਲੀ ਲਹਿਰ ਵਿੱਚ ਸ਼ਾਮਲ ਹੋ ਗਏ ਸਨ। ਪਾਲਾ ਸਿੰਘ ਦੇ ਕਈ ਪੁਰਾਣੇ ਸਾਥੀ ਉਸ ਨੂੰ ਵੀ ਮਿਲਣ ਆ ਜਾਂਦੇ ਸਨ। ਲਹੌਰ ਦੇ ਡੀ.ਐਸ.ਪੀ. ਬੀਟੀ ਨੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਸ਼ਾਂਤਮਈ ਸਿੱਖਾਂ ਉੱਤੇ ਬੜੇ ਜ਼ੁਲਮ ਕੀਤੇ ਸਨ। ਇਹ ਉਹੀ ਅੰਗਰੇਜ਼ ਪੁਲੀਸ ਅਫ਼ਸਰ ਸੀ ਜਿਹੜਾ ਲਹੌਰ ਤੋਂ ਗ਼ਦਰੀਆਂ ਨੂੰ ਹਜ਼ਾਰੀ ਬਾਗ ਜੇਲ੍ਹ (ਬਿਹਾਰ) ਵਿੱਚ ਛੱਡ ਕੇ ਆਇਆ ਸੀ। ਇਹ ਪੁਲੀਸ ਅਫ਼ਸਰ ਰਿਟਾਇਰ ਹੋ ਕੇ ਪਟਿਆਲੇ ਵਿੱਚ ਸੁਨਾਮ ਵਿਖੇ ਰਹਿ ਰਿਹਾ ਸੀ। ਬੱਬਰ ਅਕਾਲੀਆਂ ਨੇ ਇਕੱਠੇ ਹੋ ਕੇ ਬੀ.ਟੀ. ਨੂੰ ਉਸ ਦੀ ਕੋਠੀ ਵਿੱਚ ਜਾ ਕੇ ਮਾਰ ਦਿੱਤਾ ਸੀ। ਮਾਰਨ ਵਾਲੇ ਮਾਲਵੇ ਦੇ ਬੱਬਰਾਂ ਵਿੱਚ ਗਾਜੀਆਣਾ ਪਿੰਡ ਦਾ ਕੁੰਢਾ ਤੇ ਢੁੱਡੀਕੇ ਦਾ ਜੰਗੀਰ ਸ਼ਾਮਲ ਸਨ। ਜੰਗੀਰ ਸਿੰਘ ਤੇ ਕੁੰਢਾ ਕਈ ਦਿਨ ਪਾਲਾ ਸਿੰਘ ਦੇ ਖੇਤਾਂ ਵੱਲ ਛੁਪ ਕੇ ਬੈਠੇ ਰਹੇ। ਪਾਲਾ ਸਿੰਘ ਉਨ੍ਹਾਂ ਨੂੰ ਚਾਹ ਰੋਟੀ ਫੜਾ ਆਉਂਦਾ ਸੀ। ਇਹ ਘਟਨਾ ਬੇਸ਼ੱਕ ਬਹੁਤੀ ਮਹੱਤਵਪੂਰਨ ਨਹੀਂ ਸੀ ਪਰ ਪਾਲਾ ਸਿੰਘ ਸੋਚਦਾ ਸੀ ਕਿ ਇਹ ਗ਼ਦਰ ਪਾਰਟੀ ਦੇ ਅਸਰ ਕਾਰਨ ਹੀ ਹੈ।

ਕੁਰਬਾਨੀਆਂ ਦਾ ਮੁੱਲ ਪੈਂਦਾ ਹੈ

ਪਾਲਾ ਸਿੰਘ ਦੇ ਘਰ ਦੀ ਆਰਥਿਕ ਹਾਲਤ ਮਾੜੀ ਹੋ ਗਈ ਸੀ। ਪਾਲਾ ਸਿੰਘ ਦੇ ਜੇਲ੍ਹ ਜਾਣ ਪਿੱਛੋਂ ਘਰ ਦਾ ਇੱਕੋ ਇੱਕ ਕਮਾਊ ਬੰਦਾ ਉਸ ਦਾ ਚਾਚਾ ਬਿਸ਼ਨ ਸਿੰਘ ਸੀ ਪਰ ਹੁਣ ਉਹ ਵੀ ਸਰੀਰਕ ਪੱਖੋਂ ਕਾਫੀ ਕਮਜ਼ੋਰ ਹੋ ਗਿਆ ਤੇ ਖੇਤੀ ਦੇ ਕੰਮ ਕਰਨ ਜੋਗਾ ਨਾ ਰਿਹਾ। ਕਈ ਸਾਲ ਪਹਿਲਾਂ ਉਨ੍ਹਾਂ ਦੇ ਘਰ ਵਿੱਚ ਇੱਕ ਅਜੀਬ ਮੋੜ ਆਇਆ ਸੀ। ਪਾਲਾ ਸਿੰਘ ਦੇ ਦਾਦਾ ਹੀਰਾ ਸਿੰਘ ਨੇ ਘਰ ਵਿੱਚ ਇਕ ਦੋਹਤੇ ਨੂੰ ਰੱਖਿਆ ਹੋਇਆ ਸੀ। ਉਸ ਨੇ ਆਪਣੀ ਅੱਧੀ ਜ਼ਮੀਨ ਉਸ ਦੋਹਤੇ ਦੇ ਨਾਮ ਲਵਾ ਦਿੱਤੀ ਸੀ। ਆਪਣੇ ਵਸੀਅਤ ਵਿੱਚ ਦਾਦੇ ਨੇ ਲਿਖਿਆ ਸੀ ਕਿ ਮੈਂ ਦੋਹਤੇ ਤੋਂ ਦਸ ਹਜ਼ਾਰ ਰੁਪਿਆ ਲਿਆ ਹੈ ਜਿਸ ਕਰਕੇ ਘਰ ਦੀ ਅੱਧੀ ਜ਼ਮੀਨ ਉਸ ਦੇ ਨਾਮ ਲਵਾਈ ਹੈ। ਜੇਕਰ ਉਸ ਨੂੰ ਜ਼ਮੀਨ ਨਹੀਂ ਦੇਣੀ ਤਾਂ ਉਸ ਨੂੰ ਦਸ ਹਜ਼ਾਰ ਰੁਪਿਆ ਦੇਣਾ ਪਏਗਾ। ਫਿਰ ਪਾਲਾ ਸਿੰਘ ਦੇ ਪਰਿਵਾਰ ਨੇ ਪਿੰਡ ਦੇ ਇੱਕ ਲੰਬੜਦਾਰ ਕਾਲਾ ਸਿੰਘ ਕੋਲ ਅੱਧੀ ਜ਼ਮੀਨ ਗਹਿਣੇ ਕਰ ਦਿੱਤੀ। ਉਸ ਤੋਂ ਪੈਸੇ ਲੈ ਕੇ ਦੋਹਤੇ ਨੂੰ ਦੇ ਦਿੱਤੇ ਪਰ ਘਰ ਦੀ ਉਹ ਜ਼ਮੀਨ ਹਾਲੇ ਵੀ ਕਾਲਾ ਸਿੰਘ ਕੋਲ ਦਸ ਹਜ਼ਾਰ ਰੁਪਏ ਵਿੱਚ ਗਹਿਣੇ ਸੀ। ਉਸ ਵੇਲੇ ਜ਼ਮੀਨ ਇੱਕ ਥਾਂ ਨਹੀਂ ਸੀ। ਟਾਕੀ ਵੰਡ ਹੁੰਦੀ ਸੀ। ਕਈ ਟਾਕੀਆਂ ਨੂੰ ਤਾਂ ਪਾਣੀ ਵੀ ਨਹੀਂ ਸੀ ਲੱਗਦਾ। ਬੰਦਿਆਂ ਦੀ ਘਾਟ ਤੇ ਪਸ਼ੂਆਂ ਦੀ ਘਾਟ ਕਾਰਨ ਖੇਤੀ ਦਾ ਕੰਮ ਪਿੱਛੇ ਪੈ ਗਿਆ।

ਇਧਰ ਅੰਗਰੇਜ਼ੀ ਸਰਕਾਰ ਹੁਣ ਪਹਿਲਾਂ ਤੋਂ ਵੀ ਵੱਧ ਮਜ਼ਬੂਤ ਹੋ ਗਈ ਪਰ ਦੇਸ਼ ਦੇ ਲੋਕਾਂ ਦੀ ਹਾਲਤ ਮੰਦੀ ਹੋਣ ਲੱਗੀ। ਹੁਣ ਤਾਂ ਜਿਵੇਂ ਪੁਲਸ ਰਾਜ ਕਾਇਮ ਹੋ ਗਿਆ ਸੀ। ਲੋਕਾਂ ਨੂੰ ਕਿਸੇ ਕਿਸਮ ਦੀ ਸਹੂਲਤ ਤਾਂ ਕੀ ਹੋਣੀ ਸੀ ਸਗੋਂ ਉਨ੍ਹਾਂ ਉੱਤੇ ਸਰਕਾਰ ਦਾ ਜ਼ੁਲਮ ਹੋਰ ਵੀ ਵਧ ਗਿਆ। ਪਾਲਾ ਸਿੰਘ ਸਾਰਾ ਦਿਨ ਹੀ ਅਵਾਜ਼ਾਰ ਰਹਿੰਦਾ। ਉਸ ਨੂੰ ਸਮਝ ਨਹੀਂ ਸੀ ਪੈਂਦੀ ਕਿ ਉਹ ਕੀ ਕਰੇ। ਪਾਰਟੀ ਨੂੰ ਤਾਂ ਅੰਗਰੇਜ਼ਾਂ ਨੇ ਬੁਰੀ ਤਰ੍ਹਾਂ ਕੁਚਲ ਦਿੱਤਾ। ਗ਼ਦਰੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਲੋਕਾਂ ਵਿੱਚ ਦਹਿਸ਼ਤ ਦਾ ਮਹੌਲ ਪੈਦਾ ਕਰ ਦਿੱਤਾ। ਪਾਰਟੀ ਏਨੀ ਖਿੰਡ ਪੁੰਡ ਗਈ ਕਿ ਹੁਣ ਪਾਰਟੀ ਨੂੰ ਦੁਬਾਰਾ ਮਜ਼ਬੂਤ ਕਰਨ ਲਈ ਜਾਂ ਕੋਈ ਸਰਗਰਮੀ ਪੈਦਾ ਕਰਨ ਦਾ ਕੋਈ ਸਾਹਸ ਨਾ ਕਰਦਾ। ਪਾਲਾ ਸਿੰਘ ਇੱਕ ਪਾਸੇ ਤਾਂ ਦੇਸ਼ ਦੀ ਮੰਦੀ ਹਾਲਤ ਵੇਖ ਰਿਹਾ ਸੀ ਤੇ ਦੂਜਾ ਉਸ ਨੂੰ ਆਪਣੇ ਘਰ ਦੀ ਮਾੜੀ ਹਾਲਤ ਵੀ ਸਤਾਉਂਦੀ ਸੀ। ਨਾ ਕੋਈ ਕੰਮਕਾਰ ਤੇ ਨਾ ਕੋਈ

ਸਰਗਰਮੀ। ਉਹ ਜਿਵੇਂ ਸਾਹਸੱਤ ਹੀਣ ਹੋ ਗਿਆ।

ਪਾਲਾ ਸਿੰਘ ਨੇ ਇੱਕ ਦਿਨ ਆਪਣੇ ਘਰ ਵਿੱਚ ਬੈਠ ਕੇ ਵਿਚਾਰ ਕੀਤੀ। ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਦੇ ਅਧਿਕਾਰੀ ਉਸ ਦਾ ਮਨੋਬਲ ਨਹੀਂ ਡੇਗ ਸਕੇ। ਹੁਣ ਉਹ ਕਿਉਂ ਮਾਯੂਸ ਹੈ। ਇਸ ਕਰਕੇ ਉਸ ਨੇ ਘਰ ਵਿੱਚ ਖੇਤੀ ਕਰਨ ਦਾ ਮਨ ਬਣਾ ਲਿਆ। ਫਿਰ ਉਸ ਨੇ ਘਰ ਵਿੱਚ ਪਏ ਖੇਤੀ ਦੇ ਟੁੱਟੇ ਭੱਜੇ ਸੰਦ ਇਕੱਠੇ ਕੀਤੇ ਤੇ ਪਿੰਡ ਦੇ ਮਿਸਤਰੀ ਤੋਂ ਠੀਕ ਕਰਵਾ ਲਏ। ਸੰਦਾਂ ਤੋਂ ਬਿਨਾਂ ਖੇਤੀ ਨਹੀਂ ਹੋ ਸਕਦੀ। ਪਾਲਾ ਸਿੰਘ ਸ਼ੁਰੂ ਤੋਂ ਘਰ ਦਾ ਕੰਮ ਕਰਦਾ ਰਿਹਾ ਸੀ ਜਿਸ ਕਰਕੇ ਉਸ ਨੂੰ ਖੇਤੀ ਦੇ ਕੰਮਾਂ ਵਿੱਚ ਕੋਈ ਮੁਸ਼ਕਲ ਨਾ ਆਈ। ਪਾਲਾ ਸਿੰਘ ਨੇ ਹਲ ਵਾਹੁਣਾ ਸ਼ੁਰੂ ਕਰ ਦਿੱਤਾ। ਉਹ ਦਿਨ-ਰਾਤ ਕੰਮ ਵਿੱਚ ਰੁੱਝਿਆ ਰਹਿੰਦਾ। ਕੰਮ ਦਾ ਉਸ ਨੂੰ ਜਿਵੇਂ ਨਸ਼ਾ ਹੋ ਗਿਆ। ਸਮਾਂ ਤੁਰਦਾ ਗਿਆ। ਉਸ ਨੇ ਦੋ ਸਾਲ ਡਟ ਕੇ ਕੰਮ ਕੀਤਾ। ਤੀਜੇ ਸਾਲ ਉਸ ਦੀ ਮਿਹਨਤ ਨੂੰ ਬੂਰ ਪੈਣ ਲੱਗਾ। ਹਾੜ੍ਹੀ ਸਾਉਣੀ ਦਾਣੇ ਵੱਧ ਹੋਣ ਲੱਗੇ। ਪਾਲਾ ਸਿੰਘ ਦਾ ਹੌਂਸਲਾ ਵਧ ਗਿਆ। ਹੁਣ ਤਾਂ ਉਹ ਖੇਤੀ ਦੇ ਕੰਮ ਵਿਚ ਪੂਰੀ ਤਰ੍ਹਾਂ ਰੁੱਝ ਗਿਆ। ਕਦੇ ਉਹ ਖੇਤ ਹੁੰਦਾ ਤੇ ਕਦੇ ਘਰ। ਖੇਤੀ ਦੇ ਕੰਮਾਂ ਨੂੰ ਤਾਂ ਉਸ ਨੇ ਮੂਹਰੇ ਲਾ ਲਿਆ। ਇਨ੍ਹਾਂ ਦਿਨਾਂ ਵਿੱਚ ਘਰ ਵਾਲਿਆਂ ਨੇ ਉਸ ਦਾ ਵਿਆਹ ਲੋਪੋਂ ਪਿੰਡ ਵਿੱਚ ਕਰ ਦਿੱਤਾ। ਹੁਣ ਉਹ ਇੱਕ ਕਬੀਲਦਾਰ ਆਦਮੀ ਬਣ ਗਿਆ। ਸਮੇਂ ਨਾਲ ਉਸ ਦੀ ਖੇਤੀ ਦਾ ਕੰਮ ਚੰਗਾ ਚੱਲ ਪਿਆ। ਉਸ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਸਾਧੂ ਸਿੰਘ ਰੱਖਿਆ ਗਿਆ।

ਅਕਤੂਬਰ 1929 ਵਿੱਚ ਰੂੜ ਸਿੰਘ ਚੂਹੜਚੱਕ ਉਮਰ ਕੈਦ ਦੀ ਸਜ਼ਾ ਕੱਟ ਕੇ ਆਪਣੇ ਪਿੰਡ ਆ ਗਿਆ। ਪਿੰਡ ਵਿੱਚ ਪਹਿਲਾਂ ਹੀ ਪੁਲੀਸ ਦੀ ਚੌਂਕੀ ਬੈਠੀ ਹੋਈ ਸੀ। ਇਸ ਦਾ ਖਰਚਾ ਪਿੰਡਾਂ ਦੇ ਲੋਕਾਂ ਉੱਤੇ ਪਾਇਆ ਜਾਂਦਾ ਸੀ। ਰੂੜ ਸਿੰਘ ਆਉਣ ਸਾਰ ਪਿੰਡ ਵਿੱਚੋਂ ਪੁਲੀਸ ਦੀ ਚੌਂਕੀ ਚੁਕਾਉਣ ਲਈ ਸਰਗਰਮ ਹੋ ਗਿਆ। ਰੂੜ ਸਿੰਘ ਇਕ ਦਿਨ ਪਾਲਾ ਸਿੰਘ ਕੋਲ ਆਇਆ ਕਿ ਪਿੰਡ ਵਿਚੋਂ ਬੰਦੇ ਇਕੱਠੇ ਕਰਕੇ ਪੁਲੀਸ ਚੌਂਕੀ ਦੇ ਵਿਰੁੱਧ ਮੁਜ਼ਾਹਰਾ ਕੀਤਾ ਜਾਵੇ। ਅੰਗਰੇਜ਼ਾਂ ਦਾ ਹੁਣ ਬਹੁਤ ਹੀ ਦਬਦਬਾ ਕਾਇਮ ਹੋ ਗਿਆ ਸੀ। ਲੋਕ ਪੁਲਿਸ ਦੇ ਡਰ ਕਾਰਨ ਉੱਠਣ ਲਈ ਤਿਆਰ ਨਹੀਂ ਸਨ। ਪਾਲਾ ਸਿੰਘ ਤੇ ਰੂੜ ਸਿੰਘ ਢੁੱਡੀਕੇ, ਚੂਹੜਚੱਕ ਤੇ ਲਾਗਲੇ ਪਿੰਡਾਂ ਦੇ ਲੋਕਾਂ ਤੱਕ ਪਹੁੰਚ ਕਰਦੇ ਪਰ ਪਿੰਡਾਂ ਵਿਚੋਂ ਗਿਣਤੀ ਦੇ ਹੀ ਬੰਦੇ ਰੋਸ ਪਰਗਟ ਕਰਨ ਲਈ ਇਕੱਠੇ ਹੁੰਦੇ। ਪਾਲਾ ਸਿੰਘ ਦਾ ਮਨ ਬੜੀ ਦੁਖੀ ਹੁੰਦਾ।

ਸੰਨ 1931 ਵਿੱਚ ਸ: ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਅੰਗਰੇਜ਼ੀ ਸਰਕਾਰ ਨੇ ਅੰਗਰੇਜ਼ ਪੁਲਸ ਅਫ਼ਸਰ ਸਾਂਡਰਸ ਨੂੰ ਮਾਰਨ ਦੇ ਜੁਰਮ ਵਿੱਚ ਫਾਂਸੀ ਦੇ ਦਿੱਤੀ। ਸਾਰੇ ਦੇਸ਼ ਵਿੱਚ ਹਾਹਾਕਾਰ ਮੱਚ ਗਈ। ਹਰ ਜਗ੍ਹਾ ਸ: ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਹੀ ਚਰਚਾ ਸੀ। ਦੇਸ਼ ਦੀ ਅਜ਼ਾਦੀ ਦੀ ਖਾਤਰ ਤਿੰਨੇ ਨੌਜਵਾਨ ਸ਼ਹੀਦ ਹੋ ਗਏ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਕੰਨ ਖੋਲ੍ਹ ਦਿੱਤੇ। ਥਾਂ-ਥਾਂ ਇਨ੍ਹਾਂ ਨੌਜਵਾਨਾਂ ਦੀ ਬਰਾਦਰੀ

ਦੀਆਂ ਗੱਲਾਂ ਹੁੰਦੀਆਂ। ਇੱਕ ਚਰਚਾ ਇਹ ਵੀ ਚੱਲ ਪਈ ਸ: ਭਗਤ ਸਿੰਘ ਜੇਲ੍ਹ ਵਿੱਚ ਹਮੇਸ਼ਾਂ ਹੀ ਕਰਤਾਰ ਸਿੰਘ ਸਰਾਭੇ ਦੀ ਤਸਵੀਰ ਆਪਣੀ ਜੇਬ ਵਿੱਚ ਰੱਖਦਾ ਸੀ। ਇਸ ਗੱਲ ਨੇ ਪਾਲਾ ਸਿੰਘ ਨੂੰ ਹਲੂਣ ਕੇ ਰੱਖ ਦਿੱਤਾ। ਹੁਣ ਪਾਲਾ ਸਿੰਘ ਸੋਚਦਾ ਸੀ ਕਿ ਅੰਗਰੇਜ਼ਾਂ ਨੇ ਗ਼ਦਰ ਪਾਰਟੀ ਨੂੰ ਬੇਸ਼ੱਕ ਕੁਚਲ ਕੇ ਰੱਖ ਦਿੱਤਾ ਹੈ ਪਰ ਗ਼ਦਰੀਆਂ ਦੀਆਂ ਕੁਰਬਾਨੀਆਂ ਐਵੇਂ ਅਜਾਈਂ ਨਹੀਂ ਜਾਣਗੀਆਂ।

ਬਾਬਾ ਪਾਲਾ ਸਿੰਘ ਦੇ ਪੁੱਤਰ ਸਾਧੂ ਸਿੰਘ ਦੀ ਜ਼ਬਾਨੀ

ਪਾਖਰ ਸਿੰਘ ਉਮਰ ਕੈਦ ਦੀ ਲੰਮੀ ਸਜ਼ਾ ਕੱਟ ਕੇ ਸੰਨ 1931 ਵਿੱਚ ਪਿੰਡ ਆ ਗਿਆ ਸੀ। ਬਾਪੂ ਜੀ ਨੂੰ ਉਨ੍ਹਾਂ ਦੇ ਆਉਣ ਦੀ ਬੜੀ ਖੁਸ਼ੀ ਹੋਈ ਸੀ। ਇੱਕ ਵਾਰ ਫੇਰ ਪੁਰਾਣੇ ਸਾਥੀ ਇਕੱਠੇ ਹੋ ਗਏ। ਪਾਖਰ ਸਿੰਘ ਹਰ ਰੋਜ਼ ਬਾਪੂ ਜੀ ਕੋਲ ਆ ਜਾਂਦਾ ਤੇ ਫਿਰ ਘੰਟਿਆਬੱਧੀ ਉਹ ਪੁਰਾਣੀਆਂ ਗੱਲਾਂ ਕਰਦੇ। ਉਨ੍ਹਾਂ ਦੀਆਂ ਗੱਲਾਂ ਮੁੱਕਣ ਵਿੱਚ ਨਾ ਆਉਂਦੀਆਂ। ਕਈ ਵਾਰ ਉਹ ਗੱਲਾਂ ਕਰਕੇ ਬਹੁਤ ਹੱਸਦੇ ਤੇ ਕਈ ਵਾਰ ਗੱਲਾਂ-ਗੱਲਾਂ ਵਿੱਚ ਹੀ ਉਦਾਸ ਹੋ ਜਾਂਦੇ। ਦੋਹਾਂ ਦੇ ਚਿਹਰੇ ਉਤਰ ਜਾਂਦੇ ਜਿਵੇਂ ਉਹ ਕਿਸੇ ਗੱਲ ਉਤੇ ਝੁਰਦੇ ਹੋਣ। ਜਦੋਂ ਵੀ ਮੈਂ ਘਰ ਦੇ ਕੰਮਾਂ ਤੋਂ ਵਿਹਲਾ ਹੁੰਦਾ ਤਾਂ ਉਨ੍ਹਾਂ ਕੋਲ ਆ ਬੈਠਦਾ। ਉਹ ਬੀਤੇ ਦੀਆਂ ਗੱਲਾਂ ਕਰਦੇ।

ਬਾਪੂ ਜੀ ਨੇ ਹਾਂਗਕਾਂਗ ਛੱਡਿਆ ਫੌਜ ਦੀ ਨੌਕਰੀ ਛੱਡੀ। ਘਰ ਦਾ ਕੰਮਕਾਰ ਛੱਡਿਆ। ਘਰ ਦੀ ਹਾਲਤ ਮੰਦੀ ਹੁੰਦੀ ਗਈ। ਇਹੀ ਗਲ ਪਾਖਰ ਸਿੰਘ ਦਾ ਸੀ। ਉਹ ਕੈਨੇਡਾ ਚਲਾ ਗਿਆ ਸੀ। ਉੱਥੇ ਉਹ ਚੰਗੀ ਕਮਾਈ ਕਰ ਰਿਹਾ ਸੀ। ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਕੇ ਦੋਹਾਂ ਨੂੰ ਸਭ ਕੁੱਝ ਭੁੱਲ ਗਿਆ। ਪਾਖਰ ਸਿੰਘ ਦੇ ਘਰ ਦੀ ਹਾਲਤ ਵੀ ਮਾੜੀ ਹੁੰਦੀ ਗਈ। ਪਾਖਰ ਸਿੰਘ ਕੋਕਰੀ ਵਿਆਹਿਆ ਸੀ ਤੇ ਉਸ ਦੀ ਘਰ ਵਾਲੀ ਜਵਾਕ ਲੈ ਕੇ ਪੇਕੀਂ ਚਲੀ ਗਈ ਸੀ। ਇਧਰ ਅਸੀਂ ਵੀ ਐਵੇਂ ਟਾਈਮ ਪਾਸ ਕਰਦੇ ਸੀ।

ਹੁਣ ਜਦੋਂ ਫਿਰ ਇਕੱਠੇ ਹੋ ਗਏ ਤਾਂ ਉਨ੍ਹਾਂ ਦੀਆਂ ਗੱਲਾਂ ਸੁਣਨ ਵਾਲੀਆਂ ਹੁੰਦੀਆਂ ਸੀ। ਉਹ ਜਦੋਂ ਜੇਲ੍ਹ ਦੀਆਂ ਕਹਾਣੀਆਂ ਸੁਣਾਉਂਦੇ ਤਾਂ ਕਈ ਵਾਰ ਦਿਲ ਕੰਬ ਜਾਂਦਾ ਸੀ ਕਿ ਇਹ ਕਿਹੋ ਜਿਹੀ ਮਿੱਟੀ ਦੇ ਬਣੇ ਹੋਏ ਹਨ। ਇਨ੍ਹਾਂ ਨੇ ਏਨੇ ਕਸ਼ਟ ਕਿਵੇਂ ਸਹਾਰੇ। ਇਕ ਗੱਲ ਤਾਂ ਸਾਫ ਸੀ ਕਿ ਕਿਸੇ ਕਿਸਮ ਦਾ ਡਰ ਭੈਅ ਉਨ੍ਹਾਂ ਦੇ ਨੇੜੇ ਤੇੜੇ ਵੀ ਨਹੀਂ ਸੀ। ਇੱਕ ਉਹ ਮੂੰਹ ਫੱਟ ਬਹੁਤ ਸੀ। ਸੱਚੀ ਗੱਲ ਕਹਿਣ ਤੋਂ ਟਾਲਾ ਨਹੀਂ ਸੀ ਵੱਟਦੇ। ਸਾਰੀ ਗੱਲ ਅਗਲੇ ਦੇ ਮੂੰਹ ਉੱਤੇ ਕਹਿੰਦੇ ਸੀ। ਹੋਰ ਤਾਂ ਹੋਰ ਉਹ ਗਾਂਧੀ ਨੂੰ ਬੁਰੀ ਤਰ੍ਹਾਂ ਕੋਸਦੇ ਸਨ। ਗ਼ਦਰ ਪਾਰਟੀ ਤਾਂ ਗ਼ਦਰ ਦੀਆਂ ਤਿਆਰੀਆਂ ਕਰ ਰਹੀ ਸੀ ਤੇ ਮਹਾਤਮਾ ਗਾਂਧੀ ਸਾਡੇ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਹੋ ਕੇ ਅੰਗਰੇਜ਼ਾਂ ਦੀ ਸਹਾਇਤਾ ਕਰਨ ਦੀਆਂ ਅਪੀਲਾਂ ਕਰ ਰਿਹਾ ਸੀ। ਸਾਨੂੰ ਤਾਂ ਆਹ ਗਾਂਧੀ ਨੇ ਮਾਰਿਆ ਬਾਪੂ ਜੀ ਅਕਸਰ ਹੀ ਕਿਹਾ ਕਰਦੇ ਸਨ।

ਬਾਪੂ ਜੀ ਨੂੰ ਇਹ ਵੀ ਵੱਡਾ ਦੁੱਖ ਸੀ ਕਿ ਦੇਸ਼ ਦੇ ਗਦਾਰਾਂ ਨੇ ਪਾਰਟੀ ਦਾ ਬਹੁਤ

ਨੁਕਸਾਨ ਕੀਤਾ ਹੈ। ਉਹ ਸ਼ੁਰੂ ਤੋਂ ਕਿਹਾ ਕਰਦੇ ਸੀ ਕਿ ਗਦਾਰਾਂ ਨੂੰ ਬਿਲਕੁਲ ਮਾਫ ਨਾ ਕਰੋ। ਇਹ ਤੰਗ ਕਰਨਗੇ। ਕਿਰਪਾਲ ਸਿੰਘ ਬਾਰੇ ਤਾਂ ਉਹ ਕਿਹਾ ਕਰਦੇ ਸਨ ਕਿ ਜਦੋਂ ਉਸ ਬਾਰੇ ਸਭ ਕੁੱਝ ਪਤਾ ਲੱਗ ਗਿਆ ਸੀ ਤਾਂ ਪਾਰਟੀ ਨੂੰ ਚਾਹੀਦਾ ਸੀ ਕਿ ਉਹ ਕਿਰਪਾਲ ਨੂੰ ਗੋਲੀ ਮਾਰ ਦਿੰਦੀ।

ਬਾਪੂ ਜੀ ਨੂੰ ਲੋਕ ਮਿਲਣ ਬਹੁਤ ਆਉਂਦੇ ਸਨ। ਸੱਜਣ ਸਿੰਘ ਨਾਰੰਗਵਾਲ ਤਾਂ ਬਹੁਤ ਆਉਂਦਾ ਸੀ। ਦੁਆਬੇ ਤੇ ਮਾਝੇ ਤੋਂ ਵੀ ਬਹੁਤ ਬੰਦੇ ਆਉਂਦੇ ਸੀ। ਮਾਲਵਿੰਦਰਜੀਤ ਸਿੰਘ ਵੀ ਬਹੁਤ ਵਾਰ ਆਇਆ। ਬਾਪੂ ਜੀ ਕੋਲੋਂ ਉਸ ਨੇ ਬਹੁਤ ਵਾਰ ਪੁੱਛਗਿੱਛ ਕੀਤੀ। ਕਈ ਲੋਕ ਉਨ੍ਹਾਂ ਦੀਆਂ ਗੱਲਾਂ ਬਾਤਾਂ ਰਿਕਾਰਡ ਕਰਕੇ ਵੀ ਲੈ ਕੇ ਗਏ। ਪਿੰਡ ਢੁੱਡੀਕੇ ਦੇ ਕਾਲਜ ਵਿੱਚ ਇੱਕ ਪ੍ਰਿੰਸੀਪਲ ਆਏ ਸੀ। ਉਨ੍ਹਾਂ ਦਾ ਨਾਮ ਸੀ ਧਰਮ ਸਿੰਘ ਸਹੋਤਾ। ਉਹ ਵੀ ਬਾਪੂ ਜੀ ਕੋਲ ਬਹੁਤ ਆਉਂਦੇ ਸੀ। ਬਾਪੂ ਜੀ ਗੱਲਾਂ ਕਰਦੇ ਤਾਂ ਪ੍ਰਿੰਸੀਪਲ ਸਾਹਿਬ ਉਹ ਗੱਲਾਂ ਨੋਟ ਕਰੀ ਜਾਂਦੇ। ਫਿਰ ਉਨ੍ਹਾਂ ਇੱਕ ਕਿਤਾਬ ਲਿਖੀ- ਢੁੱਡੀਕੇ ਦੇ ਗ਼ਦਰੀ ਬਾਬੇ ਪਿੰਡ ਢੁੱਡੀਕੇ ਦੇ ਗ਼ਦਰੀਆਂ ਬਾਰੇ ਇਹ ਪਹਿਲੀ ਕਿਤਾਬ ਸੀ। ਬਾਹਰੋਂ ਆ ਕੇ ਬੰਦਾ ਪਿੰਡ ਢੁੱਡੀਕੇ ਬਾਰੇ ਲਿਖ ਗਿਆ।

ਦੇਸ਼ ਦੀ ਵੰਡ ਸਮੇਂ

ਪਾਲਾ ਸਿੰਘ ਨੂੰ 1946 ਵਿੱਚ ਸ਼ਰੋਮਣੀ ਅਕਾਲੀ ਦਲ ਨੇ ਪਿੰਡ ਦਾ ਜੱਥੇਦਾਰ ਨਿਯੁਕਤ ਕਰ ਦਿੱਤਾ ਸੀ। ਇਸ ਸਮੇਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਰਾਸ਼ਟਰੀ ਲਹਿਰਾਂ ਦਾ ਜ਼ੋਰ ਸੀ। ਅੰਗਰੇਜ਼ਾਂ ਦੀ ਫੁੱਟ ਪਾਊ ਤੇਰਾਜ ਕਰੋ ਦੀ ਨੀਤੀ ਕਾਰਨ ਫਿਰਕੂ ਭਾਵਨਾਵਾਂ ਵੀ ਵਧ ਰਹੀਆਂ ਸਨ। ਹਿੰਦੂ, ਸਿੱਖ ਤੇ ਮੁਸਲਮਾਨ ਇਕ ਦੂਜੇ ਤੋਂ ਦੂਰ ਹੋ ਰਹੇ ਸਨ। ਬੰਗਾਲ, ਬਿਹਾਰ, ਬੰਬਈ, ਅਹਿਮਦਾਬਾਦ, ਪੰਜਾਬ ਤੇ ਦੇਸ਼ ਦੇ ਹੋਰਨਾਂ ਭਾਗਾਂ ਵਿੱਚ ਫਿਰਕੂ ਦੰਗੇ ਭੜਕ ਉੱਠੇ ਸਨ। ਇਨ੍ਹਾਂ ਹਾਲਤਾਂ ਵਿੱਚ ਲਾਰਡ ਮਾਊਂਟ ਬੈਟਨ ਨੇ 3 ਜੂਨ 1947 ਨੂੰ ਦੇਸ਼ ਦੀ ਵੰਡ ਦੀ ਯੋਜਨਾ ਤਿਆਰ ਕਰ ਲਈ। ਇਸ ਨੂੰ ਮੁਸਲਿਮ ਲੀਗ ਤੇ ਕਾਂਗਰਸ ਨੇ ਸਵੀਕਾਰ ਕਰ ਲਿਆ। ਸਿੱਟੇ ਵਜੋਂ 15 ਅਗਸਤ 1947 ਨੂੰ ਭਾਰਤ ਅਜ਼ਾਦ ਹੋ ਗਿਆ ਪਰ ਦੇਸ਼ ਦੇ ਦੋ ਟੁਕੜੇ ਹੋ ਗਏ। ਹਿੰਦੁਸਤਾਨ ਤੇ ਪਾਕਿਸਤਾਨ। ਇਸ ਵੰਡ ਦਾ ਪੰਜਾਬ ਪਰਾਂਤ ਉੱਤੇ ਸਭ ਤੋਂ ਮਾੜਾਅਸਰ ਪਿਆ। ਪੱਛਮੀ ਤੇ ਪੂਰਬੀ ਪੰਜਾਬ ਵਿੱਚ ਫਿਰਕੂ ਹਨ੍ਹੇਰੀ ਨੇ ਚੰਗੇ ਭਲੇ ਇਨਸਾਨਾਂ ਨੂੰ ਇਕਦਮ ਜ਼ਾਲਮ ਤੇ ਪਸ਼ੂਆਂ ਵਰਗੇ ਬਣਾ ਦਿੱਤਾ। ਕਤਲੋਗਾਰਤ ਸ਼ੁਰੂ ਹੋ ਗਈ। ਮਾਰਧਾੜ ਤੇ ਲੁੱਟਾਂ ਖੋਹਾਂ ਦਾ ਬਜ਼ਾਰ ਗਰਮ ਹੋ ਗਿਆ। ਇਸਤਰੀਆਂ ਦੀ ਇੱਜ਼ਤ ਮਹਿਫੂਜ਼ ਨਾ ਰਹੀ। ਨਿੱਕੇ-ਨਿੱਕੇ ਮਾਸੂਮ ਬੱਚੇ, ਪੁਰਸ਼ ਤੇ ਇਸਤਰੀਆਂ ਨੂੰ ਕੁਹਾੜੀਆਂ ਤੇ ਵਰਛਿਆਂ ਨਾਲ ਵੱਢ ਕੇ ਮੌਤ ਦੇ ਘਾਟ ਉਤਾਰਿਆ ਗਿਆ। ਘੁੱਗ ਵਸਦੇ ਘਰ ਤਬਾਹ ਕਰ ਦਿੱਤੇ। ਚਾਰੇ ਪਾਸੇ ਮੌਤ ਦਾ ਤਾਂਡਵ ਨਾਚ ਹੋ ਰਿਹਾ ਸੀ। ਨਹਿਰਾਂ ਤੇ ਸੂਏ ਲਾਸ਼ਾਂ ਨਾਲ ਭਰ ਗਏ ਸਨ। ਥਾਂ-ਥਾਂ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਸੀ।

ਇਨ੍ਹਾਂ ਫਸਾਦਾਂ ਵਿੱਚ ਲਗਭਗ ਇੱਕ ਕਰੋੜ ਹਿੰਦੂ ਤੇ ਸਿੱਖ ਪਾਕਿਸਤਾਨ ਤੋਂ ਸ਼ਰਨਾਰਥੀਆਂ ਦੇ ਰੂਪ ਵਿੱਚ ਭਾਰਤ ਆਏ ਤੇ ਏਥੋਂ ਕੋਈ 50 ਲੱਖ ਮੁਸਲਮਾਨ ਪਾਕਿਸਤਾਨ ਨੂੰ ਗਏ। ਲਗਭਗ ਛੇ ਲੱਖ ਪੁਰਸ਼, ਇਸਤਰੀਆਂ ਤੇ ਬੱਚੇ ਕਤਲ ਕੀਤੇ ਗਏ। ਸੰਸਾਰ ਦੇ ਇਤਿਹਾਸ ਵਿੱਚ ਏਨੇ ਵੱਡੇ ਪੱਧਰ ਉੱਤੇ ਅਬਾਦੀ ਦੇ ਵਟਾਂਦਰੇ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਦੇਸ਼ ਦੀ ਵੰਡ ਤੋਂ ਪਹਿਲਾਂ ਮੁਸਲਿਮ ਲੀਗ ਦਾ ਇਹ ਆਮ ਨਾਅਰਾ ਸੀ ਕਿ ਪਾਕਿਸਤਾਨ ਬਣ ਕੇ ਰਹੇਗਾ। ਹੱਲਾ ਗੁੱਲਾ ਜ਼ਰੂਰ ਉੱਠੇਗਾ। ਲੋਕਾਂ ਵਿੱਚ ਇਹ ਆਮ ਚਰਚਾ ਸੀ। ਪਾਲਾ ਸਿੰਘ ਜਦੋਂ ਦਾ ਪਿੰਡ ਵਿੱਚ ਜਥੇਦਾਰ ਬਣਿਆ ਸੀ ਤਾਂ ਉਹ ਪੂਰਾ

ਸੁਚੇਤ ਹੋ ਕੇ ਚੱਲ ਰਿਹਾ ਸੀ ਕਿ ਪਿੰਡ ਵਿੱਚ ਜਾਂ ਇਲਾਕੇ ਵਿੱਚ ਕੋਈ ਭੈੜੀ ਘਟਨਾ ਨਾ ਵਾਪਰੇ। ਪਾਲਾ ਸਿੰਘ ਨੇ ਆਪਣੇ ਸਾਥੀਆਂ ਨਾਲ਼ ਮਿਲ ਕੇ ਪਿੰਡ ਵਿੱਚ ਇਕ ਚੰਗਾ ਜੱਥਾ ਬਣਾ ਲਿਆ ਜਿਸ ਕੋਲ ਡਾਂਗਾਂ, ਕਿਰਪਾਨਾਂ ਤੇ ਬਰਛੇ ਹੁੰਦੇ। ਉਹ ਪਿੰਡ ਵਿੱਚ ਸਖ਼ਤ ਨਜ਼ਰ ਰੱਖਦੇ। ਦੇਸ਼ ਦੀ ਵੰਡ ਸਮੇਂ ਪਿੰਡ ਵਿੱਚ ਨਿੱਕੀਆਂ ਮੋਟੀਆਂ ਘਟਨਾਵਾਂ ਨੂੰ ਛੱਡ ਕੇ ਕੋਈ ਖਾਸ ਘਟਨਾ ਨਾ ਵਾਪਰੀ। ਪਿੰਡ ਦਾ ਇਹ ਜੱਥਾ ਪਿੰਡ ਦੇ ਮੁਸਲਮਾਨਾਂ ਨੂੰ ਕਾਫਲੇ ਵਿੱਚ ਛੱਡ ਕੇ ਆਉਂਦਾ। ਰੋਟੀ ਪਾਣੀ ਦਾ ਪ੍ਰਬੰਧ ਵੀ ਕਰ ਲਿਆ ਜਾਂਦਾ ਸੀ। ਆਪਣੇ ਮੁਸਲਮਾਨ ਭਰਾਵਾਂ ਨੂੰ ਇੱਜ਼ਤ ਤੇ ਸੁਰੱਖਿਆ ਨਾਲ ਤੋਰ ਕੇ ਪਾਲਾ ਸਿੰਘ ਤੇ ਉਸ ਦੇ ਸਾਥੀਆਂ ਨੇ ਇਨਸਾਨੀਅਤ ਦੀ ਮਿਸਾਲ ਪੈਦਾ ਕੀਤੀ।

ਪੰਜਾਬੀ ਸੂਬੇ ਦਾ ਮੋਰਚਾ

ਪੰਜਾਬ ਵਿੱਚ ਪੰਜਾਬੀ ਸੂਬੇ ਦਾ ਮੋਰਚਾ ਭਖ ਪਿਆ। ਪੰਜਾਬੀ ਸੂਬਾ ਬਣਾਉਣ ਲਈ ਲੋਕਾਂ ਦੀਆਂ ਭਾਵਨਾਵਾਂ ਦਿਨੋ ਦਿਨ ਵਧ ਰਹੀਆਂ ਸਨ। ਹਰ ਗਲੀ ਮੁਹੱਲੇ ਵਿੱਚ ਪੰਜਾਬੀ ਸੂਬੇ ਦੀ ਚਰਚਾ ਹੋ ਰਹੀ ਸੀ। ਇਹ ਮਸਲਾ ਕਈ ਸਾਲਾਂ ਤੋਂ ਚਰਚਾ ਵਿੱਚ ਆ ਗਿਆ ਸੀ। ਅਕਤੂਬਰ 1949 ਈ: ਵਿੱਚ ਹੀ ਭਾਸ਼ਾਈ ਮਸਲੇ ਨੂੰ ਹੱਲ ਕਰਨ ਅਤੇ ਹਿੰਦੂਆਂ ਤੇ ਸਿੱਖਾਂ ਨੂੰ ਸੰਤੁਸ਼ਟ ਕਰਨ ਦੇ ਮੰਤਵ ਨਾਲ ਉਸ ਵੇਲੇ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਤੇ ਮੰਤਰੀ ਗਿਆਨੀ ਕਰਤਾਰ ਸਿੰਘ ਨੇ ਇੱਕ ਯੋਜਨਾ ਬਣਾਈ ਸੀ ਜਿਸ਼ ਨੂੰ ਸੱਚਰ ਫਾਰਮੂਲਾ ਕਿਹਾ ਜਾਂਦਾ ਹੈ। ਪੰਜਾਬ ਵਿੱਚ ਇੱਕ ਵੱਖਰੀ ਸੁਰ ਵੀ ਉੱਠ ਖਲੋਤੀ। ਪੰਜਾਬ ਦੇ ਮਹਾਸ਼ਾ ਅਖ਼ਬਾਰਾਂ ਨੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਪੰਜਾਬ ਦੇ ਹਿੰਦੂ ਵੀਰ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ। ਮਰਦਮਸ਼ੁਮਾਰੀ ਵਿੱਚ ਇਸ ਪ੍ਰਚਾਰ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਪੰਜਾਬੀ ਬੋਲਣ ਵਾਲੇ ਆਪਣੀ ਮਾਂ ਬੋਲੀ ਹਿੰਦੀ ਦੱਸਣ ਲੱਗੇ।

ਸੰਨ 1957 ਵਿੱਚ ਰਿਜਨਲ ਫਾਰਮੂਲਾ ਆ ਗਿਆ ਪਰ ਪੰਜਾਬੀ ਸੂਬੇ ਦੀ ਗੱਲ ਕਿਸੇ ਤਣ ਪੱਤਣ ਨਾ ਲੱਗੀ। ਲੋਕਾਂ ਵਿੱਚ ਪੰਜਾਬੀ ਸੂਬਾ ਬਣਾਉਣ ਲਈ ਬੜਾ ਉਤਸ਼ਾਹ ਸੀ ਜਿਸ ਕਰਕੇ ਇਹ ਮੰਗ ਜ਼ੋਰ ਫੜਦੀ ਗਈ। ਮੋਰਚਾ ਭਖਦਾ ਗਿਆ ਤੇ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਪਿੰਡ ਢੁੱਡੀਕੇ ਵਿੱਚ ਲੋਕਾਂ ਨੇ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਲਈ ਗੁਰਦੁਆਰਾ ਸਾਹਿਬ ਵਿਚ ਇਕੱਠ ਕਰ ਲਿਆ ਤੇ ਫਿਰ ਪਾਲਾ ਸਿੰਘ, ਸਾਉਣ ਸਿੰਘ, ਭਾਨ ਸਿੰਘ, ਨਰੰਜਨ ਸਿੰਘ, ਕਰਤਾਰ ਸਿੰਘ, ਲਾਲ ਸਿੰਘ, ਗਿਆਨੀ ਭਾਗ ਸਿੰਘ, ਬੰਤਾ ਸਿੰਘ, ਲਹੌਰਾ ਸਿੰਘ, ਨਰੂ ਸਿੰਘ ਤੇ ਕਪੂਰ ਸਿੰਘ ਨਿਹੰਗ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਮੋਰਚੇ ਵਿੱਚ ਸ਼ਾਮਲ ਹੋਣ ਲਈ ਚੱਲ ਪਏ। ਇਹ ਜੱਥਾ ਅੰਮ੍ਰਿਤਸਰ ਵਿਖੇ ਗ੍ਰਿਫ਼ਤਾਰ ਹੋ ਗਿਆ। ਇਸ ਜੱਥੇ ਨੂੰ ਕਈ ਦਿਨਾਂ ਬਾਅਦ ਬਹੁਤ ਸਾਰੀਆਂ ਧਾਰਾਵਾਂ ਲਾ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ।

ਜੱਜ ਸਾਹਿਬ ਨੇ ਪਾਲਾ ਸਿੰਘ ਨੂੰ ਸਵਾਲ ਕੀਤਾ, "ਤੁਹਾਡਾ ਨਾਮ?"

"ਦਲ ਸਿੰਘ!" ਪਾਰਟੀ ਵਿੱਚ ਪਾਲਾ ਸਿੰਘ ਨੂੰ ਦਲ ਸਿੰਘ ਦੇ ਨਾਮ ਨਾਲ ਬੁਲਾਇਆ ਜਾਂਦਾ ਸੀ।

"ਤੇਰਾ ਪਿੰਡ?" ਅਗਲਾ ਸਵਾਲ ਸੀ।

"ਅਨੰਦਪੁਰ ਸਾਹਿਬ!"

"ਤੇਰੇ ਪਿਤਾ ਦਾ ਨਾਮ?"

"ਸ੍ਰੀ ਗੁਰੂ ਗੋਬਿੰਦ ਸਿੰਘ!"

"ਮਾਤਾ ਦਾ ਨਾਮ?"

"ਮਾਤਾ ਗੁਜਰੀ!" ਪਾਲਾ ਸਿੰਘ ਦਾ ਜਵਾਬ ਸੀ।

ਜੱਜ ਬੜਾ ਹੈਰਾਨ ਸੀ ਕਿ ਇਹ ਬੰਦਾ ਕਿਸ ਤਰ੍ਹਾਂ ਦੇ ਜਵਾਬ ਦੇ ਰਿਹਾ ਹੈ। ਜੱਜ ਨੇ ਅੱਕ ਕੇ ਪਾਲਾ ਸਿੰਘ ਨੂੰ ਤਿੰਨ ਸਾਲ ਦੀ ਕੈਦ ਤੇ 1500 ਰੁਪਏ ਜੁਰਮਾਨਾ ਕਰ ਦਿੱਤਾ।

"ਹੋਰ ਸਜ਼ਾ ਦੇ ਸਕਦੈਂ ਤਾਂ ਹੋਰ ਵੀ ਦੇ ਛੱਡ। ਮੈਨੂੰ ਕੋਈ ਪਰਵਾਹ ਨਹੀਂ।" ਪਾਲਾ ਸਿੰਘ ਨੇ ਗੜ੍ਹਕੇ ਨਾਲ ਕਿਹਾ ਤੇ ਇਧਰ ਉਸ ਨੇ ਆਪਣੇ ਘਰ ਸੁਨੇਹਾ ਭੇਜ ਦਿੱਤਾ ਕਿ ਉਸ ਦੀ ਮੁਲਾਕਾਤ ਕਰਨ ਲਈ ਕੋਈ ਵੀ ਨਾ ਆਵੇ। ਮੁਲਾਕਾਤ ਕਰਨ ਨਾਲ ਉਸ ਦਾ ਅਸਲੀ ਨਾਮ ਤੇ ਪਿੰਡ ਬਾਰੇ ਪਤਾ ਲੱਗ ਜਾਵੇਗਾ। ਉਸ ਨੇ ਤਾਂ ਆਪਣਾ ਪਿੰਡ ਅਨੰਦਪੁਰ ਸਾਹਿਬ ਲਿਖਵਾਇਆ ਹੈ, ਉਥੋਂ ਭਲਾ ਕਿਹੜੀ ਜਾਣਕਾਰੀ ਮਿਲ ਸਕਦੀ ਹੈ।

ਪਿੰਡ ਢੁੱਡੀਕੇ ਤੋਂ ਸੱਚਮੁੱਚ ਹੀ ਪਾਲਾ ਸਿੰਘ ਦੀ ਮੁਲਾਕਾਤ ਕਰਨ ਕੋਈ ਨਾ ਗਿਆ। ਪਰਿਵਾਰ ਵਾਲਿਆਂ ਵੱਲੋਂ ਕੋਈ ਚੀਜ਼ ਵਸਤੂ ਕਿਸੇ ਹੋਰ ਦੇ ਹੱਥ ਉਸ ਨੂੰ ਭੇਜ ਦਿੱਤੀ ਜਾਂਦੀ ਸੀ। ਜੇਲ੍ਹ ਵਾਲੇ ਪਾਲਾ ਸਿੰਘ ਦੇ ਅਸਲੀ ਥਾਂ ਟਿਕਾਣੇ ਪਤਾ ਕਰਨ ਵਿਚ ਸਫ਼ਲ ਨਾ ਹੋ ਸਕੇ। ਪਾਲਾ ਸਿੰਘ ਫਰੀਦਕੋਟ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਸੀ। ਅੱਠ ਮਹੀਨੇ ਬਾਅਦ ਪਾਕਿਸਤਾਨ ਨਾਲ ਭਾਰਤ ਦੀ ਜੰਗ ਲੱਗ ਗਈ। ਸਰਕਾਰ ਨੇ ਸਾਰੇ ਕੈਦੀ ਛੱਡ ਦਿੱਤੇ। ਇਸ ਤਰ੍ਹਾਂ ਪਾਲਾ ਸਿੰਘ ਦੀ ਸਜ਼ਾ ਆਪ ਹੀ ਕੱਟੀ ਗਈ। ਨਾ ਉਸ ਨੇ ਕੋਈ ਜੁਰਮਾਨਾ ਭਰਿਆ ਤੇ ਅੱਠ ਮਹੀਨੇ ਬਾਅਦ ਉਹ ਆਪਣੇ ਸਾਥੀਆਂ ਸਮੇਤ ਰਿਹਾਅ ਹੋ ਕੇ ਪਿੰਡ ਆ ਗਏ। ਸੰਨ 1966 ਵਿੱਚ ਜਦੋਂ ਪੰਜਾਬੀ ਸੂਬਾ ਹੋਂਦ ਵਿਚ ਆ ਗਿਆ ਤਾਂ ਪਾਲਾ ਸਿੰਘ ਬਹੁਤ ਖੁਸ਼ ਹੋਇਆ ਸੀ।

ਪਾਲਾ ਸਿੰਘ ਦੀ ਪੈਨਸ਼ਨ ਲੱਗ ਗਈ

ਇੱਕ ਦਿਨ ਸੱਜਣ ਸਿੰਘ ਨਾਰੰਗਵਾਲ ਪਾਲਾ ਸਿੰਘ ਨੂੰ ਮਿਲਣ ਉਸ ਦੇ ਘਰ ਪਿੰਡ ਢੁੱਡੀਕੇ ਵਿਖੇ ਆ ਗਿਆ। ਸੱਜਣ ਸਿੰਘ ਨਾਰੰਗਵਾਲ ਹਜ਼ਾਰੀ ਬਾਗ ਜੇਲ੍ਹ ਵਿੱਚ ਪਾਲਾ ਸਿੰਘ ਦੇ ਨਾਲ ਰਿਹਾ ਸੀ। ਦੋਵੇਂ ਚੰਗੇ ਗੂੜ੍ਹੇ ਮਿੱਤਰ ਸਨ। ਸੱਜਣ ਸਿੰਘ ਨੇ ਆ ਕੇ ਪਾਲਾ ਸਿੰਘ ਦਾ ਘਰ ਵੇਖਿਆ। ਉਸ ਵੇਲੇ ਪਾਲਾ ਸਿੰਘ ਆਪਣਾ ਅੰਦਰਲਾ ਘਰ ਛੱਡ ਕੇ ਪਿੰਡ ਦੀ ਫਿਰਨੀ ਉੱਪਰ ਬਣੇ ਆਪਣੇ ਬਾਹਰਲੇ ਘਰ ਵਿੱਚ ਰਹਿ ਰਿਹਾ ਸੀ। ਅੰਦਰਲਾ ਘਰ ਕੱਚਾ ਹੋਣ ਕਰਕੇ ਮੀਂਹ ਵਿੱਚ ਢਹਿ ਗਿਆ ਸੀ। ਇਹ ਬਾਹਰਲਾ ਘਰ ਵੀ ਕੱਚਾ ਤੇ ਨਿੱਕਾ ਜਿਹਾ ਸੀ। ਐਵੇਂ ਦਿਨ ਲੰਘਾਉਣ ਵਾਲੀ ਗੱਲ ਸੀ। ਉਸ ਦਿਨ ਪਾਲਾ ਸਿੰਘ ਤਾਂ ਘਰ ਨਹੀਂ ਸੀ ਪਰ ਸੱਜਣ ਸਿਘ ਪਾਲਾ ਸਿੰਘ ਦੇ ਘਰ ਦੀ ਹਾਲਤ ਵੇਖ ਕੇ ਬਹੁਤ ਦੁਖੀ ਹੋਇਆ ਕਿ ਦੇਸ਼ ਦੀ ਅਜ਼ਾਦੀ ਦੀ ਖਾਤਰ ਲੜਨ ਵਾਲੇ ਇਨਸਾਨ ਦੀ ਏਨੀ ਮੰਦੀ ਹਾਲਤ ਹੈ ਕਿ ਉਸ ਕੋਲ ਗੁਜ਼ਾਰੇ ਜੋਗਾ ਘਰ ਵੀ ਨਹੀਂ। ਸਾਰੀ ਉਮਰ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿੱਚ ਕਸ਼ਟ ਸਹਿਣ ਵਾਲਾ ਕਿਵੇਂ ਦਿਨ ਕੱਟ ਰਿਹਾ ਹੈ। ਉਸ ਨੇ ਪਾਲਾ ਸਿੰਘ ਦੇ ਪਰਿਵਾਰ ਨਾਲ ਗੱਲ ਸਾਂਝੀ ਕੀਤੀ ਕਿ ਉਸ ਨੂੰ ਤਾਂ ਹੁਣ ਤੱਕ ਅਜ਼ਾਦੀ ਘੁਲਾਟੀਏ ਵਜੋਂ ਪੈਨਸ਼ਨ ਲੱਗ ਜਾਣੀ ਚਾਹੀਦੀ ਸੀ। ਘਰ ਵਾਲਿਆਂ ਨੇ ਸਾਫ਼ ਦੱਸ ਦਿੱਤਾ ਕਿ ਪਾਲਾ ਸਿੰਘ ਪੈਨਸ਼ਨ ਲਵਾਉਣ ਲਈ ਰਾਜ਼ੀ ਨਹੀਂ। ਉਸ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਕੁਰਬਾਨੀ ਦਾ ਮੁੱਲ ਨਹੀਂ ਵੱਟਣਾ।

ਸੱਜਣ ਸਿੰਘ ਤੇ ਪਾਲਾ ਸਿੰਘ ਸਿੰਘ ਲੁਧਿਆਣੇ ਫਿਰ ਇਕੱਠੇ ਹੋਏ। ਸੱਜਣ ਸਿੰਘ ਨੇ ਜ਼ੋਰ ਪਾ ਕੇ ਪਾਲਾ ਸਿੰਘ ਨੂੰ ਪੈਨਸ਼ਨ ਲਵਾਉਣ ਲਈ ਮਨਾ ਲਿਆ। ਭਾਈ ਰਨਧੀਰ ਸਿੰਘ ਨਾਰੰਗਵਾਲ ਨੇ ਵੀ ਪਾਲਾ ਸਿੰਘ ਦੀ ਮਦਦ ਕੀਤੀ ਤੇ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜ ਦਿੱਤਾ। ਅਖੀਰ ਪਾਲਾ ਸਿੰਘ ਦੀ 30 ਰੁਪਏ ਮਹੀਨਾ ਪੈਨਸ਼ਨ ਲੱਗ ਗਈ। ਉਸ ਵੇਲੇ ਤੀਹ ਰੁਪਏ ਦੀ ਕੋਈ ਕੀਮਤ ਸੀ। ਪੈਨਸ਼ਨ ਮਿਲਣ ਨਾਲ ਪਾਲਾ ਸਿੰਘ ਦਾ ਹੱਥ ਸੌਖਾ ਰਹਿੰਦਾ। ਪਾਲਾ ਸਿੰਘ ਨੂੰ ਤੀਹ ਰੁਪਏ ਹੀ ਕਾਫੀ ਵੱਡੀ ਰਾਸ਼ੀ ਲੱਗਦੀ।

ਪਾਲਾ ਸਿੰਘ ਦੀ ਪੈਨਸ਼ਨ ਬੰਦ

ਦਿੱਲੀ ਵਿੱਚ ਇੱਕ ਗੁਰਦੁਆਰਾ ਸੰਘਰਸ ਚੱਲ ਰਿਹਾ ਸੀ ਤੇ ਪੰਜਾਬ ਵਿੱਚੋਂ ਵੀ ਲੋਕ ਜੱਥੇ ਲੈ ਕੇ ਦਿੱਲੀ ਜਾਣ ਲੱਗ ਪਏ ਸਨ। ਪਾਲਾ ਸਿੰਘ ਭਲਾ ਕਿਵੇਂ ਚੁੱਪ ਕਰਕੇ ਘਰ ਬੈਠਾ ਰਹਿੰਦਾ। ਉਹ ਤਾਂ ਇਸ ਗੱਲ ਉੱਤੇ ਮਾਣ ਕਰਿਆ ਕਰਦਾ ਸੀ ਕਿ ਅਸੀਂ ਗ਼ਦਰ ਪਾਰਟੀ ਵਿੱਚ ਕੰਮ ਕੀਤਾ ਹੈ ਤੇ ਅੰਗਰੇਜ਼ੀ ਸਰਕਾਰ ਅੱਗੇ ਵੀ ਝੁਕੇ ਨਹੀਂ। ਕੋਈ ਡਰ ਭੈਅ ਤਾਂ ਉਸ ਦੇ ਸੁਭਾਅ ਵਿੱਚ ਹੀ ਨਹੀਂ ਸੀ। ਪਾਲਾ ਸਿੰਘ ਵੀ ਇੱਕ ਜੱਥੇ ਵਿੱਚ ਸ਼ਾਮਲ ਹੋ ਕੇ ਦਿੱਲੀ ਪਹੁੰਚ ਗਿਆ ਜਿਥੇ ਉਸਨੂੰ ਜੱਥੇ ਸਮੇਤ ਗ੍ਰਿਫ਼ਤਾਰ ਕਰਕੇ ਹਵਾਲਾਤ ਵਿੱਚ ਬੰਦ ਕਰ ਦਿੱਤਾ। ਪਾਲਾ ਸਿੰਘ ਜੇਲ੍ਹ ਜਾਣ ਸਮੇਂ ਘਰ ਵਾਲਿਆਂ ਨੂੰ ਪਹਿਲਾਂ ਹੀ ਆਖ ਛੱਡਦਾ ਸੀ ਕਿ ਉਸ ਦੇ ਪਿੱਛੇ ਕੋਈ ਨਾ ਆਵੇ। ਉਸ ਦਾ ਮਤਲਬ ਸੀ ਕਿ ਪਿੱਛੋਂ ਘਰ ਦੇ ਜੀਅ ਕਿਉਂ ਪਰੇਸ਼ਾਨ ਹੁੰਦੇ ਫਿਰਨ। ਉਹ ਆਪਣੀ ਬਣੀ ਜੁੜੀ ਆਪੇ ਕੱਟੇਗਾ।

ਦਿੱਲੀ ਵਿੱਚ ਉਹ ਕਈ ਮਹੀਨੇ ਜੇਲ੍ਹ ਵਿੱਚ ਰਿਹਾ। ਰਿਹਾਈ ਤੋਂ ਬਾਅਦ ਉਹ ਪਿੰਡ ਆਇਆ ਤੇ ਉਸ ਦੀ ਪੈਨਸ਼ਨ ਬੰਦ ਹੋ ਚੁੱਕੀ ਸੀ। ਸੱਜਣ ਸਿੰਘ ਤੇ ਭਾਈ ਰਨਧੀਰ ਸਿੰਘ ਹੋਰਾਂ ਨੇ ਭੱਜ ਨੱਠ ਕਰਕੇ ਮਸਾਂ ਪੈਨਸ਼ਨ ਲਵਾਈ ਸੀ। ਤੀਹ ਰੁਪਏ ਮਹੀਨਾ ਮਿਲ ਜਾਂਦੇ ਸਨ। ਹੁਣ ਉਹ ਵੀ ਗਏ। ਪਾਲਾ ਸਿੰਘ ਘਰ ਆ ਕੇ ਆਪਣੇ ਕੰਮ ਵਿੱਚ ਰੁੱਝ ਗਿਆ। ਪੈਸੇ ਦੀ ਤਾਂ ਉਸ ਨੂੰ ਲੋੜ ਸੀ ਪਰ ਉਹ ਕਦੇ ਕਿਸੇ ਕੋਲ ਆਪਣੀ ਪੈਨਸ਼ਨ ਚਾਲੂ ਕਰਵਾਉਣ ਲਈ ਨਾ ਗਿਆ। ਉਸ ਦੇ ਲੜਕੇ ਸਾਧੂ ਸਿੰਘ ਨੇ ਘਰ ਦਾ ਕੰਮ ਕਾਜ ਸੰਭਾਲ ਲਿਆ ਸੀ। ਪਾਲਾ ਸਿੰਘ ਤਾਂ ਹੁਣ ਕੋਈ ਕੰਮ ਨਹੀਂ ਸੀ ਕਰਦਾ। ਨੀਲਾ ਚੋਲਾ, ਨੀਲੀ ਪੱਗ ਤੇ ਹੱਥ ਵਿੱਚ ਖੂੰਡਾ। ਬੱਸ ਉਹ ਬਾਹਰੋਂ ਆਏ ਗਏ ਨਾਲ ਗੱਲਬਾਤ ਕਰ ਲੈਂਦਾ। ਉਸ ਨੂੰ ਦੁੱਖ ਹੁੰਦਾ ਸੀ ਕਿ ਦੇਸ਼ ਅਜ਼ਾਦ ਹੋ ਕੇ ਵੀ ਤਰੱਕੀ ਨਹੀਂ ਕਰ ਸਕਿਆ। ਲੋਕਾਂ ਦਾ ਜੀਵਨ ਜਿਸ ਤਰ੍ਹਾਂ ਦਾ ਹੋਣਾ ਚਾਹੀਦਾ ਸੀ ਉਸ ਤਰ੍ਹਾਂ ਦਾ ਨਹੀਂ। ਸਮੇਂ ਦੇ ਹਿਸਾਬ ਨਾਲ ਕੁਝ ਤਰੱਕੀ ਤਾਂ ਹੋਣੀ ਸੀ ਪਰ ਇਸ ਉੱਤੇ ਮਾਣ ਕਰਨ ਵਾਲੀ ਕੋਈ ਗੱਲ ਨਹੀਂ। ਲੋਕਾਂ ਨੂੰ ਪੂਰੀਆਂ ਸਹੂਲਤਾਂ ਨਹੀਂ। ਇੱਕ ਵਿੱਦਿਆ ਮੁਫ਼ਤ ਤੇ ਦੂਜਾ ਸਿਹਤ ਸਹੂਲਤਾਂ ਮੁਫ਼ਤ। ਇਹ ਦੋਵੇਂ ਸਹੂਲਤਾਂ ਤਾਂ ਹਰ ਹਾਲਤ ਵਿੱਚ ਮਿਲਣੀਆਂ ਚਾਹੀਦੀਆਂ ਹਨ। ਉਹ ਇਨ੍ਹਾਂ ਗੱਲਾਂ ਦਾ ਵਿਸ਼ੇਸ਼ ਜ਼ਿਕਰ ਕਰਦਾ ਸੀ। ਪਰ ਉਸਨੂੰ ਆਪਣੀ ਬੰਦ ਪੈਨਸ਼ਨ ਦਾ ਕੋਈ ਅਫ਼ਸੋਸ ਨਹੀਂ ਸੀ।

ਗਹਿਣੇ ਪਈ ਜ਼ਮੀਨ

ਪਾਲਾ ਸਿੰਘ ਦੇ ਘਰ ਦੀ ਅੱਧੀ ਜ਼ਮੀਨ ਬਹੁਤ ਦੇਰ ਤੋਂ ਲੰਬੜਦਾਰ ਕਾਹਲਾ ਸਿੰਘ ਕੋਲ ਦਸ ਹਜ਼ਾਰ ਰੁਪਏ ਵਿੱਚ ਗਹਿਣੇ ਰੱਖੀ ਹੋਈ ਸੀ। ਪਾਲਾ ਸਿੰਘ ਦੀ ਉਮਰ ਨਿਕਲ ਗਈ ਪਰ ਉਹ ਪੰਦਰਾਂ ਸੋਲਾਂ ਘੁਮਾਂ ਜ਼ਮੀਨ ਛੁਡਾ ਨਾ ਹੋਈ। ਮਸਾਂ-ਮਸਾਂ ਤੀਹ ਰੁਪਏ ਮਹੀਨਾ ਪੈਨਸ਼ਨ ਲੱਗੀ ਸੀ ਤੇ ਉਹ ਵੀ ਬੰਦ ਹੋ ਗਈ। ਬਹੁਤ ਔਖੇ ਹੋ ਕੇ ਆਪਣੇ ਲਈ ਤੇ ਮਾਲ ਡੰਗਰ ਲਈ ਗੁਜ਼ਾਰੇ ਜੋਗੇ ਕੱਚੇ ਕਮਰੇ ਬਣਾਏ। ਕਮਾਈ ਵਾਲੀ ਉਮਰ ਤਾਂ ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਵਿੱਚ ਗੁਜ਼ਰ ਗਈ। ਘਰ ਦੀ ਹਾਲਤ ਵੇਖ ਕੇ ਪਾਲਾ ਸਿੰਘ ਦੇ ਨੇੜਲੇ ਸਾਥੀਆਂ ਸੱਜਣ ਸਿੰਘ ਨਾਰੰਗਵਾਲ, ਭਾਈ ਰਨਧੀਰ ਸਿੰਘ ਤੇ ਹੋਰ ਸਨੇਹੀਆਂ ਨੇ ਕੋਸ਼ਿਸ਼ ਕਰਕੇ ਪਾਲਾ ਸਿੰਘ ਦੀ ਬੰਦ ਪਈ ਪੈਨਸ਼ਨ ਫਿਰ ਚਾਲੂ ਕਰਵਾ ਦਿੱਤੀ। ਫਿਰ ਉਸਨੂੰ ਤਿੰਨ ਸਾਲ ਦਾ ਸਾਰਾ ਬਕਾਇਆ ਵੀ ਇਕੱਠਾ ਮਿਲ ਗਿਆ। ਘਰ ਵਿੱਚ ਗੱਲ ਚੱਲੀ ਕਿ ਗਹਿਣੇ ਪਈ ਜ਼ਮੀਨ ਛੁਡਾਈ ਜਾਵੇ ਪਰ ਦਸ ਹਜ਼ਾਰ ਰੁਪਿਆ ਇਕੱਠਾ ਕਰਨਾ ਬਹੁਤ ਔਖਾ ਸੀ। ਇੱਕ ਗਵਾਂਢੀ ਕੋਲੋਂ ਤਿੰਨ ਹਜ਼ਾਰ ਉਧਾਰ ਫੜੇ। ਘਰ ਵਿੱਚ ਪਈ ਸਾਰੀ ਕਣਕ ਵੇਚ ਦਿੱਤੀ। ਪੰਜ ਹਜ਼ਾਰ ਰੁਪਏ ਇੱਕ ਰਿਸ਼ਤੇਦਾਰ ਤੋਂ ਲਿਆਂਦੇ। ਔਖੇ ਸੌਖੇ ਦਸ ਹਜ਼ਾਰ ਰੁਪਿਆ ਇਕੱਠਾ ਹੋ ਗਿਆ।

ਦਸ ਹਜ਼ਾਰ ਰੁਪਿਆ ਲੰਬੜਦਾਰ ਕਾਹਲਾ ਸਿੰਘ ਨੂੰ ਮੋੜ ਦਿੱਤਾ ਤੇ ਵਰ੍ਹਿਆਂ ਬਾਅਦ ਜ਼ਮੀਨ ਉੱਤੇ ਮੁੜ ਕਬਜ਼ਾ ਕੀਤਾ। ਘਰ ਵਿੱਚ ਇਸ ਨੂੰ ਇੱਕ ਬਹੁਤ ਵੱਡਾ ਕਾਰਨਾਮਾ ਹੀ ਮੰਨਿਆ ਗਿਆ। ਪਾਲਾ ਸਿੰਘ ਤਾਂ ਇਹ ਸੋਚਿਆ ਕਰਦਾ ਸੀ ਕਿ ਉਸ ਦੇ ਜਿਉਂਦੇ ਜੀ ਸਾਰੀ ਜ਼ਮੀਨ ਬਿਲਕੁਲ ਛੁਡਾ ਨਹੀਂ ਹੋਣੀ। ਹੁਣ ਬੇਸ਼ੱਕ ਪੈਸਾ ਸਿਰ ਚੜ੍ਹ ਗਿਆ ਸੀ ਪਰ ਸਾਰਾ ਪਰਿਵਾਰ ਪੂਰੇ ਹੌਂਸਲੇ ਵਿਚ ਸੀ ਕਿ ਇਹ ਸਾਰਾ ਪੈਸਾ ਛੇਤੀ ਹੀ ਸਿਰੋਂ ਲਾਹ ਦਿਆਂਗੇ। ਸਾਧੂ ਸਿੰਘ ਸ਼ੁਰੂ ਤੋਂ ਆਪਣੇ ਕੰਮ ਵਿਚ ਮਸਤ ਰਹਿਣ ਵਾਲਾ ਬੰਦਾ ਸੀ। ਹੱਡ ਭੰਨਵੀਂ ਮਿਹਨਤ ਕਰਨੀ ਉਸਦੇ ਸੁਭਾ ਦਾ ਅੰਗ ਸੀ। ਪਾਲਾ ਸਿੰਘ ਨੂੰ ਤਾਂ ਬੜੀ ਹੈਰਾਨੀ ਹੋਈ ਕਿ ਆਖਰ ਗਹਿਣੇ ਪਈ ਜ਼ਮੀਨ ਛੁਡਾ ਲਈ ਹੈ।

ਅੰਤਮ ਸਮਾਂ
(ਸਾਧੂ ਸਿੰਘ ਦੀ ਜ਼ਬਾਨੀ)

ਬਾਬਾ ਪਾਲਾ ਸਿੰਘ ਦੇ ਅੰਤਮ ਸਮੇਂ ਬਾਰੇ ਉਨ੍ਹਾਂ ਦੇ ਸਪੁੱਤਰ ਸ. ਸਾਧੂ ਸਿੰਘ ਨੇ ਦੱਸਿਆ ਕਿ ਬਾਪੂ ਜੀ ਪਿਛਲੀ ਉਮਰ ਵਿੱਚ ਕਾਫੀ ਕਮਜ਼ੋਰ ਹੋ ਗਏ ਸਨ ਪਰ ਉਨ੍ਹਾਂ ਦੇ ਦ੍ਰਿੜ ਇਰਾਦੇ ਵਿੱਚ ਕੋਈ ਫਰਕ ਨਹੀਂ ਸੀ ਪਿਆ। ਉਨ੍ਹਾਂ ਨੂੰ ਸ਼ੁਰੂ ਤੋਂ ਹੀ ਕਬਜ਼ ਦੀ ਸ਼ਿਕਾਇਤ ਰਹਿੰਦੀ ਸੀ ਤੇ ਕਾਫੀ ਸਾਲਾਂ ਤੋਂ ਤਰਨਤਾਰਨ ਦੇ ਇੱਕ ਡਾਕਟਰ ਦੀ ਦਵਾਈ ਵਰਤ ਰਹੇ ਸਨ। ਨੇਮ ਨਾਲ ਉਹ ਇੱਕ ਗੋਲੀ ਹਰ ਰੋਜ਼ ਖਾਂਦੇ ਸਨ। ਇੱਕ ਦਿਨ ਉਨ੍ਹਾਂ ਨੂੰ ਰੋਟੀ ਫੜਾਈ ਤਾਂ ਕਹਿਣ ਲੱਗੇ ਕਿ ਉਨ੍ਹਾਂ ਦੀ ਦਵਾਈ ਮੁੱਕੀ ਹੈ। ਰੋਟੀ ਦਾ ਤਾਂ ਕੋਈ ਫਾਇਦਾ ਨਹੀਂ। ਸਾਧੂ ਸਿੰਘ ਨੇ ਦੱਸਿਆ ਕਿ ਉਹ ਉਸੇ ਵੇਲੇ ਤਰਨਤਾਰਨ ਨੂੰ ਚੱਲ ਪਏ। ਤਰਨਤਾਰਨ ਤੋਂ ਦਵਾਈ ਲੈ ਕੇ ਉਹ ਸ਼ਾਮ ਨੂੰ ਪਿੰਡ ਆ ਗਏ। ਬਾਪੂ ਜੀ ਨੂੰ ਗੋਲੀ ਦਿੱਤੀ ਤੇ ਫੇਰ ਹੀ ਉਨ੍ਹਾਂ ਨੇ ਰੋਟੀ ਖਾਧੀ। ਸ਼ਾਮ ਨੂੰ ਪੱਤੀ ਦੇ ਕੁੱਝ ਲੜਕੇ ਆ ਗਏ। ਉਹ ਕਹਿਣ ਲੱਗੇ ਕਿ ਖੇਤ ਵਾਲੇ ਰਸਤੇ ਉੱਤੇ ਮਿੱਟੀ ਪਾਉਣੀ ਹੈ ਤੇ ਅਸੀਂ ਤੁਹਾਨੂੰ ਉੱਥੇ ਜ਼ਰੂਰ ਲੈ ਕੇ ਜਾਣਾ ਹੈ। ਬਾਪੂ ਜੀ ਕਹਿਣ ਲੱਗੇ ਕਿ ਜੇਕਰ ਲਿਜਾਣਾ ਹੈ ਤਾਂ ਸਵੇਰੇ ਹੀ ਲੈ ਜਾਣਾ। ਹੋ ਸਕਦੈ ਕਿ ਫੇਰ ਮੌਕਾ ਨਾ ਬਣੇ। ਉਂਜ ਪਰਿਵਾਰ ਨੂੰ ਤੇ ਸਾਰੇ ਗਵਾਂਢ ਨੂੰ ਪਤਾ ਸੀ ਕਿ ਬਾਪੂ ਜੀ ਬਹੁਤ ਕਮਜ਼ੋਰ ਹਨ।

ਅਗਲੇ ਦਿਨ ਬਾਪੂ ਜੀ ਦੀਆਂ ਲੜਕੀਆਂ ਉਨ੍ਹਾਂ ਨੂੰ ਮਿਲਣ ਆ ਗਈਆਂ ਪਰ ਹੁਣ ਉਹ ਕਿਸੇ ਨਾਲ ਵੀ ਬਹੁਤੀ ਗੱਲ ਨਹੀਂ ਸੀ ਕਰਦੇ। ਜੇਕਰ ਬੱਚੇ ਉਨ੍ਹਾਂ ਦੇ ਕਮਰੇ ਵਿੱਚ ਆ ਜਾਂਦੇ ਤਾਂ ਉਹ ਮੈਨੂੰ ਆਖਦੇ ਕਿ ਬੱਚੇ ਆਪਣਾ ਕੰਮ ਕਰਨ। ਮੇਰਾ ਲੜਕਾ ਸੁਰਜੀਤ ਉਸ ਦਿਨ ਚੰਡੀਗੜ੍ਹ ਗਿਆ ਸੀ। ਥੋੜ੍ਹੇ ਚਿਰ ਪਿੱਛੋਂ ਪੁੱਛ ਲੈਣ ਕਿ ਸੁਰਜੀਤ ਆ ਗਿਆ ਕਿ ਨਹੀਂ! ਹੋਰ ਕਿਸੇ ਨਾਲ ਵੀ ਬਹੁਤੀ ਗੱਲ ਨਾ ਕਰਨ। ਅਸੀਂ ਸੋਚ ਰਹੇ ਸੀ ਕਿ ਉਮਰ ਦੇ ਹਿਸਾਬ ਨਾਲ ਇਹ ਕਮਜ਼ੋਰ ਹੋ ਗਏ ਹਨ। ਇਸ ਕਰਕੇ ਇਨ੍ਹਾਂ ਦੇ ਸੁਭਾਅ ਵਿੱਚ ਤਬਦੀਲੀ ਹੋ ਗਈ ਹੈ।

ਉਹ ਸਾਰਾ ਦਿਨ ਸੁਰਜੀਤ ਨੂੰ ਯਾਦ ਕਰਦੇ ਰਹੇ। ਕਦੇ ਅੱਖਾਂ ਮੀਚ ਲੈਣ ਤੇ ਚੁੱਪ ਹੋ ਜਾਣ। ਘਰ ਦੇ ਕਿਸੇ ਜੀਅ ਨਾਲ ਬਹੁਤੀ ਗੱਲ ਨਾ ਕਰਨ। ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਉਨ੍ਹਾਂ ਨੂੰ ਕੋਈ ਤੋੜ ਲੱਗੀ ਹੋਵੇ। ਅਸੀਂ ਸੋਚਦੇ ਸੀ ਕਿ ਇਹ ਇਕੱਲੇ ਬੈਠਣਾ ਚਾਹੁੰਦੇ ਹਨ। ਹੋ ਸਕਦੈ ਕਿ ਉਨ੍ਹਾਂ ਦੀ ਸੁਰਤੀ ਕਿਸੇ ਪਾਸੇ ਜੁੜਦੀ ਹੋਵੇ ਤਾਂ ਸਾਡੇ

ਕਾਰਨ ਉਨ੍ਹਾਂ ਦੀ ਬਿਰਤੀ ਟੁੱਟਦੀ ਸੀ। ਸ਼ਾਮ ਹੋ ਗਈ ਕਈ ਗਵਾਂਢੀ ਉਨ੍ਹਾਂ ਦੀ ਖ਼ਬਰ ਸਾਰ ਨੂੰ ਆ ਗਏ ਪਰ ਉਹ ਕਿਸੇ ਨਾਲ ਵੀ ਬਹੁਤੀ ਗੱਲ ਨਹੀਂ ਸੀ ਕਰ ਰਹੇ। ਸਿਰਫ਼ ਮੰਜੇ ਉਤੇ ਲੇਟੇ ਹੋਏ ਸਨ।

ਦਿਨ ਛੁਪਾ ਦੇ ਨਾਲ ਉਹ ਇੱਕ ਲੜਕੇ ਨੂੰ ਕਹਿਣ ਲੱਗੇ ਕਿ ਉਹ ਰਹਿਰਾਸ ਦਾ ਪਾਠ ਕਰਨ। ਮੁੰਡਾ ਉਨ੍ਹਾਂ ਕੋਲ ਬੈਠ ਕੇ ਪਾਠ ਕਰਨ ਲੱਗ ਪਿਆ। ਬਾਪੂ ਜੀ ਇਕਾਗਰ ਮਨ ਹੋ ਕੇ ਪਾਠ ਸਰਵਣ ਕਰਨ ਲੱਗੇ। ਗੁਰਬਾਣੀ ਵਿੱਚ ਉਨ੍ਹਾਂ ਦਾ ਸ਼ੁਰੂ ਤੋਂ ਹੀ ਅਟੁੱਟ ਵਿਸ਼ਵਾਸ ਸੀ। ਕਈ ਬਾਣੀਆਂ ਉਨ੍ਹਾਂ ਨੂੰ ਜ਼ਬਾਨੀ ਯਾਦ ਸਨ। ਜੇਲ੍ਹਾਂ ਵਿੱਚ ਉਹ ਗੁਰਬਾਣੀ ਦੇ ਸਦਕਾ ਹੀ ਵੱਡੀ ਤੋਂ ਵੱਡੀ ਸਜ਼ਾ ਨੂੰ ਵੀ ਕੁੱਝ ਨਹੀਂ ਸ਼ੀ ਸਮਝਦੇ। ਮੁੰਡਾ ਪਾਠ ਕਰਦਾ ਰਿਹਾ। ਬਾਪੂ ਜੀ ਪੂਰੇ ਸ਼ਾਂਤ ਚਿੱਤ ਹੋ ਕੇ ਪਾਠ ਸੁਣ ਰਹੇ ਸਨ। ਉਨ੍ਹਾਂ ਦਾ ਸਾਰਾ ਧਿਆਨ ਪਾਠ ਵੱਲ ਸੀ। ਕਮਰੇ ਵਿੱਚ ਸਾਰੇ ਜੀਅ ਉਨ੍ਹਾਂ ਦੇ ਕੋਲ ਸਨ ਪਰ ਕਿਸੇ ਦੀ ਅਵਾਜ਼ ਨਹੀਂ ਸੀ ਆ ਰਹੀ, ਸਾਰਿਆਂ ਦਾ ਧਿਆਨ ਵੀ ਪਾਠ ਸੁਣਨ ਵੱਲ ਸ਼ੀ। ਹਰ ਇੱਕ ਦੀਆਂ ਅੱਖਾਂ ਬੰਦ ਸਨ। ਕਮਰੇ ਵਿੱਚ ਜ਼ਰਾ ਜਿੰਨੀ ਵੀ ਕਿਸੇ ਦੀ ਆਵਾਜ਼ ਨਹੀਂ ਸੀ ਆ ਰਹੀ।

ਰਹਿਰਾਸ ਦਾ ਪਾਠ ਖ਼ਤਮ ਹੋ ਗਿਆ। ਉਸ ਮੁੰਡੇ ਨੇ ਫਿਰ ਅਰਦਾਸ ਕੀਤੀ। ਬਾਪੂ ਜੀ ਦੇ ਦੋਵੇਂ ਹੱਥ ਜੁੜੇ ਹੋਏ ਸਨ ਜਿਵੇਂ ਉਨ੍ਹਾਂ ਅਰਦਾਸ ਵਿੱਚ ਪੂਰੀ ਤਰ੍ਹਾਂ ਸ਼ਾਮਲ ਸਨ। ਉਨ੍ਹਾਂ ਦੀ ਬਿਰਤੀ ਟਿਕੀ ਹੋਈ ਸੀ। ਅਰਦਾਸ ਤੋਂ ਬਾਅਦ ਸਾਰੇ ਜਣੇ ਉੱਠ ਕੇ ਬਾਹਰ ਆ ਗਏ। ਅਸੀਂ ਤਾਂ ਸੋਚ ਰਹੇ ਸੀ ਕਿ ਬਾਪੂ ਜੀ ਟਿਕੇ ਪਏ ਹਨ। ਇਨ੍ਹਾਂ ਨੂੰ ਅਰਾਮ ਨਾਲ ਪੈਣ ਦਿੱਤਾ ਜਾਵੇ। ਬਾਪੂ ਜੀ ਬੈਠਕ ਵਿੱਚ ਇਕੱਲੇ ਪਏ ਸਨ। ਕੁੱਝ ਚਿਰ ਬਾਅਦ ਅਸੀਂ ਉਨ੍ਹਾਂ ਕੋਲ ਚਲੇ ਗਏ। ਉਨ੍ਹਾਂ ਨੂੰ ਵੇਖਿਆ ਅਵਾਜ਼ ਮਾਰੀ ਪਰ ਉਹ ਬੋਲੇ ਨਾ। ਫਿਰ ਉਨ੍ਹਾਂ ਨੂੰ ਹਲੂਣਿਆ ਪਰ ਛੇਤੀ ਹੀ ਅਸੀਂ ਸਮਝ ਗਏ ਕਿ ਉਹ ਤਾਂ ਇਸ ਸੰਸਾਰ ਤੋਂ ਚੁੱਪ ਚਾਪ ਤੁਰ ਗਏ ਹਨ। ਕਿਸੇ ਨੂੰ ਵੀ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਇਸ ਤਰ੍ਹਾਂ ਛੱਡ ਕੇ ਤੁਰ ਜਾਣਗੇ। ਉਹ 23 ਸਤੰਬਰ 1986 ਨੂੰ ਸੁਰਗਵਾਸ ਹੋਏ ਸਨ।

ਬਾਬਾ ਪਾਲਾ ਸਿੰਘ ਨਾਲ ਕੀਤੀ ਇੱਕ ਲੰਬੀ ਵਾਰਤਾਲਾਪ ਦੇ ਕੁਝ ਅੰਸ਼

ਬਾਬਾ ਪਾਲਾ ਸਿੰਘ ਨਾਲ ਸੰਨ 1982 ਵਿੱਚ ਉਨ੍ਹਾਂ ਦੇ ਹੀ ਘਰ ਲੰਬਾ ਸਮਾਂ ਮੈਨੂੰ ਗੱਲਬਾਤ ਕਰਨ ਦਾ ਸੁਭਾਗ ਪਰਾਪਤ ਹੋਇਆ। ਸਿਆਲ ਦੇ ਦਿਨ ਸਨ। ਨਿੱਘੀ ਧੁੱਪ ਵਿੱਚ ਮੰਜਿਆਂ ਉੱਤੇ ਬੈਠੇ ਸੀ। ਬਾਬਾ ਜੀ ਦੇ ਨੀਲਾ ਚੋਲਾ, ਨੀਲੀ ਦਸਤਾਰ ਤੇ ਹੱਥ ਵਿੱਚ ਖੂੰਡਾ ਸੀ। ਗੱਲਾਂ ਦਾ ਸਿਲਸਿਲਾ ਸ਼ੁਰੂ ਹੋਇਆ।

ਮੈਂ - ਬਾਬਾ ਜੀ, ਜਿਵੇਂ ਮੈਂ ਸੁਣਿਆ ਹੈ ਕਿ ਤੁਹਾਡਾ ਪਿਛਲਾ ਘਰ ਛੋਟਾ ਤੇ ਕੱਚਾ ਸੀ ਤੇ ਹੁਣ ਤਾਂ ਸਾਰਾ ਮਕਾਨ ਪੱਕਾ ਹੈ ਤੇ ਹੈ ਵੀ ਖੁੱਲ੍ਹਾ।

ਬਾਬਾ ਜੀ - ਸਮੇਂ ਨਾਲ ਕੁਝ ਤਾਂ ਤਬਦੀਲੀ ਆਉਂਦੀ ਹੈ।

ਮੈਂ - ਤੁਸੀਂ ਬੜੀ ਲੰਮੀ ਉਮਰ ਭੋਗੀ ਹੈ। ਸਮੇਂ ਦੇ ਬੜੇ ਰੰਗ ਢੰਗ ਵੇਖੇ। ਸਭ ਤੋਂ ਪਹਿਲਾਂ ਪੁਰਾਣੇ ਸਮੇਂ ਦੀ ਗੱਲ ਦੱਸੋ?

ਬਾਬਾ ਜੀ - ਪੁਰਾਣਾ ਸਮਾਂ ਚੰਗਾ ਸੀ। ਲੋਕ ਰਲ ਮਿਲ ਕੇ ਰਹਿੰਦੇ ਸੀ। ਦੁੱਧ ਘਿਉ ਖਾਂਦੇ ਸੀ। ਹੱਥੀਂ ਕੰਮ ਕਰਦੇ ਸੀ ਤੇ ਕਿਸੇ ਦਾ ਬੁਰਾ ਨਹੀਂ ਸੀ ਤਕਾਉਂਦੇ।

ਮੈਂ - ਕੀ ਸਾਰੇ ਲੋਕ ਹੀ ਅਜਿਹੇ ਸਨ? ਫਿਰ ਲੜਾਈ ਝਗੜਾ ਕਰਨ ਵਾਲੇ ਵੀ ਸਨ?

ਬਾਬਾ ਜੀ - ਸਾਰੇ ਲੋਕ ਤਾਂ ਕਿਥੇ ਸੀ ਇੱਕੋ ਜਿਹੇ, ਚੋਰ ਡਾਕੂ ਤੇ ਲੁਟੇਰੇ ਵੀ ਸਨ। ਲੋਕ ਉਸ ਵੇਲੇ ਆਪਣੇ ਭਾਈਚਾਰੇ ਵਿੱਚ ਰਹਿੰਦੇ ਸਨ ਤੇ ਇੱਕ ਦੂਜੇ ਦੀ ਮੱਦਦ ਵੀ ਕਰਦੇ ਸਨ। ਵੱਡੀ ਗੱਲ ਤਾਂ ਇਹ ਸੀ ਕਿ ਲੋਕ ਮਾੜੀ ਦੇ ਕਰਨ ਵਾਲੇ ਨੂੰ ਚੰਗਾ ਨਹੀਂ ਸਨ ਸਮਝਦੇ।

ਮੈਂ - ਬਾਬਾ ਜੀ, ਤੁਸੀਂ ਗ਼ਦਰ ਪਾਰਟੀ ਵਿੱਚ ਕੰਮ ਕੀਤਾ ਹੈ। ਜੇਲ੍ਹਾਂ ਕੱਟੀਆਂ ਹਨ। ਅੰਗਰੇਜ਼ੀ ਰਾਜ ਦੇ ਕਸ਼ਟ ਝੱਲੇ ਹਨ। ਤੁਸੀਂ ਈਮਾਨਦਾਰੀ ਨਾਲ ਚੱਲ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਗ਼ਦਰ ਮਚਾਉਣ ਦਾ ਪ੍ਰੋਗਰਾਮ ਬਣਾਇਆ ਸੀ ਤੇ ਸਾਡੇ ਲੋਕਾਂ ਨੇ ਤੁਹਾਡਾ ਸਾਥ ਕਿਉਂ ਨਹੀਂ ਦਿੱਤਾ? ਤੁਸੀਂ ਤਾਂ ਦੇਸ਼ ਲਈ ਕੁਰਬਾਨੀ ਕਰਨ ਜਾ ਰਹੇ ਸੀ?

ਬਾਬਾ ਜੀ - ਉਏ ਬੱਚੂ, ਤੂੰ ਤਾਂ ਦੁਖਦੀ ਰਗ ਉੱਤੇ ਹੱਥ ਜਾ ਰੱਖਿਆ। ਉਸ ਵੇਲੇ ਤਾਂ ਅਸੀਂ ਵੀ ਕੁੱਝ ਹੋਰ ਸੋਚਦੇ ਸੀ। ਸਾਨੂੰ ਆਪਣੇ ਦੇਸ਼ ਵਾਸੀਆਂ ਉਤੇ ਬਹੁਤ ਗੁੱਸਾ ਆਉਂਦਾ ਸੀ ਬਈ ਇਹ ਸਾਡਾ ਸਾਥ ਕਿਉਂ ਨਹੀਂ ਦਿੰਦੇ। ਹੁਣ ਸੋਚਦੇ ਆਂ ਬਈ ਸਾਡੇ ਲੋਕਾਂ ਦਾ ਏਨਾ ਕਸੂਰ ਨਹੀਂ।

ਮੈਂ - ਬਾਬਾ ਜੀ, ਇਹ ਤੁਸੀਂ ਕੀ ਗੱਲ ਕੀਤੀ। ਲੋਕਾਂ ਦਾ ਕਸੂਰ ਕਿਉਂ ਨਹੀਂ?

ਬਾਬਾ ਜੀ - ਬਈ ਅਸੀਂ ਬਾਹਰਲੇ ਦੇਸ਼ਾਂ ਵਿੱਚ ਚਲੇ ਗਏ। ਕੋਈ ਅਮਰੀਕਾ ਗਿਆ ਤੇ ਕੋਈ ਕੈਨੇਡਾ ਗਿਆ। ਅਸੀਂ ਉੱਥੇ ਕਿਹੜਾ ਦੇਸ਼ ਲਈ ਲੜਨ ਗਏ ਸੀ। ਅਸੀਂ ਤਾਂ ਬਾਹਰਲੇ ਦੇਸ਼ਾਂ ਵਿੱਚ ਭੁੱਖੇ ਮਰਦੇ ਗਏ ਸੀ। ਏਥੇ ਖੇਤੀ ਵਿੱਚ ਕੁੱਝ ਹੱਥ ਪੱਲੇ ਨਹੀਂ ਸੀ ਪੈਂਦਾ। ਬਾਹਰ ਜਾ ਕੇ ਸਾਡੇ ਲੋਕ ਪੈਸਾ ਕਮਾਉਣ ਲੱਗੇ। ਏਥੇ ਤਾਂ ਸੀ ਚੁਆਨੀ ਦਿਹਾੜੀ ਤੇ ਬਾਹਰ ਸੀ ਚਾਰ ਪੰਜ ਰੁਪਏ ਦਿਹਾੜੀ। ਅਸੀਂ ਭਾਈ ਸਖ਼ਤ ਮਿਹਨਤ ਕਰਕੇ ਪੂਰੀ ਕਮਾਈ ਕਰਨ ਲੱਗੇ।

ਮੈਂ - ਗ਼ਦਰ ਪਾਰਟੀ ਵਿੱਚ ਕਿਵੇਂ ਚਲੇ ਗਏ?

ਬਾਬਾ ਜੀ - ਜਾਣਾ ਕਿਵੇਂ ਸੀ! ਅਸੀਂ ਉੱਥੇ ਪੈਸੇ ਤਾਂ ਬਹੁਤ ਕਮਾਉਂਦੇ ਸੀ ਪਰ ਸਾਡੀ ਇੱਜ਼ਤ ਭੋਰਾ ਵੀ ਨਹੀਂ ਸੀ। ਅੰਗਰੇਜ਼ ਸਾਨੂੰ ਗਾਲ੍ਹਾਂ ਕੱਢਦੇ। ਕੁੱਤੇ ਆਖਦੇ। ਸਾਡੇ ਲੋਕ ਉਧਰ ਵੱਡੀ ਗਿਣਤੀ ਵਿੱਚ ਚਲੇ ਗਏ ਤੇ ਲੋਕ ਗੋਰਿਆਂ ਦੀਆਂ ਕਿੰਨਾ ਕੁ ਚਿਰ ਗਾਲ੍ਹਾਂ ਸੁਣਦੇ। ਆਖਰ ਸਾਡੇ ਬੰਦੇ ਇਕੱਠੇ ਹੁੰਦੇ ਗਏ। ਅਸਲ ਵਿੱਚ ਬਾਹਰ ਜਾ ਕੇ ਹੀ ਸਾਨੂੰ ਇਲਮ ਹੋਇਆ ਕਿ ਅਜ਼ਾਦੀ ਕੀ ਹੁੰਦੀ ਐ ਤੇ ਗੁਲਾਮੀ ਕੀ ਹੁੰਦੀ ਐ। ਬੱਸ ਸਾਡੇ ਲੋਕਾਂ ਵਿੱਚ ਗੁੱਸਾ ਏਨਾ ਵਧ ਗਿਆ ਕਿ ਉੱਥੇ ਗ਼ਦਰ ਪਾਰਟੀ ਕਾਇਮ ਕਰ ਲਈ ਤੇ ਪਾਰਟੀ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਬੀੜਾ ਚੁੱਕ ਲਿਆ।

ਮੈਂ - ਤੁਸੀਂ ਲੋਕਾਂ ਨੂੰ ਨਾਲ ਜੋੜਨ ਦਾ ਕਿੰਨਾ ਕੁ ਉਪਰਾਲਾ ਕੀਤਾ?

ਬਾਬਾ ਜੀ - ਅਸੀਂ ਆਪਣੇ ਘਰ ਬਾਰ ਛੱਡ ਦਿੱਤੇ। ਬਹੁਤਿਆਂ ਨੇ ਆਪਣੀਆਂ ਜਾਇਦਾਦਾਂ ਲੁਟਾ ਦਿੱਤੀਆਂ। ਗ਼ਦਰ ਪਾਰਟੀ ਦੇ ਬੰਦੇ ਦਿਨ ਰਾਤ ਲੋਕਾਂ ਵਿੱਚ ਫਿਰਦੇ ਰਹੇ। ਪਾਰਟੀ ਦੇ ਵੱਡੇ ਆਗੂ ਕਰਤਾਰ ਸਰਾਭੇ ਵਰਗੇ ਭਾਰਤੀ ਫੌਜ ਕੋਲ ਜਾਂਦੇ ਰਹੇ। ਸਾਡੀ ਫੌਜ ਸਾਡੇ ਨਾਲ ਜੁੜ ਵੀ ਗਈ ਪਰ ਸਾਡੀ ਕੋਈ ਪੇਸ਼ ਨਹੀਂ ਗਈ।

ਮੈਂ - ਇਹ ਕੀ ਕਾਰਨ ਸੀ?

ਬਾਬਾ ਜੀ – ਕਾਰਨ ਕੀ ਹੋਣਾ ਸੀ। ਇੱਕ ਤਾਂ ਲੋਕ ਸਾਡੇ ਨਾਲ ਤੁਰਨ ਲਈ ਤਿਆਰ ਨਹੀਂ ਸਨ। ਸਾਨੂੰ ਤਾਂ ਚੋਰ ਡਾਕੂ ਹੀ ਸਮਝਦੇ ਸਨ ਤੇ ਦੂਜਾ ਏਥੇ ਦੇਸ਼ ਦੇ ਗ਼ਦਾਰ ਬਹੁਤ ਉੱਠ ਖਲੋਤੇ ਸਨ। ਗ਼ਦਾਰਾਂ ਨੇ ਸਾਡੀ ਪੇਸ਼ ਨਹੀਂ ਜਾਣ ਦਿੱਤੀ।

ਮੈਂ - ਤੁਸੀਂ ਬਹੁਤ ਥਾਵਾਂ ਉੱਤੇ ਡਾਕੇ ਵੀ ਮਾਰੇ ਸੀ ਜਿਸ ਕਰਕੇ ਲੋਕ ਤੁਹਾਨੂੰ ਡਾਕੂ ਸਮਝ ਰਹੇ ਸਨ। ਤੁਸੀਂ ਡਾਕੇ ਮਾਰਨ ਲਈ ਕਿਵੇਂ ਫੈਸਲਾ ਕੀਤਾ ਸੀ?

ਬਾਬਾ ਜੀ - ਪਾਰਟੀ ਨੇ ਸੋਚ ਸਮਝ ਕੇ ਫੈਸਲਾ ਕੀਤਾ ਸੀ ਕਿ ਅੰਗਰੇਜ਼ ਭਾਰਤ ਵਿੱਚੋਂ ਮਿੰਨਤਾਂ ਨਾਲ ਨਹੀਂ ਜਾਣਗੇ। ਇਨ੍ਹਾਂ ਨੂੰ ਦੇਸ਼ ਵਿਚੋਂ ਭਜਾਉਣ ਲਈ ਹਥਿਆਰ ਚੁੱਕਣੇ ਪੈਣਗੇ। ਪਾਰਟੀ ਨੂੰ ਹਥਿਆਰਾਂ ਦੀ ਲੋੜ ਸੀ ਤੇ ਹਥਿਆਰ ਪਰਾਪਤ ਕਰਨ ਲਈ ਪੈਸਾ ਚਾਹੀਦਾ ਸੀ। ਡਾਕੇ ਮਾਰਨ ਤੋਂ ਬਿਨਾਂ ਸਾਡੇ ਕੋਲ ਹੋਰ ਰਾਹ ਹੀ ਕੋਈ ਨਹੀਂ ਸੀ। ਅਸੀਂ ਤਾਂ ਆਪਣਾ ਵੀ ਸਭ ਕੁੱਝ ਪਾਰਟੀ ਨੂੰ ਸੌਂਪ ਦਿੱਤਾ ਸੀ। ਅਸੀਂ ਅਜ਼ਾਦੀ ਲੈਣ ਲਈ ਡਾਕੇ ਮਾਰੇ ਸੀ ਨਾ ਕਿ ਆਪਣੀ ਖਾਤਰ।

ਮੈਂ - ਡਾਕਿਆਂ ਨਾਲ ਸਾਡੇ ਕੁੱਝ ਲੋਕ ਤੁਹਾਡੇ ਉਲਟ ਤਾਂ ਹੋਏ ਸੀ। ਤੁਸੀਂ ਇਸ ਗੱਲ

ਨੂੰ ਜ਼ਰੂਰ ਸਮਝਿਆ ਹੋਊਗਾ।

ਬਾਬਾ ਜੀ - ਓ ਬਈ ਗੱਲ ਸੁਣ। ਪਾਰਟੀ ਨੇ ਪਹਿਲਾਂ ਹੀ ਹਦਾਇਤ ਕੀਤੀ ਸੀ ਕਿ ਇੱਕ ਤਾਂ ਕਿਸੇ ਗਰੀਬ ਨੂੰ ਤੰਗ ਨਾ ਕੀਤਾ ਜਾਵੇ। ਧੀ ਭੈਣ ਦੀ ਇੱਜ਼ਤ ਸਮਝੀ ਜਾਵੇ ਤੇ ਡਾਕੇ ਸਿਰਫ ਅੰਗਰੇਜ਼ਾਂ ਦੇ ਪਿੱਠੂਆਂ ਦੇ ਘਰ ਹੀ ਮਾਰੇ ਜਾਣ। ਅਸੀਂ ਕੋਸ਼ਿਸ਼ ਕਰਦੇ ਸੀ ਕਿ ਜਿਹੜੇ ਅੰਗਰੇਜ਼ਾਂ ਦੇ ਝੋਲੀ ਚੁੱਕ ਐ ਬੱਸ ਉਨ੍ਹਾਂ ਦੇ ਘਰ ਹੀ ਲੁੱਟੇ ਜਾਣ।

ਮੈਂ - ਜਿਨ੍ਹਾਂ ਦੇ ਘਰ ਤੁਸੀਂ ਡਾਕੇ ਮਾਰਦੇ ਸੀ ਉਨ੍ਹਾਂ ਨੂੰ ਕੀ ਆਖਦੇ ਸੀ?

ਬਾਬਾ ਜੀ - ਹਾਂ, ਇਹ ਤੂੰ ਚੰਗੀ ਗੱਲ ਪੁੱਛੀ। ਅਸੀਂ ਜਿਥੇ ਵੀ ਡਾਕਾ ਮਾਰਿਆ ਤਾਂ ਇੱਕ ਗੱਲ ਜ਼ਰੂਰ ਆਖਦੇ ਸੀ ਕਿ ਅਸੀਂ ਇਹ ਪੈਸਾ ਹਥਿਆਰ ਖਰੀਦਣ ਲਈ ਵਰਤਾਂਗੇ ਤੇ ਹਥਿਆਰ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਲਈ ਵਰਤਾਂਗੇ। ਨਾਲ ਇਹ ਵੀ ਕਹਿੰਦੇ ਸੀ ਕਿ ਜਦੋਂ ਸਾਡੀ ਸਰਕਾਰ ਬਣ ਗਈ ਤਾਂ ਤੁਹਾਡੀ ਪਾਈ-ਪਾਈ ਮੋੜ ਦਿਆਂਗੇ।

ਮੈਂ - ਤੁਸੀਂ 19 ਫਰਵਰੀ 1915 ਨੂੰ ਦੇਸ਼ ਭਰ ਵਿੱਚ ਗ਼ਦਰ ਮਚਾਉਣ ਦਾ ਫੈਸਲਾ ਕਰ ਲਿਆ ਸੀ। ਕੀ ਤੁਹਾਨੂੰ ਵਿਸ਼ਵਾਸ ਸੀ ਕਿ ਤੁਸੀਂ ਏਡਾ ਵੱਡਾ ਮੋਰਚਾ ਸਰ ਕਰ ਲਓਗੇ।

ਬਾਬਾ ਜੀ - ਮੋਰਚਾ ਤਾਂ ਫਤਿਹ ਹੋਇਆ ਪਿਆ ਸੀ। ਉਸ ਵੇਲੇ ਅੰਗਰੇਜ਼ ਤਾਂ ਵੱਡੀ ਜੰਗ ਵਿੱਚ ਫਸੇ ਹੋਏ ਸੀ। ਪਾਰਟੀ ਨੇ ਜਾਣਬੁੱਝ ਕੇ ਇਹ ਸਮਾਂ ਚੁਣਿਆ ਸੀ। ਸਰਾਭੇ ਹੋਰਾਂ ਨੇ ਫੌਜੀ ਛਾਉਣੀਆਂ ਵਿੱਚ ਜਾ ਕੇ ਭਾਰਤੀ ਫੌਜ ਨਾਲ ਪੂਰੀ ਗੰਢ ਤੁੱਪ ਕਰ ਲਈ ਸੀ। ਦੇਸ਼ ਵਿੱਚ ਇੱਕ ਦਿਨ ਹਮਲਾ ਕਰਨਾ ਸੀ ਤੇ ਸਾਡੇ ਫੌਜੀਆਂ ਨੇ ਅੰਗਰੇਜ਼ੀ ਫੌਜ ਉੱਤੇ ਹਮਲਾ ਕਰਨਾ ਸੀ। ਸਾਨੂੰ ਆਪਣੀਆਂ ਜਾਨਾਂ ਦੀ ਪਰਵਾਹ ਨਹੀਂ ਸੀ ਪਰ ਕਿਰਪਾਲ ਨਾਂ ਦੇ ਇਕ ਗੱਦਾਰ ਨੇ ਸਾਰੀ ਸੂਹ ਅੰਗਰੇਜ਼ਾਂ ਨੂੰ ਪਹਿਲਾਂ ਹੀ ਪੁੱਜਦੀ ਕਰ ਦਿੱਤੀ। ਘਰ ਦਾ ਭੇਤੀ ਲੰਕਾ ਢਾਹੇ। ਇਕੋ ਬੰਦੇ ਨੇ ਸਾਰਾ ਕੰਮ ਵਿਗਾੜ ਦਿੱਤਾ। ਜੇਕਰ ਕਿਰਪਾਲ ਗੱਦਾਰੀ ਨਾ ਕਰਦਾ ਤਾਂ 19 ਫਰਵਰੀ ਨੂੰ ਦੇਸ਼ ਨੇ ਅਜ਼ਾਦ ਹੋ ਜਾਣਾ ਸੀ। ਸਾਰੇ ਦੇਸ਼ ਵਿੱਚ ਗ਼ਦਰ ਪਾਰਟੀ ਦਾ ਰਾਜ ਹੋਣਾ ਸੀ ਪਰ ਸਾਡੇ ਦਿਲ ਦੀਆਂ ਦਿਲ ਵਿੱਚ ਰਹਿ ਗਈਆ।

ਮੈਂ - ਦੇਸ਼ ਦੇ ਅਜ਼ਾਦੀ ਸੰਗਰਾਮ ਵਿੱਚ ਕਾਂਗਰਸ ਪਾਰਟੀ ਦਾ ਰੋਲ ਕਿਸ ਤਰ੍ਹਾਂ ਦਾ ਰਿਹਾ?

ਬਾਬਾ ਜੀ - ਕੋਈ ਹੋਰ ਗੱਲ ਕਰ।

ਮੈਂ - ਮੇਰੇ ਸਵਾਲ ਦਾ ਕੁੱਝ ਤਾਂ ਜਵਾਬ ਕਿਉਂ?

ਬਾਬਾ ਜੀ - ਗੱਲ ਇਹ ਐ ਕਿ ਅਸੀਂ ਦੇਸ਼ ਦੀ ਅਜ਼ਾਦੀ ਲਈ ਲੜਦੇ ਸੀ ਤੇ ਆਪਣੇ ਦੇਸ਼ ਬਾਰੇ ਹੀ ਸੋਚਦੇ ਸੀ। ਕਾਂਗਰਸ ਪਾਰਟੀ ਜੇ ਦੇਸ਼ ਲਈ ਲੜਦੀ ਸੀ ਤਾਂ ਦੇਸ਼ ਦੇ ਨਾਲ ਆਪਣੇ ਬਾਰੇ ਵੀ ਸੋਚਦੀ ਸੀ। ਉਧਰ ਤਾਂ ਜੰਗ ਲੱਗੀ ਹੋਈ ਸੀ। ਅੰਗਰੇਜ਼ ਬੁਰੀ ਤਰ੍ਹਾਂ ਜੰਗ ਵਿੱਚ ਉਲਝੇ ਹੋਏ ਸਨ ਤੇ ਕਾਂਗਰਸ ਪਾਰਟੀ ਦੇ ਆਗੂ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਅਪੀਲਾਂ ਕਰ ਰਹੇ ਸਨ ਕਿ ਤੁਸੀਂ ਫੌਜ ਵਿੱਚ ਭਰਤੀ ਹੋ ਕੇ

ਅੰਗਰੇਜ਼ਾਂ ਦੀ ਸਹਾਇਤਾ ਕਰੋ। ਜੰਗ ਜਿੱਤ ਕੇ ਅੰਗਰੇਜ਼ ਸਾਨੂੰ ਅਜ਼ਾਦੀ ਦੇ ਦੇਣਗੇ। ਤੁਸੀਂ ਆਪ ਹੀ ਵੇਖ ਲਓ ਕਿ ਅੰਗਰੇਜ਼ਾਂ ਨੇ ਜੰਗ ਜਿੱਤ ਕੇ ਸਾਨੂੰ ਜਿਹੜਾ ਕੁਝ ਦਿੱਤਾ।

ਮੈਂ - ਕਾਂਗਰਸ ਪਾਰਟੀ ਦਾ ਤੁਹਾਡੇ ਨਾਲ ਥੋੜ੍ਹਾ ਬਹੁਤਾ ਤਾਲਮੇਲ ਸੀ?

ਬਾਬਾ ਜੀ - ਕਿਹੋ ਜਿਹੀਆਂ ਗੱਲਾਂ ਕਰਦੈ। ਸਾਨੂੰ ਤਾਂ ਇਹ ਸਿਰ ਫਿਰੇ ਆਖਦੇ ਸੀ। ਜੇ ਕਿਤੇ ਤਾਲਮੇਲ ਹੁੰਦਾ ਤਾਂ ਦੇਸ਼ ਵਿੱਚ ਅਣਹੋਣੀਆਂ ਨਾ ਵਾਪਰਦੀਆਂ।

ਮੈਂ - ਅਣਹੋਣੀਆਂ ਤੋਂ ਤੁਹਾਡਾ ਕੀ ਮਤਲਬ ?

ਬਾਬਾ ਜੀ - ਜਲ੍ਹਿਆਂ ਵਾਲਾ ਕਾਂਡ ਵਾਪਰਿਆ। ਗੁਰੂ ਕੇ ਬਾਗ ਦਾ ਮੋਰਚਾ, ਢਾਬੀਆਂ ਦਾ ਮੋਰਚਾ ਤੇ ਜੈਤੋ ਦਾ ਮੋਰਚਾ ਨਾ ਲੱਗਦਾ। ਦੇਸ਼ ਦੀ ਵੰਡ ਨਾ ਹੁੰਦੀ। ਨਾ ਪਾਕਿਸਤਾਨ ਬਣਦਾ ਤੇ ਨਾ ਲੱਖਾਂ ਲੋਕ ਮਰਦੇ। ਸਾਡੇ ਦੇਸ਼ ਦੀ ਤਕਦੀਰ ਹੀ ਹੋਰ ਹੁੰਦੀ। ਹੁਣ ਸਾਡੇ ਕੋਲ ਸਿਵਾਏ ਝੂਰਨ ਦੇ ਹੋਰ ਕੋਈ ਚਾਰਾ ਨਹੀਂ।

ਮੈਂ - ਤੁਸੀਂ ਅੰਗਰੇਜ਼ੀ ਰਾਜ ਦੀਆਂ ਜੇਲ੍ਹਾਂ ਵਿੱਚ ਬਹੁਤ ਜ਼ੁਲਮ ਸਹੇ। ਡੰਡਾ ਬੇੜੀ, ਕਦੀ ਬੈਂਤਾਂ ਦੀ ਸਜ਼ਾ ਤੇ ਕਦੀ ਲੰਮੀਆਂ ਭੁੱਖ ਹੜਤਾਲਾਂ। ਜੇਲ੍ਹ ਦਾ ਜੀਵਨ ਨਰਕ ਤੋਂ ਘੱਟ ਨਹੀਂ ਸੀ। ਅਸੀਂ ਤਾਂ ਸਿਰਫ਼ ਇਹ ਦਿਲ ਕੰਬਾਊ ਕਹਾਣੀਆਂ ਪੜ੍ਹੀਆਂ ਹਨ ਤੇ ਜਾਂ ਸੁਣੀਆਂ ਹਨ। ਤੁਸੀਂ ਇਹ ਸਾਰਾ ਕੁੱਝ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਤੁਸੀਂ ਇਹ ਸਾਰਾ ਕੁੱਝ ਕਿਵੇਂ ਝੱਲਿਆ?

ਬਾਬਾ ਜੀ - ਸਾਡਾ ਗੁਰੂ ਸਾਡੇ ਨਾਲ ਸੀ। ਸਾਨੂੰ ਉਸੇ ਦਾ ਆਸਰਾ ਸੀ। ਅਸੀਂ ਹਰ ਰੋਜ਼ ਗੁਰਬਾਣੀ ਦਾ ਪਾਠ ਕਰਦੇ ਸੀ। ਸਾਨੂੰ ਗੁਰਬਾਣੀ ਦਾ ਆਸਰਾ ਸੀ। ਸਾਡੇ ਦਿਲ ਇਸ ਤਰ੍ਹਾਂ ਦੇ ਬਣ ਗਏ ਸੀ ਕਿ ਜੇਲ੍ਹ ਵਾਲੇ ਜਿੰਨੀ ਵੱਡੀ ਸਜ਼ਾ ਦੇ ਦੇਣ ਪਰ ਸਾਨੂੰ ਇਹ ਝੁਕਾਅ ਨਹੀਂ ਸਕਦੇ। ਸਾਡੇ ਦਿਲ ਜਰਾ ਵੀ ਨਹੀਂ ਸਨ ਡੋਲਦੇ। ਜੇਲ੍ਹ ਵਾਲੇ ਜੇ ਸਖ਼ਤੀ ਕਰਦੇ ਸੀ ਤਾਂ ਅਸੀਂ ਹੋਰ ਵੀ ਨਿੱਡਰ ਹੋ ਜਾਂਦੇ ਸੀ।

ਮੈਂ - ਬਾਬਾ ਜੀ, ਗਦਰ ਪਾਰਟੀ ਦੇ ਨੇਤਾਵਾਂ ਤੇ ਵਰਕਰਾਂ ਨੇ ਬਹੁਤ ਜ਼ਿਆਦਾ ਕੁਰਬਾਨੀਆਂ ਦਿੱਤੀਆਂ। ਗ਼ਦਰ ਪਾਰਟੀ ਆਪਣੇ ਮਿਸ਼ਨ ਵਿੱਚ ਕਾਮਯਾਬ ਵੀ ਨਹੀਂ ਹੋ ਸਕੀ। ਕੀ ਤੁਹਾਨੂੰ ਲੱਗਦੈ ਕਿ ਤੁਹਾਡੀਆਂ ਕੁਰਬਾਨੀਆਂ ਐਵੇਂ ਹੀ ਗਈਆਂ?

ਬਾਬਾ ਜੀ - ਨਾ ਬਈ ਨਾ। ਇਹ ਗੱਲ ਬਿਲਕੁਲ ਨਹੀਂ। ਸੱਚੇ ਇਰਾਦੇ ਨਾਲ ਕੀਤੀ ਕੁਰਬਾਨੀ ਅਜਾਈਂ ਨਹੀਂ ਜਾਂਦੀ। ਗ਼ਦਰ ਪਾਰਟੀ ਦੀ ਜਗਾਈ ਜੋਤ ਜਗਦੀ ਰਹੇਗੀ। ਅਣਖੀ ਬੰਦੇ ਗ਼ਦਰ ਪਾਰਟੀ ਦੀਆਂ ਬਾਤਾਂ ਪਾਉਂਦੇ ਰਹਿਣਗੇ।

ਮੈਂ - ਚਲੋ ਹੁਣ ਜੀ ਇਹ ਦੱਸੋ ਕਿ ਤੁਸੀਂ ਇੱਕ ਕਠਿਨ ਲੜਾਈ ਲੜੀ ਹੈ ਦੇਸ਼ ਦੀ ਅਜ਼ਾਦੀ ਦੀ ਖਾਤਰ। ਭਾਰਤ 15 ਅਗਸਤ 1947 ਨੂੰ ਅਜ਼ਾਦ ਹੋ ਗਿਆ। ਪੈਂਤੀ ਸਾਲ ਦੇ ਲਗਭਗ ਹੋ ਗਏ ਅਜ਼ਾਦੀ ਆਈ ਨੂੰ। ਕੀ ਉਸ ਤਰ੍ਹਾਂ ਦੀ ਅਜ਼ਾਦੀ ਆ ਗਈ ਸਾਡੇ ਦੇਸ਼ ਵਿੱਚ ਜਿਸ ਤਰ੍ਹਾਂ ਦੀ ਅਜ਼ਾਦੀ ਤੁਸੀਂ ਚਾਹੁੰਦੇ ਸੀ?

ਬਾਬਾ ਜੀ - ਜਿਸ ਤਰ੍ਹਾਂ ਦੀ ਅਜ਼ਾਦੀ ਅਸੀਂ ਚਾਹੁੰਦੇ ਸੀ ਉਸ ਤਰ੍ਹਾਂ ਦੀ ਅਜ਼ਾਦੀ ਬਿਲਕੁਲ

ਨਹੀਂ ਆਈ। ਸਿਰਫ ਸਰਕਾਰ ਬਦਲੀ ਹੈ ਪਰ ਹਾਲਾਤ ਪਹਿਲਾਂ ਨਾਲੋਂ ਵੀ ਭੈੜੇ। ਹੁਣ ਨੂੰ ਤਾਂ ਸਾਡੇ ਸਕੂਲ, ਕਾਲਜ, ਹਸਪਤਾਲ, ਸੜਕਾਂ ਤੇ ਕਾਰੋਬਾਰਾਂ ਵਿਚ ਭਾਰੀ ਤਬਦੀਲੀ ਆ ਜਾਣੀ ਚਾਹੀਦੀ ਸੀ। ਸਭ ਲੋਕਾਂ ਨੂੰ ਕੰਮ ਮਿਲਣਾ ਚਾਹੀਦਾ ਸੀ। ਜੇ ਕਿਸੇ ਕੋਲ ਕੰਮ ਨਹੀਂ ਤਾਂ ਸਰਕਾਰ ਉਸ ਨੂੰ ਭੱਤਾ ਦੇਵੇ। ਤੁਸੀਂ ਆਪ ਦੱਸੋ ਜੇਕਰ ਸਾਡੇ ਲੋਕਾਂ ਨੂੰ ਏਥੇ ਪੂਰੀਆਂ ਸਹੂਲਤਾਂ ਹੋਣ ਤਾਂ ਉਹ ਬਾਹਰਲੇ ਦੇਸ਼ਾਂ ਨੂੰ ਕਿਉਂ ਭੱਜ ਕੇ ਜਾਣ।

ਮੈਂ - ਬਾਬਾ ਜੀ ਏਥੇ ਨੁਕਸ ਕਿਥੇ ਕੁ ਹੈ?

ਬਾਬਾ ਜੀ - ਇਹ ਦੱਸ ਨੁਕਸ ਹੈ ਕਿੱਥੇ ਨਹੀਂ? ਪਹਿਲੀ ਗੱਲ ਤਾਂ ਇਹ ਕਿ ਸਾਡੀ ਚੋਣ ਪ੍ਰਣਾਲੀ ਏਨੀ ਮਹਿੰਗੀ ਹੈ ਕਿ ਕੋਈ ਗਰੀਬ ਬੰਦਾ ਕਿੰਨਾ ਵੀ ਲਾਇਕ ਕਿਉਂ ਨਾ ਹੋਵੇ ਉਹ ਨਾ ਐਮ.ਐਲ.ਏ. ਬਣ ਸਕਦਾ ਤੇ ਨਾ ਐਮ.ਪੀ.। ਪੰਜ ਸਾਲ ਬਾਅਦ ਚੋਣਾਂ ਹੁੰਦੀਆਂ। ਇਹ ਚੋਣ ਘੱਟੋ ਘੱਟ ਤਿੰਨ ਸਾਲ ਤੋਂ ਬਾਅਦ ਹੋਣੀ ਚਾਹੀਦੀ ਹੈ। ਏਥੇ ਤਾਂ ਤਰੱਕੀ ਥੋੜ੍ਹੇ ਘਰਾਂ ਦੀ ਹੋ ਰਹੀ ਐ ਨਾ ਕਿ ਆਮ ਲੋਕਾਂ ਦੀ। ਸਾਡੇ ਦੇਸ਼ ਵਿੱਚ ਇਕ ਬਹੁਤ ਵੱਡੀ ਸ਼੍ਰੇਣੀ ਤਿਆਰ ਹੋ ਗਈ ਹੈ। ਉਹ ਹੀ ਸਭ ਕੁਝ ਕਰਦੀ ਹੈ। ਜੀਵਨ ਦੇ ਹਰ ਖੇਤਰ ਵਿੱਚ ਇਸ ਦਾ ਪ੍ਰਭਾਵ ਹੈ।

ਮੈਂ - ਜੀਵਨ ਦੇ ਹਰ ਖੇਤਰ ਵਿੱਚ ਵੱਡੀ ਸ਼੍ਰੇਣੀ ਦਾ ਪ੍ਰਭਾਵ ਹੈ। ਇਸ ਦਾ ਕੀ ਅਰਥ ਹੈ?

ਬਾਬਾ ਜੀ - ਇਹੋ ਸ਼੍ਰੇਣੀ ਅਸਲ ਵਿੱਚ ਸਾਡੇ ਦੇਸ਼ ਉੱਤੇ ਰਾਜ ਕਰ ਰਹੀ ਐ। ਇਹ ਪੰਜ ਕਰਨ ਜਾਂ ਪੰਜਾਹ ਕਰਨ। ਸੌ ਹੱਥ ਰੱਸਾ ਤੇ ਸਿਰੇ ਉੱਤੇ ਗੰਢ। ਅਸੀਂ ਜੀਵਨ ਦੇ ਹਰ ਖੇਤਰ ਵਿੱਚ ਸਿਆਸੀ ਪਾਰਟੀਆਂ ਦੇ ਵੱਸ ਪਏ ਹੋਏ ਆਂ। ਇਹ ਆਪਣੇ ਢੰਗ ਨਾਲ ਸਾਨੂੰ ਚਲਾ ਰਹੇ ਐ।

ਮੈਂ - ਇਸ ਗੱਲ ਨੂੰ ਬਾਬਾ ਜੀ ਜ਼ਰਾ ਖੋਲ੍ਹ ਕੇ ਦੱਸੋ?

ਬਾਬਾ ਜੀ - ਓ ਬਈ ਸਿਆਸੀ ਬੰਦੇ ਹਰ ਥਾਂ ਲੱਤ ਅੜਾਈ ਰੱਖਦੇ ਆ। ਹੁਣ ਖੇਤੀਬਾੜੀ ਦਾ ਵਿਭਾਗ ਹੀ ਸੀ। ਇਸ ਵਿੱਚ ਖ਼ੇਤੀ ਮਾਹਿਰਾਂ ਦੀ ਰਾਏ ਮੰਨੀ ਜਾਵੇ। ਵਿੱਦਿਆ ਦੇ ਮਹਿਕਮੇ ਵਿੱਚ ਵਿਦਿਅਕ ਮਾਹਿਰਾਂ ਦੀ ਸਿਫਾਰਸ਼ ਮੰਨੀ ਜਾਵੇ। ਇਸੇ ਤਰ੍ਹਾਂ ਬੱਚੇ, ਔਰਤਾ, ਬਜ਼ੁਰਗ ਤੇ ਨੌਜਵਾਨਾਂ ਦੇ ਮਸਲਿਆਂ ਬਾਰੇ ਯੋਗ ਸਿਫਾਰਸ਼ਾਂ ਨੂੰ ਮੁੱਖ ਰੱਖ ਕੇ ਕੋਈ ਯੋਜਨਾਵਾਂ ਤਿਆਰ ਕੀਤੀਆਂ ਜਾਣ ਬਈ ਏਥੇ ਤਾਂ ਰੱਬ ਹੀ ਰਾਖਾ ਹੈ।

ਮੈਂ - ਤੁਹਾਨੂੰ ਕੋਈ ਚੰਗੇ ਦਿਨਾਂ ਦੀ ਆਸ ਲੱਗਦੀ ਹੈ ਕਿ ਦੇਸ਼ ਹਰ ਪੱਖੋ ਤਰੱਕੀ ਕਰੇਗਾ ਤੇ ਲੋਕਾਂ ਦਾ ਜੀਵਨ ਵਧੀਆ ਹੋਵੇਗਾ।

ਬਾਬਾ ਜੀ - ਹੁਣ ਵਾਲੇ ਚਾਲਿਆਂ ਤੋਂ ਲੱਗਦਾ ਹੈ ਕਿ ਇਸ ਤੋਂ ਵੀ ਭੈੜਾ ਮਲੇਛ (ਉਨ੍ਹਾਂ ਇਹੀ ਸ਼ਬਦ ਵਰਤਿਆ ਸੀ) ਰਾਜ ਆਊਗਾ।

ਗ਼ਦਰ ਪਾਰਟੀ ਆਪਣੇ ਨਿਸ਼ਾਨੇ ਵੱਲ ਠੀਕ ਸੀ

ਗ਼ਦਰ ਪਾਰਟੀ ਆਪਣੇ ਮਿਸ਼ਨ ਵਿੱਚ ਸਫ਼ਲ ਨਾ ਹੋ ਸਕੀ ਪਰ ਜਿਸ ਤਰ੍ਹਾਂ ਉਸ ਨੇ ਸੋਚ ਵਿਚਾਰ ਕੇ ਪਾਰਟੀ ਦਾ ਵਿਧਾਨ ਬਣਾ ਕੇ ਪਰੋਗਰਾਮ ਬਣਾਇਆ ਉਹ ਆਪਣੇ ਆਪ ਵਿਚ ਲਾਜਵਾਬ ਸੀ। ਪਾਰਟੀ ਆਗੂਆਂ ਕੋਲ ਦਿਆਨਤਦਾਰੀ, ਸਾਹਸ, ਦ੍ਰਿੜਤਾ, ਤਿਆਗ ਦੀ ਭਾਵਨਾ ਤੇ ਕੁਰਬਾਨੀ ਦਾ ਜ਼ਜਬਾ ਸੀ। ਪਾਰਟੀ ਦਾ ਸਪੱਸ਼ਟ ਮੱਤ ਸੀ ਕਿ ਭਾਰਤ ਦੀ ਬੁਰੀ ਤਰ੍ਹਾਂ ਲੁੱਟ ਕਰਨ ਵਾਲੇ ਅੰਗਰੇਜ਼ ਏਥੋਂ ਸਿਰਫ਼ ਹਥਿਆਰਬੰਦ ਸੰਘਰਸ਼ ਨਾਲ ਹੀ ਕੱਢੇ ਜਾ ਸਕਦੇ ਹਨ। ਇਸੇ ਕਰਕੇ ਪਾਰਟੀ ਨੇ ਆਪਣੇ ਕੋਲ ਹਥਿਆਰ ਜਮ੍ਹਾਂ ਕਰਨ ਦੀ ਯੋਜਨਾ ਤਿਆਰ ਕੀਤੀ ਸੀ। ਪਾਰਟੀ ਦੇ ਉੱਚ ਨੇਤਾਵਾਂ ਨੇ ਭਾਰਤੀ ਫੌਜ ਨਾਲ ਸੰਪਰਕ ਕਰਕੇ ਦੇਸ਼ ਵਿਚ ਥਾਂ-ਥਾਂ ਇਕੋ ਦਿਨ ਗ਼ਦਰ ਮਚਾਉਣ ਦਾ ਨਿਰਣਾ ਕੀਤਾ ਸੀ। ਇਸ ਗੱਲ ਨੂੰ ਸਾਧਾਰਨ ਨਹੀਂ ਸਮਝਣਾ ਚਾਹੀਦਾ ਕਿ ਪਾਰਟੀ ਫੌਜ ਤੱਕ ਕਿਵੇਂ ਜਾ ਪਹੁੰਚੀ। ਭਾਰਤੀ ਫੌਜੀ ਵੀ ਅੰਗਰੇਜ਼ ਸਾਮਰਾਜ ਦੀਆਂ ਨੀਤੀਆਂ ਤੋਂ ਅੱਕ ਚੁੱਕੇ ਸਨ ਜਿਸ ਕਰਕੇ ਉਨ੍ਹਾਂ ਨੇ ਗ਼ਦਰ ਪਾਰਟੀ ਦਾ ਸਾਥ ਦੇਣ ਦਾ ਫੈਸਲਾ ਕਰ ਲਿਆ ਸੀ। ਸਵਾਲ ਉੱਠਦਾ ਹੈ ਕਿ ਗ਼ਦਰ ਪਾਰਟੀ ਦਾ ਹਥਿਆਰਬੰਦ ਸੰਘਰਸ਼ ਕੀ ਠੀਕ ਪਰੋਗਰਾਮ ਸੀ? ਇਸ ਸੰਦਰਭ ਵਿੱਚ ਉਸ ਸਮੇਂ ਦੇ ਹਾਲਾਤ, ਅੰਗਰੇਜ਼ੀ ਸਾਮਰਾਜ ਦੀਆਂ ਘਟੀਆ ਚਾਲਾਂ ਤੇ ਅੰਗਰੇਜ਼ਾਂ ਦੇ ਝੋਲੀਚੁੱਕਾਂ ਨੂੰ ਪਰਖਦੇ ਹਾਂ ਤਾਂ ਇਹੀ ਲੱਗਦਾ ਹੈ ਕਿ ਗ਼ਦਰ ਪਾਰਟੀ ਦਾ ਉਸ ਵੇਲੇ ਦੇ ਹਾਲਾਤ ਅਨੁਸਾਰ ਹਥਿਆਰਬੰਦ ਸੰਘਰਸ਼ ਦੀ ਲਾਈਨ ਦਰੁਸਤ ਸੀ। ਦੇਸ਼ ਵਿੱਚੋਂ ਅੰਗਰੇਜ਼ਾਂ ਦੇ ਪੈਰ ਸਿਰਫ ਗ਼ਦਰ ਪਾਰਟੀ ਦੇ ਸੰਘਰਸ਼ ਨੇ ਹੀ ਉਖੇੜੇ ਸਨ।

ਪਿੰਡ ਢੁੱਡੀਕੇ ਦੇ ਹੀਰੇ

ਗ਼ਦਰੀ ਬਾਬੇ ਵਿਦਵਾਨ, ਮਾਨਵਤਾ ਦੇ ਪੁਜਾਰੀ, ਕੁਰਬਾਨੀ ਦੇ ਪੁੰਜ ਤੇ ਦੇਸ਼ ਦੇ ਅਸਲੀ ਦੇਸ਼ ਭਗਤ ਸਨ ਜਿਹੜੇ ਵੱਡੀ ਤੋਂ ਵੱਡੀ ਕੁਰਬਾਨੀ ਦੇ ਕੇ ਭਾਰਤ ਨੂੰ ਅਜ਼ਾਦ ਕਰਵਾਉਣਾ ਚਾਹੁੰਦੇ ਸਨ। ਗ਼ਦਰ ਪਾਰਟੀ ਹੀ ਦੇਸ਼ ਦੀ ਪਹਿਲੀ ਸਿਆਸੀ ਪਾਰਟੀ ਸੀ ਜਿਸ ਨੇ ਸਭ ਤੋਂ ਪਹਿਲਾਂ ਸੰਪੂਰਨ ਅਜ਼ਾਦੀ ਦਾ ਨਾਅਰਾ ਲਾਇਆ ਸੀ। ਗ਼ਦਰ ਪਾਰਟੀ ਦਾ ਐਲਾਨ ਦਲੇਰੀ ਭਰਪੂਰ ਤੇ ਦੇਸ਼ ਉੱਤੋਂ ਕੁਰਬਾਨ ਹੋ ਜਾਣ ਦੀ ਭਾਵਨਾ ਨਾਲ ਜੁੜਿਆ ਹੋਇਆ ਸੀ।

ਤਨਖਾਹ –	ਮੌਤ
ਇਨਾਮ –	ਸ਼ਹੀਦੀ
ਪੈਨਸ਼ਨ –	ਅਜ਼ਾਦੀ
ਸਥਾਨ –	ਹਿੰਦੁਸਤਾਨ

ਅਜਿਹੇ ਐਲਾਨ ਵਾਲੀ ਸਿਆਸੀ ਪਾਰਟੀ ਦੇ ਸਿਰਫ ਉਹ ਹੀ ਮੈਂਬਰ ਬਣਦੇ ਸਨ ਜਿਨ੍ਹਾਂ ਨੇ ਸਿਰ ਉੱਤੇ ਕਫਨ ਬੰਨ੍ਹ ਰੱਖਿਆ ਹੋਵੇ। ਕੈਨੇਡਾ ਤੇ ਅਮਰੀਕਾ ਵਿਚ ਬਹੁਤੇ ਪੰਜਾਬੀ ਵੀਰ ਰੋਜ਼ੀ ਰੋਟੀ ਦੀ ਖਾਤਰ ਗਏ ਸਨ। ਕਮਾਈ ਤਾਂ ਉੱਥੇ ਚੰਗੀ ਹੋ ਰਹੀ ਸੀ ਪਰ ਉਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਜ਼ਲੀਲ ਹੋਣਾ ਪੈਂਦਾ ਸੀ। ਭਾਰਤੀਆਂ ਨੂੰ ਕੁੱਤੇ ਆਖ ਦੇਣਾ ਇੱਕ ਸਾਧਾਰਨ ਗੱਲ ਸੀ। ਪੰਜਾਬੀਆਂ ਨੂੰ ਉੱਥੇ ਡੂੰਘੀ ਤਰ੍ਹਾਂ ਅਹਿਸਾਸ ਹੋ ਗਿਆ ਸੀ ਕਿ ਅਸੀਂ ਗੁਲਾਮ ਹਾਂ ਤੇ ਫਿਰ ਭਾਰਤੀਆਂ ਨੇ ਅਮਰੀਕਾ ਦੀ ਧਰਤੀ ਉੱਤੇ ਇਕੱਠੇ ਹੋ ਕੇ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਦਾ ਪ੍ਰਣ ਕਰ ਲਿਆ। ਸਿੱਟੇ ਵਜੋਂ ਗ਼ਦਰ ਪਾਰਟੀ ਹੋਂਦ ਵਿੱਚ ਆ ਗਈ। ਫਿਰ ਹਜ਼ਾਰਾਂ ਹੀ ਅਣਖੀਲੇ ਭਾਰਤੀ ਦੇਸ਼ ਨੂੰ ਅੰਗਰੇਜ਼ੀ ਸਰਕਾਰ ਤੋਂ ਮੁਕਤ ਕਰਵਾਉਣ ਲਈ ਵਤਨ ਨੂੰ ਚੱਲ ਪਏ। ਗ਼ਦਰ ਪਾਰਟੀ ਦਾ ਪਰਚਾ 'ਗ਼ਦਰ' ਹੋਕਾ ਦਿੰਦਾ ਸੀ–

ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਅਜ਼ਾਦ ਕਰਾਵਣ ਦਾ।
ਆਉ ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

–o–

ਛੌਹੜੇ, ਕਹੀਆਂ, ਕੁਹਾੜੀਆਂ, ਜਾਤੂ, ਟੋਕੇ, ਚੰਗੇ ਭਲੇ ਹੈ ਇਹ ਹਥਿਆਰ ਲੋਕੋ।
ਇੱਕ ਦੂ ਵਾਢਿਉਂ ਗ਼ਦਰ ਦੀ ਕਰੋ ਤਿਆਰੀ ਖਬਰਾਂ ਕਰ ਦਿਉ ਸ਼ਹਿਰ ਬਜ਼ਾਰ ਲੋਕੋ।

ਗ਼ਦਰੀਆਂ ਨੇ ਪਾਰਟੀ ਦੇ ਪਰੋਗਰਾਮ ਉਤੇ ਫੁੱਲ ਚੜ੍ਹਾਏ ਤੇ ਦੇਸ਼ ਦੀ ਅਜ਼ਾਦੀ ਲਈ ਇਨ੍ਹਾਂ ਸੂਰਬੀਰਾਂ ਨੇ ਸਿਰ ਧੜ ਦੀ ਬਾਜ਼ੀ ਲਾ ਦਿੱਤੀ। ਢੁੱਡੀਕੇ ਨੂੰ ਇਹ ਮਾਣ ਹਾਸਲ ਹੈ ਕਿ ਇਹ ਪਿੰਡ ਬਾਰਾਂ ਗ਼ਦਰੀਆਂ ਦੀ ਜਨਮ ਭੂਮੀ ਹੈ। ਢੁੱਡੀਕੇ ਗ਼ਦਰ ਪਾਰਟੀ ਦਾ ਸਬ ਸੈਂਟਰ ਹੁੰਦਾ ਸੀ। ਪਿੰਡ ਦੇ ਗ਼ਦਰੀਆਂ ਬਾਰੇ ਸੰਖੇਪ ਜਾਣਕਾਰੀ ਹਾਜ਼ਰ ਹੈ।

ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ

ਬਾਬਾ ਈਸ਼ਰ ਸਿੰਘ ਦਾ ਜਨਮ ਪਿਤਾ ਸੱਜਣ ਸਿੰਘ ਦੇ ਗ੍ਰਹਿ ਤੇ ਮਾਤਾ ਧਰਮ ਕੌਰ ਦੀ ਕੁੱਖੋਂ ਸੰਨ 1885 ਵਿੱਚ ਹੋਇਆ। ਘਰ ਦੀ ਮੰਦੀ ਹਾਲਤ ਕਾਰਨ ਈਸ਼ਰ ਸਿੰਘ 1907 ਵਿੱਚ ਕੈਨੇਡਾ ਚਲਾ ਗਿਆ। ਕੈਨੇਡਾ ਵਿੱਚ ਹੀ ਉਸ ਦਾ ਸੰਪਰਕ ਉਤਮ ਸਿੰਘ ਹਾਂਸ ਨਾਲ ਹੋਇਆ। ਗ਼ਦਰ ਪਾਰਟੀ ਦੇ ਗਠਨ ਤੋਂ ਬਾਅਦ ਇਹ ਦੋਵੇਂ ਦੋਸਤ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ ਤੇ ਪਾਰਟੀ ਲਈ ਦਿਨ ਰਾਤ ਕੰਮ ਕਰਨ ਲੱਗੇ। ਪਾਰਟੀ ਦੇ ਪਰੋਗਰਾਮ ਅਨੁਸਾਰ ਭਾਰਤ ਵਿੱਚ ਥਾਂ-ਥਾਂ ਗ਼ਦਰ ਮਚਾਉਣਾ ਸੀ। ਗ਼ਦਰੀ ਦੇਸ਼ ਪਰਤ ਆਏ। ਈਸ਼ਰ ਸਿੰਘ ਫਿਰੋਜ਼ਪੁਰ ਜ਼ਿਲ੍ਹੇ ਦਾ ਪਾਰਟੀ ਮੁਖੀ ਸੀ।

ਗ਼ਦਰ ਪਾਰਟੀ ਨੇ ਦੇਸ਼ ਵਿੱਚ 21 ਫਰਵਰੀ 1915 ਨੂੰ ਗ਼ਦਰ ਮਚਾਉਣ ਦਾ ਫੈਸਲਾ ਕਰ ਲਿਆ। ਢੁੱਡੀਕੇ ਦੇ ਗ਼ਦਰੀਆਂ ਨੇ ਕਰਤਾਰ ਸਿੰਘ ਸਰਾਭੇ ਦੀ ਅਗਵਾਈ ਵਿੱਚ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨਾ ਸੀ। ਇਸ ਜੱਥੇ ਵਿੱਚ ਭਾਈ ਰਨਧੀਰ ਸਿੰਘ ਨਾਰੰਗਵਾਲ ਤੇ ਉਨ੍ਹਾਂ ਦੇ ਜੱਥੇ ਨੇ ਸ਼ਾਮਲ ਹੋਣਾ ਸੀ। ਸਾਰੇ ਗ਼ਦਰੀ ਫਿਰੋਜ਼ਪੁਰ ਛਾਉਣੀ ਪਹੁੰਚ ਗਏ ਪਰ ਉੱਥੇ ਪਤਾ ਲੱਗਾ ਕਿ ਇੱਕ ਕਿਰਪਾਲ ਸਿੰਘ ਨਾਂ ਦੇ ਬੰਦੇ ਨੇ ਪਾਰਟੀ ਪਰੋਗਰਾਮ ਦੀ ਸਾਰੀ ਜਾਣਕਾਰੀ ਅੰਗਰੇਜ਼ਾਂ ਦੀ ਖੁਫ਼ੀਆ ਪੁਲੀਸ ਨੂੰ ਦੇ ਦਿੱਤੀ ਹੈ। ਉਥੋਂ ਗ਼ਦਰੀ ਨਿਰਾਸ਼ ਹੋ ਕੇ ਵਾਪਸ ਪਰਤ ਆਏ।

ਈਸ਼ਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਪਿਛੋਂ ਗ਼ਦਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਕਈ ਪਰੋਗਰਾਮ ਬਣਾਏ। ਦੁਰਾਹੇ ਦੇ ਪੁਲ ਉੱਤੇ ਫੌਜੀ ਗਾਰਦ ਕੋਲੋਂ ਬੰਦੂਕਾਂ ਖੋਹਣ ਦਾ ਪਰੋਗਰਾਮ ਬਣਾਇਆ ਪਰ ਕਾਮਯਾਬ ਨਾ ਹੋ ਸਕੇ। ਫਿਰ ਕਈ ਥਾਵਾਂ ਉਤੇ ਅੰਗਰੇਜ਼ਾਂ ਦੇ ਪਿੱਠੂਆਂ ਦੇ ਘਰ ਡਾਕੇ ਵੀ ਮਾਰੇ ਤਾਂ ਕਿ ਇਨ੍ਹਾਂ ਪੈਸਿਆਂ ਨਾਲ ਹਥਿਆਰ ਖਰੀਦੇ ਜਾਣ। ਫਿਰ ਕਪੂਰਥਲੇ ਅਸਲਾਖਾਨਾ ਲੁੱਟਣ ਦੀ ਵਿਉਂਤ ਬਣਾਈ ਪਰ ਇਹ ਸਕੀਮ ਵੀ ਸਿਰੇ ਨਾ ਚੜ੍ਹ ਸਕੀ।

ਕਪੂਰਥਲੇ ਤੋਂ ਬਾਅਦ ਈਸ਼ਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਅੰਮ੍ਰਿਤਸਰ ਲਾਗਲੇ ਪਿੰਡ ਵੱਲਾ ਵਾਲੀ ਨਹਿਰ ਦੇ ਪੁਲ ਉੱਤੇ ਪਹਿਰਾ ਦੇ ਰਹੇ ਫੌਜੀਆਂ ਤੋਂ ਬੰਦੂਕਾ ਖੋਹਣ ਦੀ ਸਕੀਮ ਤਿਆਰ ਕੀਤੀ। ਗਿਆਰਾਂ ਮਈ 1915 ਨੂੰ ਵੱਲਾ ਪੁਲ ਉਤੋਂ ਫੌਜ਼ੀ ਗਾਰਦ ਕੋਲੋਂ 6 ਰਾਈਫਲਾਂ ਤੇ 450 ਕਾਰਤੂਸ ਖੋਹ ਲਏ। ਇਸ ਘਟਨਾ ਵਿੱਚ ਦੋ ਪਹਿਰੇਦਾਰ ਮਾਰੇ ਗਏ। ਇਸ ਘਟਨਾ ਪਿੱਛੋਂ ਈਸ਼ਰ ਸਿੰਘ ਆਪਣੇ ਸਾਥੀ ਉਤਮ ਸਿੰਘ ਹਾਂਸ ਦੇ ਨਾਲ ਰੂਪੋਸ਼ ਹੋ ਗਏ ਤੇ ਗੋਨੇਆਣਾ ਮੰਡੀ ਲਾਗੇ ਪਿੰਡ ਮਹਿਮਾ ਸਰਜਾ ਵਿਖੇ ਇਕ ਸਾਧ ਦੀ ਕੁਟੀਆ ਵਿੱਚ ਰਹਿਣ ਲੱਗ ਪਏ। ਏਥੇ ਕਿਸੇ ਨੇ ਪੁਲੀਸ ਨੂੰ ਸੂਹ ਦਿੱਤੀ

ਕਿ ਸਾਧ ਦੀ ਕੁਟੀਆ ਵਿੱਚ ਦੋ ਡਾਕੂ ਛੁਪ ਕੇ ਰਹਿ ਰਹੇ ਹਨ। ਇੱਕ ਦਿਨ ਫਰੀਦਕੋਟ ਦੀ ਪੁਲੀਸ ਨੇ ਸਾਧ ਦੀ ਕੁਟੀਆ ਨੂੰ ਘੇਰਾ ਪਾ ਕੇ ਈਸ਼ਰ ਸਿੰਘ ਤੇ ਉਤਮ ਸਿੰਘ ਹਾਂਸ ਨੂੰ ਗ੍ਰਿਫ਼ਤਾਰ ਕਰ ਲਿਆ।

ਈਸ਼ਰ ਸਿੰਘ ਉਤੇ ਲਹੌਰ ਸੈਂਟਰਲ ਜੇਲ੍ਹ ਵਿੱਚ ਮੁਕੱਦਮਾ ਸ਼ੁਰੂ ਹੋਇਆ। ਤੀਹ ਮਾਰਚ 1916 ਨੂੰ ਆਪ ਨੂੰ ਮੌਤ ਦੀ ਸਜ਼ਾ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਜੇਲ੍ਹ ਵਿੱਚ ਆਪ ਨੂੰ ਬਹੁਤ ਤਸੀਹੇ ਦਿੱਤੇ ਗਏ ਪਰ ਆਪ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਅਖੀਰ 18 ਜੂਨ 1916 ਦਿਨ ਐਤਵਾਰ ਨੂੰ ਲਹੌਰ ਸੈਂਟਰਲ ਜੇਲ੍ਹ ਵਿਚ ਆਪ ਨੂੰ ਫਾਂਸੀ ਦੇ ਦਿੱਤੀ ਗਈ। ਆਪ ਦੀ ਲਾਸ਼ ਅੰਗਰੇਜ਼ਾਂ ਨੇ ਘਰ ਵਾਲਿਆਂ ਨੂੰ ਨਹੀਂ ਸੀ ਦਿੱਤੀ। ਇਸ ਤਰ੍ਹਾਂ ਇਹ ਸੂਰਬੀਰ ਯੋਧਾ ਆਪਣੀ ਜ਼ਿੰਦਗੀ ਦੇਸ਼ ਦੇ ਲੇਖੇ ਲਾ ਗਿਆ। ਢੁੱਡੀਕੇ ਨਗਰ ਨਿਵਾਸੀਆਂ ਨੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਾਮ ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਦੇ ਨਾਮ ਉਪਰ ਕਰਵਾ ਦਿੱਤਾ ਹੈ। ਮੈਂ ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਬਾਰੇ 'ਗ਼ਦਰੀ ਸੂਰਬੀਰ' ਨਾਵਲ ਲਿਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।

ਬਾਬਾ ਪਾਖਰ ਸਿੰਘ

ਬਾਬਾ ਪਾਖਰ ਸਿੰਘ ਦਾ ਜਨਮ ਸ. ਭਾਨ ਸਿੰਘ ਦੇ ਘਰ ਤੇ ਮਾਤਾ ਅਤਰ ਕੌਰ ਦੀ ਕੁੱਖੋਂ 1885 ਈ: ਵਿੱਚ ਹੋਇਆ। ਆਪ ਵੀ ਹੋਰ ਪੰਜਾਬੀਆਂ ਵਾਂਗ ਰੋਜ਼ੀ ਦੀ ਖਾਤਰ ਕੈਨੇਡਾ ਗਏ ਸਨ। ਉੱਥੇ ਗ਼ਦਰੀਆਂ ਨਾਲ ਆਪ ਦਾ ਸੰਪਰਕ ਹੋਇਆ ਤੇ 1914 ਈ: ਵਿੱਚ ਵਾਪਸ ਆਪਣੇ ਪਿੰਡ ਆ ਗਏ। ਪਿੰਡ ਢੁੱਡੀਕੇ ਵਿੱਚ ਗ਼ਦਰ ਪਾਰਟੀ ਦਾ ਇੱਕ ਸਰਗਰਮ ਜੱਥਾ ਕਾਇਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਗ਼ਦਰ ਪਾਰਟੀ ਦੇ ਪਰੋਗਰਾਮ ਅਨੁਸਾਰ ਹਥਿਆਰ ਤੇ ਪੈਸਾ ਇਕੱਠਾ ਕਰਨ ਲਈ 25 ਮਈ 1915 ਨੂੰ ਪਿੰਡ ਢੁੱਡੀਕੇ ਵਿਖੇ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਇਲਾਕੇ ਭਰ 'ਚੋਂ ਤੇ ਦੂਰੋਂ-ਦੂਰੋਂ ਵੀ ਗ਼ਦਰੀ ਇਕੱਠੇ ਹੋਏ ਜਿਸ ਵਿਚ ਕਪੂਰਥਲੇ ਦਾ ਅਸਲਾਖਾਨਾ ਲੁੱਟਣ ਦੀ ਸਕੀਮ ਬਣਾਈ। ਪੰਜ ਜੂਨ ਮਿਥੇ ਹੋਏ ਦਿਨ ਸਾਰੇ ਗ਼ਦਰੀ ਇਕੱਠੇ ਨਾ ਹੋ ਸਕੇ ਤੇ ਕਪੂਰਥਲੇ ਦਾ ਪਰੋਗਰਾਮ ਰੱਦ ਕਰਕੇ ਅੰਮ੍ਰਿਤਸਰ ਦੇ ਲਾਗਲੇ ਪਿੰਡ ਵੱਲਾ ਪੁਲ ਉਤੇ ਪਹਿਰੇ ਉਤੇ ਲੱਗੀ ਗਾਰਦ ਕੋਲੋਂ ਬੰਦੂਕਾਂ ਖੋਹਣ ਦਾ ਪਰੋਗਰਾਮ ਬਣਾ ਲਿਆ।

ਗਿਆਰਾਂ ਜੂਨ ਨੂੰ ਅੱਧੀ ਰਾਤ ਸਮੇਂ ਬਹੁਤ ਗ਼ਦਰੀ ਇਕੱਠੇ ਹੋ ਕੇ ਵੱਲਾ ਪੁਲ ਉੱਤੇ ਚਲੇ ਗਏ। ਰੇਲ ਗੱਡੀ ਦੇ ਖੜਕੇ ਵਿੱਚ ਗੋਲੀ ਚਲਾ ਦਿੱਤੀ। ਦੋ ਸੰਤਰੀ ਮਾਰੇ ਗਏ। ਗ਼ਦਰੀ ਛੇ ਬੰਦੂਕਾਂ ਤੇ 450 ਕਾਰਤੂਸ ਖੋਹ ਕੇ ਬਿਆਸ ਦਰਿਆ ਟੱਪ ਕੇ ਕਪੂਰਥਲੇ ਰਿਆਸਤ ਵਿਚ ਦਾਖਲ ਹੋ ਗਏ। ਸਾਰਾ ਦਿਨ ਪੁਲੀਸ ਨਾਲ ਹੀ ਝੜਪ ਹੁੰਦੀ ਰਹੀ ਸੀ। ਪਾਖਰ ਸਿੰਘ ਨੂੰ 18-6-1915 ਨੂੰ ਢੁੱਡੀਕੇ ਪਿੰਡ ਤੋਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਰਾਵਲਪਿੰਡੀ ਜੇਲ੍ਹ ਵਿੱਚ ਬੰਦ ਕਰ ਦਿੱਤਾ। ਪਾਖਰ ਸਿੰਘ ਉੱਤੇ ਮੁਕੱਦਮਾ ਚੱਲਿਆ ਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ।

ਪਾਖਰ ਸਿੰਘ ਨੂੰ ਵੀ ਪਾਲਾ ਸਿੰਘ ਦੇ ਨਾਲ ਹੀ ਬਿਹਾਰ ਦੀ ਹਜ਼ਾਰੀ ਬਾਗ਼ ਜੇਲ੍ਹ ਵਿਚ ਭੇਜ ਦਿੱਤਾ। ਉੱਥੇ ਗ਼ਦਰੀਆਂ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਸਨ। ਫਰਵਰੀ 1916 ਨੂੰ ਅਠਾਰਾਂ ਗ਼ਦਰੀ ਹਜ਼ਾਰੀ ਬਾਗ ਜੇਲ੍ਹ ਦੀ ਕੰਧ ਟੱਪ ਕੇ ਦੌੜ ਗਏ ਸਨ। ਪਾਖਰ ਸਿੰਘ ਵੀ ਦੌੜਨ ਵਾਲੇ ਗ਼ਦਰੀਆ ਵਿੱਚ ਸ਼ਾਮਲ ਸੀ। ਵੱਡੀ ਗੱਲ ਕਿ ਪਾਖਰ ਸਿੰਘ ਨੇ ਕੰਧ ਤੋਂ ਸਿੱਧੀ ਛਾਲ ਮਾਰੀ ਸੀ ਜਿਸ ਕਰਕੇ ਉਸ ਦੇ ਦੋਵੇਂ ਗਿੱਟੇ ਟੁੱਟ ਗਏ ਸਨ। ਬਾਅਦ ਵਿੱਚ ਸਾਰੇ ਗ਼ਦਰੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ ਸਨ। ਉਨ੍ਹਾਂ ਉੱਤੇ ਮੁੜ ਬਹੁਤ ਤਸ਼ੱਦਦ ਕੀਤਾ। ਪਾਣੀ ਤੱਕ ਵੀ ਉਨ੍ਹਾਂ ਨੂੰ ਪੀਣ ਲਈ ਨਾ ਦਿੱਤਾ ਜਾਂਦਾ। ਦਵਾਈਆਂ ਉੱਤੇ ਵੀ ਰੋਕ ਲਾ ਦਿੱਤੀ। ਖਾਣਾ ਬਹੁਤ ਘਟੀਆ ਮਿਲਦਾ। ਡੰਡਾ ਬੇੜੀ, ਟਾਟ ਵਰਦੀ ਤੇ ਬੈਂਤਾਂ ਦੀ ਸਜ਼ਾ ਲਾ ਦੇਣੀ ਆਮ ਗੱਲ ਸੀ ਪਰ ਇਹ ਯੋਧੇ ਕਦੇ ਨਾ ਘਬਰਾਏ। ਦੁੱਖ ਤਕਲੀਫਾਂ ਨੂੰ ਇਹ ਟਿੱਚ ਜਾਣਦੇ ਸਨ। ਇਨ੍ਹਾਂ ਦੇ ਦਿਲ ਵਿਚੋਂ ਇਕੋ ਅਵਾਜ਼ ਉਠਦੀ ਸੀ ਕਿ ਅੰਗਰੇਜ਼ਾਂ ਨੂੰ ਕੱਢ ਕੇ ਦੇਸ਼ ਨੂੰ ਅਜ਼ਾਦ ਕਰਵਾਉਣਾ ਹੈ।

ਆਪ ਨੂੰ ਕਈ ਜੇਲ੍ਹਾਂ ਵਿੱਚ ਬੰਦ ਰੱਖਿਆ ਗਿਆ ਤੇ ਅਖੀਰ ਪੱਚੀ ਸਾਲ ਦੀ ਸਖ਼ਤ ਸਜ਼ਾ ਭੁਗਤ ਕੇ 1940 ਈ: ਵਿੱਚ ਆਪ ਰਿਹਾਅ ਹੋ ਕੇ ਆਪਣੇ ਪਿੰਡ ਪਰਤੇ। ਆਪ ਦਾ ਸਰੀਰ ਕਮਜ਼ੋਰ ਹੋ ਗਿਆ ਸੀ ਪਰ ਦਿਲ ਬਹੁਤ ਕਰੜਾ ਸੀ। ਆਪ ਨੇ ਪਿੰਡ ਆ ਕੇ ਖੇਤੀ ਕਰਨੀ ਸ਼ੁਰੂ ਕੀਤੀ। ਆਪ ਦੇ ਗਿੱਟੇ ਕਈ ਵਾਰ ਸੁੱਜ ਜਾਂਦੇ ਸਨ ਪਰ ਆਪ ਕੋਈ ਪਰਵਾਹ ਨਹੀਂ ਸਨ ਕਰਦੇ। ਆਪ ਦਾ ਪਾਲਾ ਸਿੰਘ ਨਾਲ ਬਹੁਤ ਪਰੇਮ ਸੀ। ਦੋਵੇਂ ਸਾਥੀ ਦਿਨ ਵਿੱਚ ਇੱਕ ਵਾਰ ਜ਼ਰੂਰ ਇਕੱਠੇ ਹੁੰਦੇ ਤੇ ਗੱਲਾਂ ਬਾਤਾਂ ਕਰਦੇ।

ਆਪ ਦਾ ਪਰਿਵਾਰ ਅੱਜ ਕੱਲ੍ਹ ਕੈਨੇਡਾ ਵਿੱਚ ਰਹਿ ਰਿਹਾ ਹੈ। ਆਪ ਦੇ ਵੱਡੇ ਲੜਕੇ ਗਿਆਨੀ ਨਰੰਜਣ ਸਿੰਘ ਪਿੰਡ ਢੁੱਡੀਕੇ ਦੇ ਪਹਿਲੇ ਸਰਪੰਚ ਸਨ। ਆਪ ਦੇ ਨਾਮ ਉੱਤੇ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਬਾਬਾ ਪਾਖਰ ਸਿੰਘ ਸ: ਸੀ: ਸੈ: ਸਕੂਲ ਢੁੱਡੀਕੇ ਰੱਖਿਆ ਗਿਆ ਹੈ। ਪਿੰਡ ਦੇ ਗ਼ਦਰੀਆਂ ਦੀ ਯਾਦ ਵਿਚ ਇੱਕ ਸ਼ਾਨਦਾਰ ਗੇਟ ਬਣਿਆ ਹੋਇਆ ਹੈ ਤੇ ਦੌਧਰ ਪਿੰਡ ਵੱਲ ਸੂਏ ਉੱਤੇ ਇੱਕ ਯਾਦਗਾਰੀ ਲਾਟ ਦੀ ਉਸਾਰੀ ਕਰਵਾਈ ਗਈ ਹੈ।

ਗ਼ਦਰੀ ਸ਼ਹੀਦ ਭਾਈ ਰੂੜ ਸਿੰਘ

ਭਾਈ ਰੂੜ ਸਿੰਘ ਦਾ ਪਿੰਡ ਤਾਂ ਤਲਵੰਡੀ ਦੁਸਾਂਝ ਸੀ ਪਰ ਇਹ ਢੁੱਡੀਕੇ ਵਿਖੇ ਆਪਣੀ ਭੈਣ ਕੋਲ ਰਹਿੰਦੇ ਸਨ। ਭਾਈ ਈਸ਼ਰ ਸਿੰਘ ਤੇ ਪਾਖਰ ਸਿੰਘ ਨੇ ਕੈਨੇਡਾ ਤੋਂ ਆ ਕੇ ਪਿੰਡ ਵਿੱਚ ਗ਼ਦਰ ਪਾਰਟੀ ਦਾ ਯੂਨਿਟ ਕਾਇਮ ਕਰ ਲਿਆ ਸੀ। ਪਿੰਡ ਦੇ ਬਹੁਤ ਬੰਦੇ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਭਾਈ ਰੂੜ ਸਿੰਘ ਵੀ ਗ਼ਦਰ ਪਾਰਟੀ ਦਾ ਮੈਂਬਰ ਬਣ ਗਿਆ। ਭਾਈ ਰੂੜ ਸਿੰਘ ਨੂੰ ਇੱਕ ਅੱਖ ਤੋਂ ਘੱਟ ਦਿਸਦਾ ਸੀ ਤੇ ਇੱਕ ਕੰਨ ਤੋਂ ਵੀ ਘੱਟ ਸੁਣਦਾ ਸੀ ਪਰ ਰੂੜ ਸਿੰਘ ਪਾਰਟੀ ਲਈ ਪੂਰੀ ਸਰਗਰਮੀ ਨਾਲ ਕੰਮ ਕਰਦਾ ਸੀ। ਕਪੂਰਥਲੇ ਦੇ ਐਕਸ਼ਨ ਸਮੇਂ ਵੀ ਉਹ ਕਪੂਰਥਲੇ ਗਿਆ ਸੀ ਤੇ ਵੱਲਾ ਪੁਲ਼ ਵਾਲੇ ਐਕਸ਼ਨ ਮੌਕੇ ਵੀ ਉਹ ਗ਼ਦਰੀਆਂ ਦੇ ਨਾਲ ਸੀ। ਪੰਜ ਅਗਸਤ 1915 ਨੂੰ ਉਹ

ਪਿੰਡ ਵਿੱਚੋਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ। ਲਾਹੌਰ ਸਾਜਿਸ਼ ਕੇਸ ਨੰ: 2 ਅਧੀਨ ਉਸ ਉੱਤੇ ਮੁਕੱਦਮਾ ਚੱਲਿਆ। ਅਠਾਰਾਂ ਜੂਨ 1916 ਈ: ਨੂੰ ਲਹੌਰ ਦੀ ਸੈਂਟਰਲ ਜੇਲ੍ਹ ਵਿੱਚ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ।

ਭਾਈ ਸ਼ਾਮ ਸਿੰਘ

ਭਾਈ ਸ਼ਾਮ ਸਿੰਘ ਦਾ ਜਨਮ ਸ. ਭੋਲਾ ਸਿਘ ਦੇ ਘਰ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਗ਼ਦਰ ਪਾਰਟੀ ਦੇ ਸਰਗਰਮ ਮੈਂਬਰ ਸਨ। ਵੱਲਾ ਪੁਲ਼ ਉੱਤੇ ਫੌਜੀ ਗਾਰਦ ਤੋਂ ਅਸਲਾ ਖੋਹਣ ਸਮੇਂ ਆਪ ਗ਼ਦਰੀਆਂ ਦੇ ਜੱਥੇ ਵਿੱਚ ਸ਼ਾਮਲ ਸਨ। ਆਪ ਨੂੰ ਗ੍ਰਿਫ਼ਤਾਰ ਕਰਕੇ ਲਹੌਰ ਸਾਜਿਸ਼ ਕੇਸ ਨੰ: 2 ਅਧੀਨ ਤਿੰਨ ਸਾਲ ਦੀ ਸਖ਼ਤ ਸਜ਼ਾ ਦਿੱਤੀ ਗਈ।

ਬਾਬਾ ਪਾਲਾ ਸਿੰਘ ਵੱਡਾ

ਬਾਬਾ ਪਾਲਾ ਸਿੰਘ ਵੱਡਾ ਦਾ ਜਨਮ ਪਿਤਾ ਸ. ਕਾਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ 1885 ਈ: ਵਿਚ ਹੋਇਆ। ਆਪ ਬਰਮਾ ਤੋਂ ਪੁਲੀਸ ਦੀ ਨੌਕਰੀ ਛੱਡ ਕੇ ਪਿੰਡ ਆਏ ਸਨ। ਪਿੰਡ ਆ ਕੇ ਆਪ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਆਪ ਪਾਰਟੀ ਦੇ ਬੜੇ ਸਰਗਰਮ ਮੈਂਬਰ ਸਨ। ਆਪ ਨੇ ਪਾਰਟੀ ਦੇ ਹੁਕਮ ਅਨੁਸਾਰ ਕਈ ਐਕਸ਼ਨਾਂ ਵਿੱਚ ਭਾਗ ਲਿਆ। ਪੁਲੀਸ ਨੇ ਆਪ ਨੂੰ ਗ੍ਰਿਫ਼ਤਾਰ ਕਰਕੇ ਆਪ ਉੱਤੇ ਬਹੁਤ ਤਸ਼ੱਦਦ ਕੀਤਾ। ਪਿੰਡ ਦੇ ਇੱਕ ਖੂਹ ਵਿੱਚ ਆਪ ਨੂੰ ਪੁੱਠਾ ਲਟਕਾਇਆ ਗਿਆ ਪਰ ਆਪ ਨੇ ਆਪਣੇ ਸਾਥੀਆਂ ਦੇ ਨਾਮ ਨਾ ਦੱਸੇ। ਆਪ ਉੱਤੇ ਲਹੌਰ ਸਾਜਿਸ਼ ਕੇਸ ਨੰ: 2 ਅਧੀਨ ਮੁਕੱਦਮਾ ਚੱਲਿਆ ਤੇ ਆਪ ਨੂੰ 3 ਸਾਲ ਦੀ ਸਖ਼ਤ ਸਜ਼ਾ ਹੋਈ। ਮਿਤੀ 15-9-1969 ਨੂੰ ਆਪ ਅਕਾਲ ਚਲਾਣਾ ਕਰ ਗਏ।

ਭਾਈ ਅਤਰ ਸਿੰਘ

ਆਪ ਦਾ ਜਨਮ ਪਿਤਾ ਨਰੈਣ ਸਿੰਘ ਦੇ ਘਰ ਤੇ ਮਾਤਾ ਸੰਤ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਹਾਂਗਕਾਂਗ ਚਲੇ ਗਏ ਸਨ ਜਿੱਥੇ ਆਪ ਇੱਕ ਗੁਰਦੁਆਰੇ ਵਿੱਚ ਗਰੰਥੀ ਸਿੰਘ ਵਜੋਂ ਸੇਵਾ ਨਿਭਾ ਰਹੇ ਸਨ। ਏਥੇ ਹੀ ਆਪ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ। ਆਪ ਨਾਭਾ ਜੇਲ੍ਹ ਵਿੱਚ ਛੇ ਮਹੀਨੇ ਹਵਾਲਾਤ ਵਿੱਚ ਰਹੇ। ਆਪ ਦੇ ਪੋਤਰੇ ਸ. ਸੋਹਣ ਸਿੰਘ ਤੇ ਉਨ੍ਹਾਂ ਦੇ ਭਰਾਵਾਂ ਨੇ ਆਪਣੇ ਵੱਲੋਂ ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ ਢੁੱਡੀਕੇ ਨੂੰ ਗ਼ਦਰੀਆਂ ਦੀ ਯਾਦਗਾਰ ਬਣਾਉਣ ਲਈ ਇੱਕ ਕਿੱਲਾ ਜ਼ਮੀਨ ਦਾਨ ਵਜੋਂ ਦਿੱਤੀ ਹੈ।

ਮਾਸਟਰ ਫੇਰਾ ਸਿੰਘ

ਮਾਸਟਰ ਫੇਰਾ ਸਿੰਘ ਦਾ ਜਨਮ ਕੋਟ ਸਰਦਾਰ ਝੰਡਾ ਸਿੰਘ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿੱਚ ਹੋਇਆ। ਆਪ ਪਿੰਡ ਢੁੱਡੀਕੇ ਵਿਖੇ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਵਜੋਂ ਸੇਵਾ ਕਰ ਰਹੇ ਸਨ। ਆਪ ਨੇ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਕੇ

ਪਾਰਟੀ ਲਈ ਲੁਕਵੇਂ ਢੰਗ ਨਾਲ ਕੰਮ ਕੀਤਾ। ਪਿੰਡ ਢੁੱਡੀਕੇ ਵਿਖੇ ਇਲਾਕਾ ਭਾਰ ਦੇ ਗ਼ਦਰੀ ਮੀਟਿੰਗਾਂ ਕਰਦੇ ਸਨ ਤੇ ਮੀਟਿੰਗਾਂ ਦਾ ਪ੍ਰਬੰਧ ਮਾਸਟਰ ਫੇਰਾ ਸਿੰਘ ਹੀ ਕਰਿਆ ਕਰਦੇ ਸਨ। ਅੰਗਰੇਜ਼ੀ ਸਰਕਾਰ ਨੂੰ ਆਪ ਦੀਆਂ ਸਰਗਰਮੀਆਂ ਦਾ ਪਤਾ ਲੱਗ ਗਿਆ ਤੇ ਫਿਰ ਪੁਲੀਸ ਨੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ। ਆਪ ਨੂੰ ਦੋ ਸਾਲ ਦੀ ਸਖ਼ਤ ਸਜ਼ਾ ਹੋਈ।

ਭਾਈ ਮਹਿੰਦਰ ਸਿੰਘ

ਆਪ ਦਾ ਜਨਮ ਪਿਤਾ ਨੰਦ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ ਹੋਇਆ। ਪਿੰਡ ਦੇ ਗ਼ਦਰੀਆਂ ਦੇ ਪ੍ਰਭਾਵ ਨਾਲ ਆਪ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਗ਼ਦਰ ਪਾਰਟੀ ਵਿੱਚ ਸਰਗਰਮੀ ਨਾਲ ਭਾਗ ਲੈਣ ਕਰਕੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ। ਲਾਹੌਰ ਸਾਜਿਸ਼ ਕੇਸ ਨੰ: 2 ਅਧੀਨ ਆਪ ਨੂੰ ਤਿੰਨ ਸਾਲ ਦੀ ਸਖ਼ਤ ਸਜ਼ਾ ਹੋਈ। ਸੰਨ 1966 ਵਿਚ ਆਪ ਅਕਾਲ ਚਲਾਣਾ ਕਰ ਗਏ।

ਭਾਈ ਸੁੰਦਰ ਸਿੰਘ

ਆਪ ਦਾ ਜਨਮ ਸ. ਦੇਵਾ ਸਿੰਘ ਦੇ ਘਰ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਗ਼ਦਰ ਪਾਰਟੀ ਦੇ ਸਰਗਰਮ ਮੈਂਬਰਾਂ ਵਿੱਚੋਂ ਸਨ। ਪੁਲੀਸ ਆਪ ਨੂੰ ਬੜਾ ਖ਼ਤਰਨਾਕ ਸਮਝਦੀ ਸੀ। ਆਪ ਨੇ ਗ਼ਦਰੀ ਦੇਸ਼ ਭਗਤਾਂ ਦਾ ਬੜਾ ਸਾਥ ਦਿੱਤਾ।


ਇਨ੍ਹਾਂ ਗ਼ਦਰੀ ਦੇਸ਼ ਭਗਤਾਂ ਤੋਂ ਬਿਨਾਂ ਬਾਬਾ ਸੋਧੂ ਰਾਮ ਬੇਸ਼ੱਕ ਗ਼ਦਰ ਪਾਰਟੀ ਵਿੱਚ ਸਰਗਰਮ ਨਹੀਂ ਹੋਏ ਪਰ ਉਹ ਗ਼ਦਰ ਪਾਰਟੀ ਦੇ ਬਹੁਤ ਸਹਿਯੋਗੀ ਸਨ। ਪਿੰਡ ਢੁੱਡੀਕੇ ਦੇ ਲਾਲਾ ਸਾਈਂ ਦਾਸ ਦਾ ਵੀ ਗ਼ਦਰ ਪਾਰਟੀ ਵਿੱਚ ਜ਼ਿਕਰ ਮਿਲਦਾ ਹੈ ਪਰ ਉਸ ਦੇ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਮਿਲਦੀ। ਪਿੰਡ ਢੁੱਡੀਕੇ ਗ਼ਦਰ ਪਾਰਟੀ ਦਾ ਸਬ ਸੈਂਟਰ ਸੀ। ਇਸ ਕਰਕੇ ਪਿੰਡ ਢੁੱਡੀਕੇ ਵਿੱਚ ਗ਼ਦਰੀਆਂ ਦੀਆਂ ਵਿਸ਼ੇਸ਼ ਮੀਟਿੰਗਾਂ ਹੁੰਦੀਆਂ ਸਨ ਜਿਨ੍ਹਾਂ ਵਿਚ ਅਕਸਰ ਰੂੜ ਸਿੰਘ ਚੂਹੜਚੱਕ, ਅਰਜਣ ਸਿੰਘ ਦੌਧਰ, ਗਾਂਧਾ ਸਿੰਘ ਕੱਚਰਭੰਨ, ਇੰਦਰ ਸਿੰਘ ਸ਼ੇਖ ਦੌਲਤ, ਕਪੂਰ ਸਿੰਘ ਕਾਉਂਕੇ, ਅਰਜਣ ਸਿੰਘ ਈਨਾ ਜਗਰਾਉਂ, ਉਤਮ ਸਿੰਘ ਹਾਂਸ, ਗੁਰਮੁਖ ਸਿੰਘ ਲਲਤੋਂ, ਨੰਦ ਸਿੰਘ ਕੈਲੇ, ਚੂਹੜ ਸਿੰਘ ਲੀਲਾ, ਜਵੰਦ ਸਿੰਘ ਨੰਗਲ, ਬੀਰ ਸਿੰਘ ਬਾਹੋਵਾਲ, ਬੰਤਾ ਸਿੰਘ ਸੰਘਵਾਲ ਤੇ ਬੂਟਾ ਸਿੰਘ ਅਕਾਲਗੜ੍ਹ ਵਰਗੇ ਗ਼ਦਰੀ ਸ਼ਾਮਲ ਹੁੰਦੇ ਸਨ। ਇਹ ਮੀਟਿੰਗਾਂ ਪਾਲਾ ਸਿੰਘ ਦੇ ਖੇਤ, ਪਾਖਰ ਸਿੰਘ ਦੇ ਖੇਤ ਤੇ ਜਾਂ ਫਿਰ ਖੁੰਡੇ ਵਿੱਚ ਹੁੰਦੀਆਂ ਸਨ। ਖੁੰਡਾ ਪਿੰਡ ਦੇ ਛਿਪਦੀ ਵਾਲੇ ਪਾਸੇ ਬਹੁਤ ਸੰਘਣੇ ਰੁੱਖਾਂ ਦੀ ਇਕ ਝਿੜੀ ਸੀ ਜੋ ਕਿ ਕਈ ਘੁਮਾਵਾਂ ਵਿੱਚ ਫੈਲੀ ਹੋਈ ਸੀ। ਖੁੰਡੇ ਵਿਚੋਂ ਦਿਨ ਵੇਲੇ ਵੀ ਲੰਘਣਾ ਔਖਾ ਹੁੰਦਾ ਸੀ। ਗ਼ਦਰੀ ਏਥੇ ਛੁਪ ਕੇ ਮੀਟਿੰਗਾਂ ਕਰ ਲੈਂਦੇ ਸਨ।

ਮਾਣ ਸਨਮਾਨ

ਬਾਬਾ ਪਾਲਾ ਸਿੰਘ ਖੁਦਦਾਰ ਆਦਮੀ ਸਨ। ਘਰ ਦੀ ਤੰਗੀ ਕੱਟ ਲਈ। ਅੰਗਰੇਜ਼ੀ ਸਰਕਾਰ ਦਾ ਤਸ਼ੱਦਦ ਸਹਿ ਲਿਆ ਪਰ ਕਿਸੇ ਅੱਗੇ ਸਿਰ ਨਹੀਂ ਝੁਕਾਇਆ। ਉਨ੍ਹਾਂ ਨੇ ਆਪਣੀ ਪੈਨਸ਼ਨ ਵੀ ਸਾਥੀਆਂ ਦੇ ਜ਼ਿਆਦਾ ਕਹਿਣ ਨਾਲ ਲਵਾਈ ਸੀ। ਇੱਕ ਵਾਰ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਹੁੰਦਿਆਂ ਪਿੰਡ ਢੁੱਡੀਕੇ ਆਏ ਸਨ। ਉਨ੍ਹਾਂ ਨੇ ਬਾਬਾ ਪਾਲਾ ਸਿੰਘ ਨੂੰ ਉਚੇਚਾ ਤੌਰ ਤੇ ਬੁਲਾ ਕੇ ਸਨਮਾਨਿਤ ਕੀਤਾ ਤੇ ਉਨ੍ਹਾਂ ਦੀ ਪੈਨਸ਼ਨ 30 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੀ। ਗਿਆਨੀ ਜ਼ੈਲ ਸਿੰਘ ਦੇਸ਼ ਦੇ ਰਾਸ਼ਟਰਪਤੀ ਬਣ ਗਏ। ਇੱਕ ਵਾਰ ਉਨ੍ਹਾਂ ਨੇ ਬਹੁਤ ਸਾਰੇ ਗ਼ਦਰੀਆਂ ਨੂੰ ਅੰਮ੍ਰਿਤਸਰ ਬੁਲਾ ਲਿਆ। ਬਾਬਾ ਪਾਲਾ ਸਿੰਘ ਨੂੰ ਵੀ ਬੁਲਾਇਆ ਗਿਆ। ਗਿਆਨੀ ਜੀ ਨੇ ਸਾਰੇ ਗ਼ਦਰੀਆਂ ਦੀ ਪੈਨਸ਼ਨ 500 ਤੋਂ ਵਧਾ ਕੇ 1000 ਰੁਪਏ ਮਹੀਨਾ ਕਰ ਦਿੱਤੀ। ਬਾਬਾ ਪਾਲਾ ਸਿੰਘ ਨੇ ਨਾਂਹ ਨੁੱਕਰ ਕਰਦਿਆਂ ਪੈਨਸ਼ਨ ਸਵੀਕਾਰ ਕੀਤੀ। ਇਸ ਪਿੱਛੋਂ ਜਨਰਲ ਮੋਹਨ ਸਿੰਘ ਨੇ ਸੰਤ ਪਰੇਮ ਸਿੰਘ ਤੇ ਸੁੱਚਾ ਸਿੰਘ ਰੋਡੇ ਦੇ ਨਾਲ ਬਾਬਾ ਪਾਲਾ ਸਿੰਘ ਨੂੰ ਮੋਗੇ ਵਿੱਚ ਸਨਮਾਨਿਤ ਕੀਤਾ। ਇਸ ਦਿਨ ਪਾਲਾ ਸਿੰਘ ਬਹੁਤ ਖੁਸ਼ ਸਨ। ਉਹ ਲੋਕਾਂ ਦੇ ਪਿਆਰ ਸਤਿਕਾਰ ਨੂੰ ਜ਼ਿਆਦਾ ਮਹੱਤਵ ਦਿੰਦੇ ਸਨ। ਆਖਰੀ ਸਾਹਾਂ ਤੱਕ ਉਹ ਆਪਣੇ ਵਿਚਾਰਾਂ ਵਿੱਚ ਪਰਪੱਕ ਰਹੇ।



ਸਾਧੂ ਸਿੰਘ ਦੇ ਸਪੁੱਤਰ ਪ੍ਰੀਤਮ ਸਿੰਘ ਤੇ ਉਸ ਦਾ ਪਰਿਵਾਰ



ਸਾਧੂ ਸਿੰਘ ਦੇ ਸਪੁੱਤਰ ਰਣਜੀਤ ਸਿੰਘ ਤੇ ਉਸ ਦਾ ਪਰਿਵਾਰ



ਸਾਧੂ ਸਿੰਘ ਦੇ ਸਪੁੱਤਰ ਸੁਰਜੀਤ ਸਿੰਘ ਅਤੇ ਉਸ ਦਾ ਪਰਿਵਾਰ



ਲੇਖਕ

ਗ਼ਦਰ ਪਾਰਟੀ ਦਾ ਇਤਿਹਾਸ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਭਾਰਤ ਦੇ ਅਜ਼ਾਦੀ ਸੰਗਰਾਮ ਦਾ ਅਸਲੀ ਇਤਿਹਾਸ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਪਿਆ ਹੈ। ਅਜ਼ਾਦੀ ਸੰਗਰਾਮ ਦਾ ਇਹ ਅਣਗੌਲਿਆ ਪੱਖ ਹੈ ਜਿਹੜਾ ਕਿ ਹਰ ਹਾਲਤ ਵਿੱਚ ਲੋਕਾਂ ਤੱਕ ਪੁੱਜਣਾ ਚਾਹੀਦਾ ਹੈ। ਗ਼ਦਰੀ ਬਾਬੇ ਭਾਰਤ ਦੇ ਅਸਲੀ ਦੇਸ਼ ਭਗਤ ਸਨ ਜਿਹੜੇ ਕੁਰਬਾਨੀਆਂ ਦੇ ਕੇ ਇਸ ਦੁਨੀਆਂ ਤੋਂ ਚਲੇ ਗਏ ਪਰ ਕੀ ਦੇਸ਼ ਦੇ ਜਾਗਦੀ ਜ਼ਮੀਰ ਵਾਲੇ ਲੋਕਾਂ ਦਾ ਇਹ ਫਰਜ਼ ਨਹੀਂ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ। ਗ਼ਦਰੀ ਦੇਸ਼ ਭਗਤਾਂ ਨੇ ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਵਿੱਚ ਸਾਲਾਂਬੱਧੀ ਬੇਹੱਦ ਕਸ਼ਟਦਾਇਕ ਤੇ ਦਿਲਾਂ ਨੂੰ ਕੰਬਾ ਦੇਣ ਵਾਲੀਆਂ ਸਜ਼ਾਵਾਂ ਕੱਟੀਆਂ ਪਰ ਆਪਣੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਵੱਟਿਆ।

...ਇਸੇ ਕਿਤਾਬ 'ਚੋਂ

1-2 Desh Bhagat Yadgar Hall, Jalandhar
Punjab, India
Phone : 98140-87063
5aabparkashan@gmail.com
www.5aabparkashan.com

ISBN : 978-93-82413-51-6

₹ 100